125

(30)

(11)

ಸಾಹಿತಿ ಮಾಗಿ

(سرخرائی یوسف

भैलाधी माणिक मठा

नेमु

ਲੜਾਈ ਨਹੀਂ

ਪ੍ਰਿੰਟਰ : ਨਵਯੁਗ ਪ੍ਰੈਸ, ਚਾਂਦਨੀ ਚੌਕ ਦਿੱਲੀ।
ਪਬਲਿਸ਼ਰ : ਅਤਰ ਚੰਦ ਕਪੂਰ ਐਂਡ ਸਨਜ਼, ਦਿੱਲੀ।

ਲੜਾਈ ਨਹੀਂ

ਕਰਤਾਰ ਸਿੰਘ ਦੁੱਗਲ

★

ਅਤਰ ਚੰਦ ਕਪੂਰ ਐਂਡ ਸਨਜ਼
ਅੰਬਾਲਾ ਦਿੱਲੀ ਆਗਰਾ ਜੈਪੁਰ ਨਾਗਪੁਰ

ਇਸ ਕਰਤਾ ਦੀਆਂ ਕੁਝ ਕਿਤਾਬਾਂ

ਕਹਾਣੀਆਂ : ਸਵੇਰ ਸਾਰ, ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਅਗ ਖਾਣ ਵਾਲੇ, ਡੰਗਰ, ਕੱਚਾ ਦੁਧ, ਨਵਾਂ ਘਰ, ਨਵਾਂ ਆਦਮੀ, ਲੜਾਈ ਨਹੀਂ, ਫੁਲ ਤੋੜਨਾ ਮਨ੍ਹਾ ਹੈ।

ਨਾਵਲ : ਆਂਦਰਾਂ, ਨਹੁੰ ਤੇ ਮਾਸ।

ਕਵਿਤਾ : ਕੰਢੇ ਕੰਢੇ।

ਨਾਟਕ : ਇਕ ਸਿਫ਼ਰ ਸਿਫ਼ਰ, ਤਿੰਨ ਨਾਟਕ, ਪੁਰਾਣੀਆਂ ਬੋਤਲਾਂ, ਸਤ ਨਾਟਕ।

ਪੜਚੋਲ : ਨਵੀਂ ਪੰਜਾਬੀ ਕਵਿਤਾ।

ਸੂਚੀ

੧. ਇਕੋਤਰ ਸੌ ਕਹਾਣੀਆਂ	੯
੨. ਲੜਾਈ ਨਹੀਂ	੧੭
੩. ਸ਼ਾਮ ਸੁੰਦਰ	੨੭
੪. ਖੱਟੀ ਲੱਸੀ	੪੩
੫. ਟੋਏ ਟਿੱਬੇ	੫੭
੬. ਭੈਣ ਦਾ ਭਰਾ	੭੩
੭. ਬੇਜੀ ਵਡੇ	੮੫
੮. ਤਾਈ ਪਾਰਬਤੀ	੯੫

੯. ਪਰਦੇਸੀ	੧੦੯
੧੦. ਮਾਵੀਂ ਰਾਮ ਪਿਆਰੀ	੧੨੩
੧੧. ਬਿਹਾਰੀ	੧੩੨
੧੨. ਇਨਸਾਨੀਅਤ	੧੪੫
੧੩. ਪਿਉ--ਪੁੱਤਰ	੧੫੩

ਇਕੋਤਰ ਸੌ ਕਹਾਣੀਆਂ

ਇਸ ਸੰਗ੍ਰਹਿ ਨਾਲ ਮੈਂ ਪੰਜਾਬੀ ਪਾਠਕਾਂ ਨੂੰ ਇਕ ਉਤੇ ਸੌ ਕਹਾਣੀਆਂ ਦੇ ਦੁਕਾ ਹੋਵਾਂਗਾ। ਇਹ ਕਹਾਣੀਆਂ ਸਵੇਰ ਸਾਰ, ਪਿੱਪਲ-ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਅਗ ਖਾਣ ਵਾਲੇ, ਡੰਗਰ (ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ) ਨਵਾਂ ਘਰ, ਨਵਾਂ ਆਦਮੀ (ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ) ਕੱਚਾ ਦੁੱਧ, ਲੜਾਈ ਨਹੀਂ (ਅੱਤਰ ਚੰਦ ਕਪੂਰ ਐਂਡ ਸਨਜ਼, ਦਿਲੀ) ਨਾਂ ਦੇ ਕਹਾਣੀ-ਸੰਗ੍ਰਹਿਵਾਂ ਵਿੱਚ ਸ਼ਾਮਲ ਹਨ। ਤਿੰਨ ਕਹਾਣੀਆਂ ਪੰਜ ਦਰਿਆ ਆਦਿ ਕੁਝ ਪੰਜਾਬੀ ਰਿਸਾਲਿਆਂ ਵਿੱਚ ਸ਼ੁਰੂ ਸ਼ੁਰੂ ਵਿੱਚ ਛਪੀਆਂ ਸਨ, ਉਨ੍ਹਾਂ ਨੂੰ ਅਜੇ ਤੀਕ ਕਿਸੇ ਸੰਗ੍ਰਹਿ ਵਿੱਚ ਸੰਭਾਲਿਆ ਨਹੀਂ ਗਿਆ। ਇਨ੍ਹਾਂ ਇਕ ਸੌ ਇਕ ਕਹਾਣੀਆਂ ਤੋਂ ਇਲਾਵਾ ਮੇਰੇ ਕੋਲ ਇਸ ਵੇਲੇ ਕੋਈ ਇਕ ਦਰਜਨ ਸਜਰੀਆਂ ਲਿਖੀਆਂ, ਅਣਛਪੀਆਂ ਕਹਾਣੀਆਂ ਵੀ ਹਨ ਜਿਨ੍ਹਾਂ ਨੂੰ ਮੈਂ 'ਫੁਲ ਤੋੜਨਾ ਮਨ੍ਹਾ ਹੈ' ਨਾਂ ਦੇ ਸੰਗ੍ਰਹਿ ਵਿੱਚ ਆਪਣੇ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕਰ ਰਿਹਾ ਹਾਂ। 'ਲੜਾਈ ਨਹੀਂ' ਨਾਂ ਦਾ ਇਹ ਸੰਗ੍ਰਹਿ ਇਕੋਤਰ ਸੌ ਕਹਾਣੀਆਂ ਦੀ ਹਦਬੰਦੀ ਕਰਦਾ ਹੈ।

ਮੈਂ ਪੰਜਾਬੀ ਵਿੱਚ ਕਵਿਤਾ ਵੀ ਕਹੀ ਹੈ ਤੇ ਕਈ ਲੋਕ ਕਹਿੰਦੇ ਹਨ ਮੈਂ ਅਜੇ ਤੀਕ ਪਹਿਲੇ ਇਕ ਕਵੀ ਹਾਂ ਤੇ ਫੇਰ ਹੋਰ ਕੁਝ। ਮੈਂ ਪੰਜਾਬੀ ਵਿੱਚ ਨਾਵਲ ਵੀ ਲਿਖੇ ਹਨ ਤੇ ਕਈ ਲੋਕਾਂ

ਦੀ ਜਾਚੋਂ ਪੰਜਾਬੀ ਵਿੱਚ ਇਨ੍ਹਾਂ ਕ੍ਰਿਤੀਆਂ ਦੀ ਵਿਸ਼ੇਸ਼ ਥਾਂ ਹੈ। ਮੇਰੇ ਨਾਟਕਾਂ ਨੂੰ ਸ਼ੁਰੂ ਤੋਂ ਹੀ ਸਤਿਕਾਰ ਮਿਲਦਾ ਰਿਹਾ ਹੈ, ਕਿਤਾਬੀ ਸ਼ਕਲ ਵਿੱਚ ਵੀ, ਰੇਡੀਓ ਤੇ ਵੀ, ਸਟੇਜ ਤੇ ਵੀ। ਪਰ ਕੁਝ ਚਿਰ ਤੋਂ ਕਹਾਣੀ ਕਲਾ ਵਲ ਮੇਰੀ ਰੁਚੀ ਵਧੇਰੇ ਰਹੀ ਹੈ।

ਅਜ ਕਲ ਦੇ ਸਾਹਿਤਕ ਯੁਗ ਨੂੰ ਕਹਾਣੀ ਦਾ ਯੁਗ ਮੰਨਿਆਂ ਜਾਂਦਾ ਹੈ। ਪੱਛਮ ਵਿੱਚ ਵੀ ਜਿਹੜੀ ਥਾਂ ਕਦੀ ਨਾਵਲ ਨੂੰ ਪ੍ਰਾਪਤ ਸੀ ਅਜ ਕਲ ਉਹ ਕਹਾਣੀ ਨੇ ਮੱਲ ਲਈ ਹੈ। ਇਥੋਂ ਤੀਕ ਕਿ ਕਵਿਤਾ ਦੇ ਮੁਕਾਬਲੇ ਵਿੱਚ ਵੀ ਅਕਸਰ ਪਾਠਕ ਕਹਾਣੀ ਨੂੰ ਤਰਜੀਹ ਦਿੰਦੇ ਹਨ। ਤੇ ਅਜਕਲ ਦੀ ਕਹਾਣੀ ਕਵਿਤਾ ਵਰਗੀ ਨਾਜ਼ਕ ਚੀਜ਼ ਬਣ ਗਈ ਹੈ। ਕਹਾਣੀ ਕਾਰ ਲਈ ਕਵੀ ਵਰਗਾ ਕੋਮਲ ਦਿਲ, ਕਵੀ ਵਰਗੀ ਸ਼ਬਦ ਸੂਝ, ਕਵੀ ਵਰਗਾ ਸੰਖੇਪ ਬਿਆਨ ਉਚਿਤ ਹੋ ਗਿਆ ਹੈ।

ਅਜ ਕਲ ਦੀਆਂ ਕਾਮਯਾਬ ਕਹਾਣੀਆਂ ਪੜ੍ਹ ਕੇ ਮੈਂ ਅਕਸਰ ਇਨ ਬਿਨ ਇੰਝ ਹਲੂਣਿਆਂ ਜਾਂਦਾ ਹਾਂ ਜਿਵੇਂ ਕਵਿਤਾ ਕਦੀ ਮੈਨੂੰ ਹਲੂਣ ਸਕੀ ਹੈ। ਤੇ ਕਈ ਵਾਰ ਮੈਂ ਆਪ ਕਿਸੇ ਮਜ਼ਮੂਨ ਤੇ ਕਹਾਣੀ ਲਿਖਦਾ ਲਿਖਦਾ ਉਸ ਖ਼ਿਆਲ ਨੂੰ ਕਵਿਤਾ ਵਿੱਚ ਬੰਨ੍ਹ ਛਡਦਾ ਹਾਂ; ਕਈ ਵਾਰ ਕਵਿਤਾ ਲਈ ਸੁਝੀ ਕਿਸੇ ਚੀਜ਼ ਤੇ ਕਹਾਣੀ ਲਿਖੀ ਜਾਂਦੀ ਹੈ। 'ਨਸੀਮ ਬਾਗ਼ ਵਿੱਚ' ਤੇ 'ਕਾਫ਼ੀ ਹਾਊਸ' ਦੋ ਮੇਰੀਆਂ ਮਸ਼ਹੂਰ ਕਵਿਤਾਵਾਂ ਹਨ, ਮੈਂ ਸੋਚਦਾ ਹਾਂ, ਇਹ ਮਜ਼ਮੂਨ ਕਹਾਣੀਆਂ ਵਿੱਚ ਵੀ ਇਸੇ ਹੀ ਖ਼ੂਬੀ ਨਾਲ ਬਿਆਨ ਕੀਤੇ ਜਾ ਸਕਦੇ ਹਨ। ਤੇ ਮੈਂ ਮੰਨਦਾ ਹਾਂ 'ਵੱਢ

(ਗਾਂਧੀ)

ਵਿਚ ਇਕ ਸਵੇਰ' 'ਨਵਾਂ ਘਰ,' 'ਲੜਾਈ ਨਹੀਂ', ਆਦਿ ਕਈ ਮੇਰੀਆਂ ਕਹਾਣੀਆਂ ਗਿਣਵਾਈਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਪੜ੍ਹਕੇ ਸ਼ਾਇਦ ਪਾਠਕ ਨੂੰ ਕਵਿਤਾ ਵਰਗਾ ਸੁਆਦ ਆ ਜਾਵੇ।

ਤੇ ਮੇਰੇ ਨਾਵਲਾਂ ਬਾਬਤ ਇਕ ਤੋਂ ਵਧੀਕ ਸਾਹਿਤ-ਕਾਰਾਂ ਨੇ ਲਿਖਿਆ ਹੈ ਕਿ ਇਨ੍ਹਾਂ ਦਾ ਹਰ ਕਾਂਡ ਆਪਣੇ-ਆਪ ਵਿੱਚ ਇਕ ਕਹਾਣੀ ਬਣ ਕੇ ਰਹਿ ਜਾਂਦਾ ਹੈ। ਇਨ੍ਹਾਂ ਨਾਵਲਾਂ ਦੇ ਹਿੰਦੀ ਉਲਥੇ ਹੋਏ ਹਨ। ਤੇ ਹਿੰਦੀ ਵਾਲਿਆਂ ਨੇ ਵੀ ਇਸ ਗੱਲ ਨੂੰ ਮਹਿਸੂਸ ਕੀਤਾ ਹੈ।

ਮੇਰੀ ਕਹਾਣੀ 'ਤੂੰ ਖਾ' ਨੂੰ ਮੈਂ 'ਸ਼ਰਨਾਰਥੀ' ਨਾਂ ਦੇ ਇਕਾਂਗੀ ਵਿੱਚ ਢਾਲਿਆ ਹੈ। ਨਾਟਕੀ ਰੂਪ ਵਿੱਚ ਬੁੱਢੇ ਸ਼ਰਨਾਰਥੀ ਦਾ ਪਾਤਰ, ਮੇਰੀ ਜਾਚੇਂ, ਉਸੇ ਹੀ ਤੀਖਣਤਾ ਨਾਲ ਰੂਪਮਾਨ ਹੋਇਆ ਹੈ ਜਿਵੇਂ ਮੁਢਲੀ ਕਹਾਣੀ ਵਿੱਚ, ਤੇ 'ਤੂੰ ਖਾ' ਨਾਂ ਦੀ ਕਹਾਣੀ ਮੇਰੀ ਬਹੁਤ ਵਧੀਆ ਕਹਾਣੀਆਂ ਵਿੱਚੋਂ ਹੈ। 'ਕਹਾਣੀ ਕਿਵੇਂ ਬਣੀ' ਨਾਂ ਦੀ ਨਵਾਂ ਆਦਮੀ ਵਿੱਚ ਛਪੀ ਕਹਾਣੀ ਮੈਨੂੰ ਜਦੋਂ ਸੁੱਝੀ, ਇਕਾਂਗੀ ਦਾ ਮਜ਼ਮੂਨ ਬਣਕੇ ਆਈ। ਉਨ੍ਹਾਂ ਦਿਨਾਂ ਵਿੱਚ ਮੈਂ ਕਹਾਣੀਆਂ ਲਿਖ ਰਿਹਾ ਸਾਂ, ਮੈਂ ਇਸ ਨੂੰ ਕਹਾਣੀ ਦੇ ਰੂਪ ਵਿੱਚ ਢਾਲ ਲਿਆ। ਪਰ ਇਸ ਵਿੱਚ ਦਾ ਨਾਟਕੀ ਵਿਅੰਗ ਮੈਨੂੰ ਮੁੜ ਮੁੜ ਤੰਗ ਕਰਦਾ ਰਿਹਾ ਤੇ ਕੁਝ ਚਿਰ ਹੋਇਆ ਮੈਂ ਇਸ ਕਹਾਣੀ ਨੂੰ ਇਕਾਂਗੀ ਦਾ ਰੂਪ ਦਿੱਤਾ ਹੈ। ਇਸ ਨਾਟਕ ਦਾ ਹਿੰਦੀ ਉਲਥਾ ਦਿੱਲੀ ਤੋਂ ਇਕ ਤੋਂ ਵਧੀਕ ਵਾਰ ਬ੍ਰਾਡਕਾਸਟ ਹੋ ਚੁਕਾ ਹੈ, ਪੰਜਾਬੀ ਰੂਪ ਵਿੱਚ ਜਲੰਧਰ ਰੇਡੀਓ ਸਟੇਸ਼ਨ ਇਸ ਨੂੰ ਕਰ ਚੁਕਾ ਹੈ। ਕਈ ਲੋਕ ਕਹਿੰਦੇ ਹਨ 'ਕਹਾਣੀ

ਕਵੇਂ ਬਣੀ' ਨਾਂ ਦੀ ਕਹਾਣੀ ਵਧੀਆ ਹ, ਕਈ ਲੋਕ ਕਹਿੰਦੇ ਹਨ, 'ਕਹਾਣੀ ਕਿਵੇਂ ਬਣੀ' ਨਾਂ ਦਾ ਨਾਟਕ ਵਧੀਆ ਹੈ।

ਸੋ ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਮੈਂ ਕਹਾਣੀ ਲਿਖ ਰਿਹਾ ਕਵੀ ਹਾਂ ਤੇ ਕਵਿਤਾ ਕਹਿ ਰਿਹਾ ਇਕ ਕਹਾਣੀ-ਲੇਖਕ। ਤੇ ਇਹੀ ਕੁਝ ਸ਼ਾਇਦ ਸਚ ਹੈ ਮੇਰੇ ਕਾਮਯਾਬ ਨਾਟਕਾਂ ਬਾਬਤ। ਖਾਸ ਕਰ ਜਿਹੜੀਆਂ ਚੀਜ਼ਾਂ 'ਤਿੰਨ ਨਾਟਕ' ਨਾਂ ਦੇ ਮੇਰੇ ਸੰਗ੍ਰਹਿ ਵਿੱਚ ਛਪੀਆਂ ਹਨ ਜਾਂ "ਸਤ ਨਾਟਕ" ਨਾਂ ਦੇ ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਸ਼ਾਇਦ ਕਈ ਲੋਕ ਇਹ ਕਹਿਣ ਕਿ ਮੇਰੇ ਵਿੱਚ ਦਾ ਕਹਾਣੀਕਾਰ ਇਤਨਾ ਪ੍ਰਬੱਲ ਹੈ ਕਿ ਮੇਰੀ ਹਰ ਕ੍ਰਿਤੀ ਤੇ ਉਹ ਆਪਣੀ ਛਾਪ ਅਵੱਸ਼ ਤੌਰ ਤੇ ਲਾ ਦਿੰਦਾ ਹੈ। ਮੈਂ ਸੋਚਦਾ ਹਾਂ ਕਿ ਕਹਾਣੀ ਲੇਖਕ ਦੇ ਤੌਰ ਤੇ ਮੈਂ ਕਾਮਯਾਬ ਇਸ ਲਈ ਹਾਂ ਕਿ ਮੈਂ ਇਕ ਕਵੀ ਹਾਂ, ਮੈਂ ਇਕ ਨਾਟਕਕਾਰ ਹਾਂ। ਕਹਾਣੀ ਦੇ ਵਿਸ਼ੇ ਦੀ ਚੋਣ ਵਿੱਚ ਮੈਂ ਇਕ ਕਵੀ ਵਾਲੀ ਨਜ਼ਾਕਤ ਆਪਣੇ ਦ੍ਰਿਸ਼ਟੀਕੋਣ ਵਿੱਚ ਨੀਯਤ ਕਰ ਲੈਂਦਾ ਹਾਂ, ਤੇ ਕਹਾਣੀ ਲਿਖਣ ਵਿੱਚ ਜੋ ਕੁਝ ਮੈਂ ਦਰਸਾਣਾ ਹੁੰਦਾ ਹੈ ਉਹਨੂੰ ਨਾਟਕੀ ਢੰਗ ਨਾਲ ਇੰਝ ਕਹਿੰਦਾ ਹਾਂ ਕਿ ਉਹ ਸਭ ਕੁਝ ਉਭਰ ਕੇ, ਉਮੂਲ ਕੇ ਆਪਣੇ ਸਮੂਹ ਵਿਸਥਾਰਾਂ ਸਹਿਤ ਸਪੱਸ਼ਟ ਹੋ ਜਾਂਦਾ ਹੈ।

ਸਾਡੇ ਦੇਸ ਵਿੱਚ ਅਨਪੜ੍ਹਤਾ ਬਹੁਤ ਹੈ। ਬਹੁਤੇ ਲੋਕ ਤੇ ਪੜ੍ਹੇ ਹੋਏ ਹੀ ਨਹੀਂ। ਤੇ ਜਿਹੜੇ ਪੜ੍ਹੇ ਹੋਏ ਹਨ ਉਹ ਪੜ੍ਹਦੇ ਘਟ-ਵਧ ਹੀ ਹਨ। ਜਿਹੜੇ ਪੜ੍ਹਦੇ ਹਨ ਉਨ੍ਹਾਂ ਵਿੱਚ ਬਹੁਤ ਥੋੜ੍ਹੇ ਹਨ ਜਿਨ੍ਹਾਂ ਵਿੱਚ ਟੱਬ ਦਾ ਭਰ ਹੋਵੇ। ਕਿਸੇ ਦੀ

ਮਰਜ਼ੀ ਹੁੰਦੀ ਹੈ ਕਿਸੇ ਨੂੰ ਦੁਨੀਆਂ ਭਰ ਦੇ ਵਧੀਆ ਲਿਖਾਰੀਆਂ ਵਿਚੋਂ ਇਕ ਮੰਨ ਲੈਂਦਾ ਹੈ, ਤੇ ਕੁਝ ਚਿਰ ਬਾਅਦ ਉਹੀ ਸਜਨ ਕੇਵਲ ਜ਼ਬਾਨੀ ਹੀ ਨਹੀਂ, ਆਪਣੀ ਉਸੇ ਕਲਮ ਨਾਲ ਆਪਣੀ ਰਾਏ ਨੂੰ ਲਿਖਦਾ ਤੇ ਅਖ਼ਬਾਰਾਂ ਵਿੱਚ ਛਪਵਾਂਦਾ ਮੈਂ ਵੇਖਿਆ ਹੈ ਕਿ ਫਲਾਣਾ ਲਿਖਾਰੀ ਘਟੀਆ ਹੈ, ਅਨਾੜੀ ਹੈ, ਕਿਸੇ ਕੰਮ ਦਾ ਨਹੀਂ । ਆਖ਼ਰ ਇਹ ਕਿਉਂ ?

ਲਿਖਾਰੀ ਦੇ ਤੌਰ ਤੇ ਮੈਂ ਇਨ੍ਹਾਂ ਗੱਲਾਂ ਦੀ ਬਹੁਤ ਘਟ ਪ੍ਰਵਾਹ ਕਰਦਾ ਹਾਂ । ਨਾਲੇ ਮੈਨੂੰ ਤੇ ਹਮੇਸ਼ ਮੇਰੇ ਹਕ ਤੋਂ ਜ਼ਿਆਦਾ ਪ੍ਰਸੰਸਾ ਮਿਲਦੀ ਰਹੀ ਹੈ । ਮੈਨੂੰ ਇਸ ਗੱਲ ਦਾ ਘਟੋ-ਘਟ ਨਿਸਚਾ ਹੈ ਕਿ ਜਿਸ ਚੀਜ਼ ਨੂੰ ਨਿਕੀ-ਕਹਾਣੀ ਕਹਿੰਦੇ ਹਨ ਉਸ ਦੀ ਮੈਨੂੰ ਕੁਝ-ਨ-ਕੁਝ ਪਛਾਣ ਹੈ । ਮੈਂ ਦੁਨੀਆਂ ਭਰ ਦੀਆਂ ਵਧੀਆ ਕਹਾਣੀਆਂ ਪੜ੍ਹੀਆਂ ਹਨ ਤੇ ਦੇਸ਼ ਬਦੇਸ਼ ਦੀਆਂ ਨਵੀਨਤਰ ਕਹਾਣੀਆਂ ਵੀ ਮੇਰੀ ਨਜ਼ਰ ਹੇਠੋਂ ਗੁਜ਼ਰਦੀਆਂ ਰਹਿੰਦੀਆਂ ਹਨ । ਤੇ ਜਿਹੜੀਆਂ ਕਹਾਣੀਆਂ ਮੈਂ ਅਜ ਪੇਸ਼ ਕਰ ਰਿਹਾ ਹਾਂ, ਮੈਨੂੰ ਭਰੋਸਾ ਹੈ, ਅਜੇਹੀਆਂ ਨਹੀਂ ਜਿਨ੍ਹਾਂ ਲਈ ਮੈਨੂੰ ਸ਼ਰਮਿੰਦਾ ਹੋਣਾ ਪਵੇ। ਮੈਂ ਆਪਣੇ ਪਾਠਕਾਂ ਨੂੰ ਯਕੀਨ ਦਿਵਾਂਦਾ ਹਾਂ ।

ਅਜ ਦੀ ਦੁਨੀਆਂ ਕਈ ਧੜਿਆਂ ਵਿੱਚ ਵਟੀ ਹੋਈ ਹੈ। ਤੇ ਇਹ ਧੜੇਬਾਜ਼ ਕਲਾਕਾਰਾਂ ਨੂੰ ਵੀ, ਲਿਖਾਰੀਆਂ ਨੂੰ ਵੀ ਆਪਣੀ ਲਪੇਟ ਵਿਚ ਲਈ ਫਿਰਦੇ ਹਨ । ਮੇਰੀ ਜਾਚੇ ਇਹ ਠੀਕ ਨਹੀਂ । ਕਲਾਕਾਰ ਦਾ ਧਰਮ 'ਸੱਚ' ਹੁੰਦਾ ਹੈ—ਇਕ ਧੜੇ ਦਾ ਸੱਚ ਨਹੀਂ – ਨਿਰੋਲ, ਕਦੀਮੀ, ਅਮਰ ਸੱਚ, ਉਹ ਸੱਚ ਜਿਸ ਲਈ ਗੁਰੂ ਨਾਨਕ ਨੇ ਰਬ ਨੂੰ ਵੰਗਾਰਿਆ ਸੀ,

'ਏਤੀ ਮਾਰ ਪਈ ਕੁਰਲਾਣੇਂ ਤੈਂ ਕੀ ਦਰਦ ਨ ਆਇਆ ?' ਜੇ ਕੋਈ ਕਲਾਕਾਰ ਕੇਵਲ ਉਹੀ ਕੁਝ ਕਹਿੰਦਾ ਹੈ ਜੋ ਕੁਝ ਉਹਨੂੰ ਕਹਿਣ ਲਈ ਕਿਹਾ ਜਾਂਦਾ ਹੈ, ਤੇ ਉਹ ਕੁਝ ਨਹੀਂ ਕਹਿ ਸਕਦਾ ਜੋ ਉਸਦੇ ਧੜੇ ਦੇ ਅਨੁਕੂਲ ਨਹੀਂ ਤਾਂ ਉਹ ਕਲਾਕਾਰ ਆਪਣੇ ਨਾਲ ਵੀ ਜ਼ਿਆਦਤੀ ਕਰ ਰਿਹਾ ਹੁੰਦਾ ਹੈ, ਆਪਣੇ ਪ੍ਰਸ਼ੰਸਕਾਂ ਨਾਲ ਵੀ। ਇਹ ਵਖਰੀ ਗੱਲ ਹੈ ਕਿ ਕਈ ਵਾਰ ਇਕ ਕਲਾਕਾਰ ਦਾ ਦ੍ਰਿਸ਼ਟੀ ਕੋਨ ਕਿਸੇ ਧੜੇ ਦੇ ਦ੍ਰਿਸ਼ਟੀ ਕੋਨ ਨਾਲ ਮੇਲ ਖਾ ਜਾਂਦਾ ਹੈ। ਸੋ 'ਸੋਸ਼ਲਿਸਟ ਕਵੀ, 'ਪੂੰਜੀਵਾਦੀ ਨਾਵਲਕਾਰ', 'ਗਾਂਧੀਵਾਦੀ ਕਹਾਣੀ ਲਖਕ' ਮੈਨੂੰ ਹਾਸੋ-ਹੀਣੇ ਨਾਂ ਜਾਪਦੇ ਹਨ। ਤੇ ਇੰਝ ਕਿਸੇ ਕਲਾਕਾਰ ਦਾ ਕਿਸੇ ਇਕ-ਇਕੱਲੇ ਵਾਦ ਨਾਲ ਆਪਣੇ-ਆਪ ਨੂੰ ਅਭੇਦ ਕਰ ਲੈਣਾ, ਤੇ ਜੋ ਕੁਝ ਉਤੋਂ ਹੁਕਮ ਨਾਮਾ ਆਏ ਅਨੁਸਾਰ ਉਸ ਤੇ ਕਲਮ ਉਠਾ ਲੈਣਾ, ਜਾਂ ਜੋ ਕੁਝ ਲਿਖਣਾ ਉਸਨੂੰ ਇਕੋ ਹੀ ਰੰਗ ਵਿੱਚ ਰੰਗੀਜਦੇ ਜਾਣਾ, ਕਈ ਕਲਾਕਾਰਾਂ ਨੂੰ ਖਾ ਚੁਕਾ ਹੈ। ਸਾਡੇ ਦੇਸ਼ ਵਿੱਚ ਵੀ ਕਈ ਇਸ ਤਰ੍ਹਾਂ ਦੇ ਹਾਦਸੇ ਹੋਏ ਹਨ।

ਮੇਰੇ ਕਹਿਣ ਦਾ ਇਹ ਮਤਲਬ ਨਹੀਂ ਕਿ ਜ਼ਰੂਰ ਹੀ ਕੋਈ ਕਲਾਕਾਰ ਨਿਵੇਕਲਾ ਰਹਿਕੇ, ਆਜ਼ਾਦ ਰਹਿ ਕੇ, ਖੁਦ-ਮੁਖ਼ਤਿਆਰ ਰਹਿ ਕੇ ਉੱਚਾ ਆਰਟ ਪੈਦਾ ਕਰ ਸਕਦਾ ਹੈ। ਮੇਰਾ ਮਤਲਬ ਹੈ ਕਿ ਜੇ ਕੋਈ ਕਲਾਕਾਰ ਕਿਸੇ ਧੜੇ ਨਾਲ ਸਬੰਧਤ ਹੁੰਦਾ ਹੈ ਤਾਂ ਉਸ ਧੜੇ ਦਾ ਨਿਜ਼ਾਮ ਉਸ ਪਾਬੰਦੀ ਨਾਲ ਇਕ ਕਲਾਕਾਰ ਤੇ ਨਹੀਂ ਲਾਗੂ ਹੋਣਾ ਚਾਹੀਦਾ ਜਿਤਨਾ ਬਾਕੀ ਉਸ ਧੜੇ ਦੇ ਰੁਕਨਾਂ ਤੇ ਹੁੰਦਾ ਹੈ। ਕਈ ਵਾਰ ਇਸ ਤਰ੍ਹਾਂ ਦੀਆਂ ਬੰਦਸ਼ਾਂ ਕਲਾਕਾਰ ਆਪ ਆਪਣੇ

ਉਤੇ ਲਾ ਲੈਂਦਾ ਹੈ। ਇਹ ਗੱਲ ਵੀ ਮੇਰੀ ਜਾਚੇਂ ਨਿਰੋਈ ਕਲਾ ਦੀ ਉਤਪਤੀ ਲਈ ਸਹਾਇਕ ਨਹੀਂ ਹੁੰਦੀ।

ਆਦਰਸ਼ਕ ਗੱਲ ਇਹ ਹੈ ਕਿ ਇਕ ਦੇਸ਼ ਦੇ ਕਲਾਕਾਰ ਉਸ ਦੇਸ਼ ਦੇ ਰਾਜਨੀਤਕ ਧੜਿਆਂ ਤੋਂ ਲਾਂਭੇ ਰਹਿਣ ਤੇ ਉਨ੍ਹਾਂ ਨੂੰ ਉਹ ਕੁਝ ਕਹਿਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਜੋ ਕੁਝ ਉਹ ਠੀਕ ਸਮਝਦੇ ਹਨ। ਤੇ ਕਾਮਯਾਬ ਕਲਾਕਾਰ ਉਹੀ ਹੁੰਦਾ ਹੈ ਜੋ ਕੇਵਲ 'ਸੱਚ' ਦਾ ਪ੍ਰਚਾਰ ਕਰਦਾ ਹੈ, ਜ਼ਿੰਦਗੀ ਵਿੱਚ ਨਿਰੋਈਆਂ ਕੀਮਤਾਂ ਨੂੰ ਉਭਾਰਦਾ ਹੈ; ਤੇ ਇਕ ਕਲਾਕਾਰ ਦੀ ਦ੍ਰਿਸ਼ਟੀ ਬੜੀ ਗਹਿਰੀ ਹੁੰਦੀ ਹੈ, ਉਹਦੀ ਨਜ਼ਰ ਬੜੇ ਦੂਰ ਤਕ ਜਾਂਦੀ ਹੈ, ਉਹ ਕੇਵਲ ਨਿਜੀ ਤੇ ਵਕਤੀ ਮੁਹੱਬਤਾਂ ਵਿੱਚ ਉਲਝ ਕੇ ਨਹੀਂ ਰਹਿ ਜਾਂਦਾ।

ਕਲਾਕਾਰ ਦੇ ਤੌਰ ਤੇ ਮੈਂ ਆਪਣੇ-ਆਪ ਨੂੰ ਹਮੇਸ਼ ਹਰ ਧੜੇ ਤੋਂ ਵਿਤ੍ਰੇਕ ਕਰਕੇ ਰਖਿਆ ਹੈ। ਇਸ ਕਾਰਨ ਕਈ ਗ਼ਲਤ-ਫਹਿਮੀਆਂ ਵੀ ਪੈਦਾ ਹੁੰਦੀਆਂ ਰਹੀਆਂ ਹਨ, ਤੇ ਵਕਤੀ ਤੌਰ ਤੇ ਕੁਝ ਬਦਮਗ਼ਜ਼ੀਆਂ ਵੀ। ਪਰ ਮੈਂ ਮੰਨਦਾ ਹਾਂ ਵਧੀਆ ਆਰਟ ਉਦੋਂ ਹੀ ਉਤਪੰਨ ਹੁੰਦਾ ਹੈ ਜਦੋਂ ਇਕ ਕਲਾਕਾਰ ਅੰਦਰੋਂ ਹਲੂਣਿਆਂ ਜਾਂਦਾ ਹੈ। ਤੇ ਕੇਵਲ ਨਿਰੋਲ ਸੱਚ ਹੀ, ਕੇਵਲ ਨਿਰੋਈਆਂ ਕੀਮਤਾਂ ਹੀ ਇਕ ਆਰਟਿਸਟ ਨੂੰ ਇੰਝ ਹਲੂਣ ਸਕਦੀਆਂ ਹਨ।

ਨਿਰੋਲ ਸੱਚ ਜਿਸਨੂੰ ਕਈ ਵਾਰ ਰਾਜਨੀਤਕ ਕਾਰਨਾਂ ਕਰਕੇ ਸਰਕਾਰਾਂ ਨਹੀਂ ਅਪਣਾਂਦੀਆਂ, ਨਿਰੋਲ ਸੱਚ ਜਿਸਦਾ ਕਈ ਵਾਰ ਨਿਜੀ ਲਾਭਾਂ ਕਰਕੇ ਧੜੇ ਸਾਥ ਨਹੀਂ ਦਿੰਦੇ, ਨਿਰੋਲ ਸੱਚ ਜਿਹੜਾ ਕਈ ਵਾਰ ਆਗੂਆਂ ਦੀ ਦ੍ਰਿਸ਼ਟੀ ਤੋਂ ਬਾਹਰ ਬਾਹਰ ਰਹਿੰਦਾ ਹੈ। ਬਸ ਇਹ ਅਟਲ, ਅਮਰ ਸੱਚ

ਆਰਟ ਦਾ ਆਧਾਰ ਹੋਣਾ ਚਾਹੀਦਾ ਹੈ । ਤੇ ਜਿਸ ਆਰਟ ਵਿੱਚ ਇਹ ਕੁਝ ਪ੍ਰਚਾਰਿਆ ਹੁੰਦਾ ਹੈ ਉਹੀ ਆਰਟ ਸਮਾਜ ਦੇ ਨਰੋਏ ਵਿਕਾਸ਼ ਵਿੱਚ ਮਦਦ ਦਿੰਦਾ ਹੈ। ਤੇ ਉਹ ਆਰਟ ਕਿਸ ਕੰਮ ਜਿਸ ਵਿਚ ਆਰਟਿਸਟ ਦੇ ਸਮਾਜ ਦੀ ਬੇਹਤਰੀ ਨਹੀਂ ਹੁੰਦੀ ?

ਤੇ ਕਲਾ ਦਾ ਇਹ ਕੰਮ ਨਹੀਂ ਕਿ ਹਮੇਸ਼ ਕੋਈ ਸਬਕ ਹੀ ਸਿਖਾਏ, ਹਮੇਸ਼ ਕੋਈ ਦ੍ਰਿਸ਼ਟੀ ਕੋਨ ਹੀ ਪੇਸ਼ ਕਰੇ। ਕਦੀ ਕੋਈ ਕਲਾਕਾਰ ਅਗਲੇ ਦੀ ਅਖ ਵਿੱਚ ਇਕ ਚਮਕ ਜਿਹੀ ਲਿਆ ਸਕਦਾ ਹੈ ਤੇ ਬਸ । ਕਦੀ ਕੋਈ ਕਲਾਕਾਰ ਕਿਸੇ ਦੀਆਂ ਬੁਲ੍ਹੀਆਂ ਤੇ ਇਕ ਮੁਸਕੜੀ ਜਹੀ ਪੈਦਾ ਕਰ ਸਕਦਾ ਹੈ ਤੇ ਬਸ। ਕਦੇ ਕੋਈ ਕਹਾਣੀ ਪੜ੍ਹਕੇ ਪਾਠਕ ਸਾਧਾਰਣ ਸਵਾਸ ਤੋਂ ਇਕ ਹਵਾ-ਮਾਤ੍ਰ ਗਹਿਰਾ ਸਵਾਸ ਲੈਂਦਾ ਹੈ ਤੇ ਬਸ। ਮੈਂ ਸਮਝਦਾ ਹਾਂ, ਉਦੋਂ ਉਹ ਕਲਾਕਾਰ ਕਾਮਯਾਬ ਹੁੰਦਾ ਹੈ।

ਜਿਹੜੀ ਗੱਲ ਇਕ ਕਲਾਕਾਰ ਵਿੱਚ ਮਾਫ ਨਹੀਂ ਕੀਤੀ ਜਾ ਸਕਦੀ ਉਹ ਹੈ ਜਾਣ ਬੁਝਕੇ ਗ਼ਲਤ ਕੀਮਤਾਂ ਦਾ ਪ੍ਰਚਾਰ, ਜਾਣ ਬੁਝਕੇ ਗੰਦਗੀ ਨੂੰ ਉਛਾਲਣਾ, ਜਾਣ ਬੁਝਕੇ ਵਿਤਕਰੇ ਨੂੰ, ਬੇ-ਸੁਆਦੀ ਨੂੰ ਕਲਾ ਰਾਹੀਂ ਫੈਲਾਣਾ।

ਇਸ ਸੰਗ੍ਰਹਿ ਨੂੰ ਪਾਠਕਾਂ ਦੇ ਪੇਸ਼ ਕਰਦੇ ਹੋਏ ਮੈਂ ਆਸ ਕਰਦਾ ਹਾਂ ਮੇਰੇ ਪਾਠਕ ਇਨ੍ਹਾਂ ਕਹਾਣੀਆਂ ਨੂੰ ਕਲਾ ਦੀਆਂ ਨਿਰੋਈਆਂ ਕੀਮਤਾਂ ਦੇ ਅਨਕੂਲ ਵੇਖਣਗੇ।

ਕਰਤਾਰ ਸਿੰਘ ਦੁੱਗਲ

੧੨੯ ਪਟੌਦੀ ਹਾਊਸ,
ਨਵੀਂ ਦਿੱਲੀ,

ਲੜਾਈ ਨਹੀਂ

ਗੜ੍ਹੀ ਅਰਬਾਬ ਵਿੱਚ ਅਜ ਬੜਾ ਚਰਚਾ ਸੀ।

ਸ਼ਹਿਜ਼ਾਦਖ਼ਾਨ ਲੜਾਈ ਤੋਂ ਵਾਪਸ ਆ ਗਿਆ ਸੀ। ਹਵਾਲਦਾਰ ਭਰਤੀ ਹੋ ਕੇ ਗਿਆ ਤੇ ਅਫ਼ਸਰ ਬਣਕੇ ਮੁੜਿਆ ਸੀ। ਉਹਦੇ ਲਕ ਨਾਲ ਸਤ ਗੋਲੀਆਂ ਵਾਲਾ ਪਸਤੌਲ ਲਟਕ ਰਿਹਾ ਸੀ। ਉਹਦੇ ਮੋਢੇ ਤੇ ਬੰਦੂਕ ਸੀ। ਛਾਤੀ ਤੇ ਛੇ ਫੀਤੇ ਲੱਗੇ ਹੋਏ ਸਨ। ਉਹਦੇ ਪਿਛੇ ਦੋ ਅਰਦਲੀ ਟੁਰਦੇ ਸਨ। ਜੀਪ ਵਿਚ ਬੈਠ ਕੇ ਆਇਆ ਸੀ ਜਿਹੜੀ ਪਿੰਡ ਦੇ ਬਾਹਰ ਸੜਕ ਕੰਢੇ ਕਿਕਰੀ ਹੇਠ ਖਲੋਤੀ ਸੀ।

ਸ਼ਹਿਜ਼ਾਦ ਖ਼ਾਨ ਦੇ ਪਿਉ ਅਰਬਾਬ ਦੇ ਧੜੇ ਦੇ ਲੋਕੀ ਖੁਸ਼ ਸਨ। ਸ਼ਹਿਜ਼ਾਦ ਖ਼ਾਨ ਉਨ੍ਹਾਂ ਦੀ ਬਾਂਹ ਸੀ।

ਸ਼ਹਿਜ਼ਾਦ ਖ਼ਾਨ ਦੇ ਪਿਉ ਅਰਬਾਬ ਦੇ ਦੁਸ਼ਮਣਾਂ ਦਾ ਇਕ ਰੰਗ ਆਂਦਾ, ਇਕ ਰੰਗ ਜਾਂਦਾ। ਜਿਉਂ ਜਿਉਂ ਉਹ ਸ਼ਹਿਜ਼ਾਦ ਖ਼ਾਨ ਦੇ ਫੌਜ ਵਿਚ

ਨਿਕਲੇ ਕੱਦਬੁਤ ਦੀਆਂ ਕਹਾਣੀਆਂ ਸੁਣਦੇ, ਉਹਦੀ ਮੋਟਰ, ਉਹਦੇ ਅਸਲਿਹ, ਉਹਦੀ ਤਰੱਕੀ ਦੀਆਂ ਗੱਲਾਂ ਸੁਣਦੇ ਉਨ੍ਹਾਂ ਦੀ ਜਿਵੇਂ ਖ਼ਾਨਿਉਂ ਜਾਂਦੀ।

ਗੜ੍ਹੀ ਅਰਬਾਬ ਦਾ ਸਾਰਾ ਪਿੰਡ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਇਹ ਲੜਾਈ ਪੁਸ਼ਤਾਂ ਤੋਂ ਚਲੀ ਆ ਰਹੀ ਸੀ। ਕਦੀ ਵਧ ਜਾਂਦੀ; ਕਦੀ ਘਟ ਜਾਂਦੀ।

ਤੇ ਜਦੋਂ ਸ਼ਹਿਜ਼ਾਦ ਖ਼ਾਨ ਨੇ ਬਿਨਾਂ ਆਪਣੇ ਪਿਉ ਤੋਂ ਪੁਛੇ ਫੌਜ ਵਿਚ ਆਪਣਾ ਨਾਂ ਲਿਖਵਾ ਦਿੱਤਾ, ਉਭਾਸਰਿਆ ਤੇ ਭਾਵੇਂ ਨਾਂਹ, ਪਰ ਦਿਲ ਹੀ ਦਿਲ ਵਿਚ ਖ਼ਾਨ ਲੋਹੇ ਦੇ ਅਥਰੂ ਰੋਇਆ ਸੀ।

ਤੇ ਉਹਦੇ ਡਰ ਸਾਰੇ ਸੱਚੇ ਨਿਕਲੇ। ਉਧਰੋਂ ਸ਼ਹਿਜ਼ਾਦ ਖ਼ਾਨ ਭਰਤੀ ਹੋ ਕੇ ਗਿਆ ਉਧਰੋਂ ਦੁਸ਼ਮਣਾਂ ਨੂੰ ਸ਼ਹਿ ਮਿਲੀ। ਕਿਸਤਰ੍ਹਾਂ ਕਿਸਤਰ੍ਹਾਂ ਵੈਰੀ ਧੜੇ ਨੇ ਸ਼ਹਿਜ਼ਾਦ ਖ਼ਾਨ ਦੇ ਪਿਉ ਨੂੰ ਕਲਪਾਇਆ ਸੀ, ਇਹ ਗੱਲ ਗੜ੍ਹੀ ਦੇ ਬੱਚੇ ਬੱਚੇ ਨੂੰ ਪਤਾ ਸੀ।

ਸ਼ਹਿਜ਼ਾਦ ਖ਼ਾਨ ਨੂੰ ਭਰਤੀ ਹੋਇਆਂ ਚਾਰ ਦਿਨ ਨਹ ਸਨ ਗੁਜ਼ਰੇ ਕਿ ਵੈਰੀਆਂ ਨੇ ਅਪਣੇ ਡੰਗਰ ਉਹਦੇ ਪਿਉ ਦੇ ਫਸਲਾਂ ਵਿਚ ਛਡਣੇ ਸ਼ੁਰੂ ਕਰ ਦਿੱਤੇ। ਖ਼ਾਨ ਅਰਬਾਬ ਵੇਖਦਾ ਤੇ ਅਣਵੇਖਿਆ ਕਰ ਛਡਦਾ। ਤੇ ਇਸਤਰ੍ਹਾਂ ਅਗਲੇ ਹੋਰ ਭੂਏ ਚੜ੍ਹਦੇ ਜਾਂਦੇ। ਕੁਝ ਚਿਰ ਬਾਅਦ ਖ਼ਾਨ ਅਰਬਾਬ ਦਾ ਘੋੜਾ ਖੁਲ੍ਹ ਗਿਆ; ਫੇਰ ਉਹਦੀ ਪੰਜ-ਕਲਿਆਣ ਮੱਝ ਕਿਤੇ ਨਿਕਲ ਗਈ। ਖ਼ਾਨ ਅਰਬਾਬ ਸਭ ਕੁਝ ਸਮਝਦਾ ਸੀ, ਸਭ ਕੁਝ ਜਾਣਦਾ ਸੀ ਪਰ ਉਸ ਸ਼ਕਾਇਤ ਨਾ ਕੀਤੀ। ਉਹਦੇ ਫਸਲਾਂ ਨੂੰ ਪਾਣੀ ਲਗਾ ਹੁੰਦਾ ਲੋਕੀ ਚੋਰੀ ਛੁਪੇ ਕਟ

ਲ਼ੰਦੇ । ਖ਼ਾਨ ਅਰਬਾਬ ਦੇ ਮੁਜ਼ਾਰੇ ਦੰਦਕੀੜਾਂ ਵਟਦੇ ਰਹਿੰਦੇ, ਕੁੱਦ ਕੁੱਦ ਪੈਂਦੇ, ਉਛਲ ਉਛਲ ਨਿਕਲਦੇ ਪਰ ਉਹ ਉਨ੍ਹਾਂ ਨੂੰ ਹਮੇਸ਼ ਠਲ੍ਹੀ ਰਖਦਾ, ਰੋਕੀ ਰਖਦਾ। ਸਭ ਤੋਂ ਵਡੀ ਵਧੀਕੀ ਜਿਹੜੀ ਵੈਰੀ ਧੜੇ ਨੇ ਉਹਦੇ ਨਾਲ ਕੀਤੀ ਉਹ ਇਹ ਸੀ ਕਿ ਉਹਦੇ ਗਾਹੇ ਹੋਏ, ਛੱਟੇ ਹੋਏ ਦਾਣਿਆਂ ਨੂੰ ਅਗ ਲਵਾ ਦਿਤੀ। ਸਾਰੀ ਰਾਤ ਖ਼ਾਨ ਖਲਿਆੜੇ ਨੂੰ ਬਲਦਾ ਵੇਖਦਾ ਰਿਹਾ। ਉਹਦੀ ਤ੍ਰੀਮਤ ਹਬ ਮਲ ਮਲ, ਛਾਤੀ ਪਿਟ ਪਿਟ, ਫ਼ਰਿਆਦਾਂ ਕਰ ਕਰ ਥਕ ਲੱਥੀ। ਆਂਢੀ, ਗੁਆਂਢੀ, ਦੋਸਤ-ਰਿਸ਼ਤੇਦਾਰ, ਮਿਲਣ-ਗਿਲਣ ਵਾਲੇ ਖ਼ਾਨ ਅਰਬਾਬ ਵਲ ਵੇਖ ਵੇਖ ਕੇ ਅਸਚਰਜ ਹੁੰਦੇ, ਉਹਦੇ ਹੌਸਲੇ ਤੇ ਹੈਰਾਨ ਹੁੰਦੇ। ਪਰ ਉਸ ਨ ਇਕ ਬੋਲ ਮੂੰਹੋਂ ਕਢਿਆ, ਨ ਕਿਸੇ ਨੂੰ ਕਢਣ ਦਿੱਤਾ, ਨ ਹਥਿਆਰ ਚੁਕਿਆ, ਨ ਕਿਸੇ ਨੂੰ ਚੁਕਣ ਦਿੱਤਾ।

ਤੇ ਇੰਜ਼ ਖ਼ਾਨ ਅਰਬਾਬ ਨੇ ਧੀਰਜ ਵਿਚ, ਨਿੰਮ੍ਰਤਾ ਵਿਚ ਕਈ ਸਾਲ ਕਟ ਲਏ। ਕਈ ਸੱਟਾਂ ਸਹਿ ਲਈਆਂ, ਕਈ ਫਟਾਂ ਨੂੰ ਗੋਲਿਆ ਤਕ ਨਾਂਹ।

ਤੇ ਅਜ ਸਵੇਰੇ ਜਦੋਂ ਦਾ ਉਹਦਾ ਪੁੱਤਰ ਸ਼ਹਿਜ਼ਾਦ ਖ਼ਾਨ ਘਰ ਮੁੜਿਆ, ਅੰਦਰ ਸੁਫ਼ੇ ਵਿਚ ਬੈਠਾ ਖ਼ਾਨ ਆਪਣੀ ਰਾਈਫ਼ਲ ਨੂੰ ਸਾਫ ਕਰ ਰਿਹਾ ਸੀ।

ਤੇ ਜਿਹੜਾ ਕੋਈ ਵੀ ਸ਼ਾਹਜ਼ਾਦ ਖ਼ਾਨ ਨੂੰ ਮਿਲਣ ਆਂਦਾ, ਕਿਤਨਾ ਕਿਤਨਾ ਚਿਰ ਅੰਦਰ ਉਹਦੇ ਪਿਉ ਨਾਲ ਘੁਰ ਘੁਰ ਕਰਦਾ ਰਹਿੰਦਾ।

ਤੇ ਫੇਰ ਇਕ ਅੱਗ ਜਿਵੇਂ ਸਾਰੇ ਪਿੰਡ ਨੂੰ ਲਗ ਗਈ। ਚਿਰਾਂ ਦੇ ਦੱਬੇ, ਘੁੱਟੇ, ਮਰੇ, ਖ਼ਾਨ ਅਰਬਾਬ ਦੇ ਸਾਥੀਆਂ ਨੇ

ਅਕੜ ਅਕੜ ਕੇ ਟੁਰਨਾ ਸ਼ੁਰੂ ਕਰ ਦਿੱਤਾ । ਫੇਰ ਘਰ ਘਰ ਬੰਦੂਕਾਂ ਸਾਫ ਹੋਣ ਲਗ ਪਈਆਂ । ਫੇਰ ਘਰ ਘਰ ਸੰਦੂਕਾਂ ਵਿਚੋਂ ਝੋਲਾਂ ਭਰ ਭਰ ਲੋਕੀ ਕਾਰਤੂਸ ਕਢਣ ਲਗ ਪਏ। ਫੇਰ ਨੇਜ਼ਿਆਂ ਦੀਆਂ ਨੋਕਾਂ ਤੇ ਹਵਾਈਆਂ ਫਿਰਦੀਆਂ ਸੁਣਾਈ ਦਿਤੀਆਂ। ਫੇਰ ਖ਼ਾਨ ਅਰਬਾਬ ਦੇ ਸਾਥੀ ਆਪਣੇ ਵੈਰੀਆਂ ਨੂੰ ਲਲਕਾਰਣ ਲਗ ਪਏ। ਫੇਰ ਜਿਹੜੀ ਗਰਦਨ ਖ਼ਾਨ ਦੇ ਆਂਢ ਗੁਆਂਢ ਵਿਚ ਵਿਖਾਈ ਦਿੰਦੀ ਅਕੜੀ ਹੋਈ ਐਂਠੀ ਹੋਈ ਦਿਸਦੀ । ਫੇਰ ਲੋਕਾਂ ਨੇ ਮੁਛਾਂ ਨੂੰ ਤਾਅ ਦੇਣੇ ਸ਼ੁਰੂ ਕਰ ਦਿੱਤੇ, ਹਵਾ ਵਿਚ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿਤੀਆਂ, "ਏਲੀ-ਏਲੀ" ਕਰਦੇ ਉੱਚੇ ਉੱਚੇ ਨਾਹਰੇ ਲਾਣੇ ਸ਼ੁਰੂ ਕਰ ਦਿੱਤੇ।

ਤੇ ਖ਼ਾਨ ਅਰਬਾਬ ਦੇ ਸਾਥੀ ਕਹਿੰਦੇ, ਹਰ ਆਪਣੀ ਚੁਰਾਈ ਗਈ ਘੋੜੀ ਲਈ ਅਸੀਂ ਵੈਰੀਆਂ ਦੀਆਂ ਚਾਰ ਚਾਰ ਔਰਤਾਂ ਉਧਾਲਾਂਗੇ, ਹਰ ਆਪਣੀ ਖੋਹੀ ਗਈ ਮਹਿੰ ਦੇ ਬਦਲੇ ਅਸੀਂ ਉਨ੍ਹਾਂ ਦੀਆਂ ਦਸ ਦਸ ਧੀਆਂ ਭੈਣਾਂ ਦੀ ਇਸਮਤ ਨੂੰ ਲੁਟਾਂਗੇ। ਤੇ ਇਹ ਤੇ ਸਭ ਨੂੰ ਹੀ ਪਤਾ ਸੀ ਜਦੋਂ ਕਦੀ ਵੀ ਇਨ੍ਹਾਂ ਦੋ ਧਾੜਿਆਂ ਦੀ ਗੜ੍ਹੀ ਵਿਚ ਲੜਾਈ ਹੋਈ ਲਹੂ ਦੀਆਂ ਨਦੀਆਂ ਵਗ ਤੁਰਦੀਆਂ ਸਨ, ਲਾਸ਼ਾਂ ਦੇ ਢੇਰ ਲੱਗ ਜਾਂਦੇ ਸਨ।

ਤੇ ਖ਼ਾਨ ਅਰਬਾਬ ਦੇ ਵੈਰੀਆਂ ਦੇ ਘਰ ਚੁਲ੍ਹੇ ਅਗ ਨਹੀਂ ਸੀ ਬਲੀ । ਉਨ੍ਹਾਂ ਨੂੰ ਤੇ ਚਿਤ-ਚੇਤਾ ਵੀ ਨਹੀਂ ਸੀ ਸ਼ਹਿਜ਼ਾਦ ਖ਼ਾਨ ਇਤਨਾ ਜਲਦੀ ਮੁੜ ਆਵੇਗਾ । ਅਗੇ ਤੇ ਜਿਤਨੇ ਇਸ ਪਿੰਡ ਵਿਚੋਂ ਭਰਤੀ ਹੋ ਕੇ ਗਏ ਸਨ ਜਾਂ ਤੇ ਉਨ੍ਹਾਂ ਦੀ ਕੋਈ ਸੋ-ਬੋ ਕਦੀ ਨਹੀਂ ਸੀ ਆਈ, ਜਾਂ ਬਸ

ਇਹ ਸੁਣਨ ਵਿੱਚ ਆਂਦਾ ਸੀ ਕਿ ਦੂਰ ਕਿਸੇ ਵੱਡੇ ਸ਼ਹਿਰ ਵਿਚ ਉਹ ਵਸ ਗਏ ਸਨ। ਤੇ ਜਿਹੜੇ ਮੁੜਦੇ ਸਨ ਕਿਸੇ ਦੀ ਲੱਤ ਲਕੜੀ ਦੀ ਹੁੰਦੀ ਸੀ, ਕਿਸੇ ਦੀ ਕੋਈ ਬਾਂਹ ਨਹੀਂ ਸੀ ਰਹਿੰਦੀ, ਕਿਸੇ ਦੀਆਂ ਅਖਾਂ ਝੁਲਸੀਆਂ ਹੋਈਆਂ ਹੁੰਦੀਆਂ ਸਨ, ਕਿਸੇ ਦਾ ਲਕ ਟੁੱਟ ਚੁਕਾ ਹੁੰਦਾ ਸੀ, ਗਿੱਚੀ ਵਿੰਗੀ ਹੋ ਗਈ ਹੁੰਦੀ ਸੀ। ਤੇ ਖ਼ਾਨ ਅਰਬਾਬ ਦਾ ਪੁੱਤਰ ਘਰ ਹੀ ਮੁੜ ਕੇ ਨਹੀਂ ਆਇਆ ਸੀ, ਉਹ ਤੇ ਇਤਨਾ ਵਡਾ ਅਫ਼ਸਰ ਬਣਕੇ ਪਰਤਿਆ ਸੀ। ਕੋਈ ਕਹਿੰਦਾ ਲਫਟੈਨ ਸੀ। ਕੋਈ ਰਹਿੰਦਾ ਕਪਤਾਨ ਸੀ। ਤੇ ਕਹਿਣ ਵਾਲੇ ਕਹਿੰਦੇ ਆਪਣੇ ਪਸਤੌਲ ਨਾਲ ਭਾਵੇਂ ਕਿਤਨੇ ਆਦਮੀ ਸ਼ਹਿਜ਼ਾਦ ਖ਼ਾਨ ਮਾਰ ਛੱਡੇ ਉਹਨੂੰ ਨਹੀਂ ਸੀ ਕੋਈ ਪੁਛ ਸਕਦਾ।

ਤੇ ਖ਼ਾਨ ਅਰਬਾਬ ਦੇ ਵੈਰੀਆਂ ਨੇ ਸਿਰਾਂ ਤੇ ਕਫ਼ਨੀਆਂ ਬੰਨ੍ਹ ਲਈਆਂ। ਜੋ ਜੋ ਅਤਿਆਚਾਰ ਉਨ੍ਹਾਂ ਨੇ ਪਿਛਲੇ ਸਾਲਾਂ ਵਿੱਚ ਕੀਤੇ ਸਨ, ਸਭ ਦਾ ਉਨ੍ਹਾਂ ਨੂੰ ਪਤਾ ਸੀ। ਤੇ ਹੁਣ ਜਦੋਂ ਖ਼ਾਨ ਅਰਬਾਬ ਆਪਣੀ ਰਾਈਫਲ ਨੂੰ ਸਾਫ਼ ਕਰ ਰਿਹਾ ਸੀ, ਹੁਣ ਜਦੋਂ ਉਹਦੇ ਸਾਥੀ ਨੇਜ਼ਿਆਂ ਨੂੰ ਤਿਰਛਾ ਰਹੇ ਸਨ, ਪਿੰਡ ਦੇ ਲੋਕੀ ਸੋਚਦੇ, ਬੀਜ ਪਾਣ ਜੋਗਾ ਖ਼ਾਨ ਅਰਬਾਬ ਦੇ ਵੈਰੀਆਂ ਵਿੱਚ ਨਹੀਂ ਸੀ ਕੋਈ ਬਚਣਾ।

ਤੇ ਫੇਰ ਮਾਵਾਂ ਵਾਲਿਆਂ ਨੇ ਆਪਣੀਆਂ ਧਾਰਾਂ ਬਖਸ਼ਵਾਈਆਂ। ਫੇਰ ਬੀਵੀਆਂ ਵਾਲਿਆਂ ਨੇ ਆਪਣੇ ਮਿਹਰ ਮਾਫ ਕਰਵਾਏ। ਫੇਰ ਸੌਂਪ-ਸੁੰਪਾਣੀਆਂ ਹੋਈਆਂ। ਫੇਰ ਬਾਹਵਾਂ ਨਾਲ ਤਾਵੀਜ਼ ਬੱਧੇ ਗਏ। ਫੇਰ ਖ਼ਨਗਾਹਵਾਂ ਤੇ ਹੱਥ ਫੈਲਾ ਫੈਲਾ ਕੇ ਮੁਰੀਦਾਂ ਨੇ ਦੁਆਵਾਂ ਮੰਗੀਆਂ, ਮੱਥੇ

ਰਗੜ ਰਗੜ ਕੇ ਭੁੱਲਾਂ ਬਖਸ਼ਵਾਈਆਂ। ਫੇਰ ਬਹਾਦਰ ਪਠਾਣੀਆਂ ਨੇ ਜੀ ਭਰ ਭਰ ਆਪਣੇ ਘਰ ਵਾਲਿਆਂ ਨੂੰ ਵੇਖਿਆ। ਫੇਰ ਬਾਹਜ਼ੋਰ ਪਠਾਣਾਂ ਨੇ ਘੁਟ ਘੁਟ ਕੇ ਆਪਣੇ ਬੱਚਿਆਂ ਨੂੰ ਗਲੇ ਨਾਲ ਲਾਇਆ।

ਤੇ ਮਸਾਂ ਅਸਮਾਨ ਤੇ ਇਕ ਤਾਰਾ ਦਿਸਿਆ ਸੀ ਕਿ ਖ਼ਾਨ ਅਰਬਾਬ ਦੇ ਸਾਥੀਆਂ ਨੇ ਗੋਲਾ ਛੋੜ ਦਿਤਾ। ਤੇ ਫਿਰ ਢੋਲ ਬੱਜਣਾ ਸ਼ੁਰੂ ਹੋ ਗਿਆ।

ਸ਼ਹਿਜ਼ਾਦ ਖ਼ਾਨ ਜਿਹੜਾ ਕਦੋਂ ਦਾ ਚੁਬਾਰੇ ਵਿਚ ਬੈਠਾ ਆਪਣੀ ਨੌਜਵਾਨ ਤ੍ਰੀਮਤ ਨੂੰ ਜੰਗ ਦੀਆਂ ਕਹਾਣੀਆਂ ਸੁਣਾ ਰਿਹਾ ਸੀ, ਇਸਤਰ੍ਹਾਂ ਇਸ ਵੇਲੇ ਗੋਲੇ ਦੀ ਅਵਾਜ਼ ਤੇ ਤ੍ਰਬਕ ਉਠਿਆ, ਇਸਤਰ੍ਹਾਂ ਇਸ ਵੇਲੇ ਢੋਲ ਦੀ ਆਵਾਜ਼ ਤੇ ਉਸਦਾ ਉਤੇ ਦਾ ਸਾਹ ਜਿਵੇਂ ਉਤੇ ਰਿਹਾ, ਹੇਠ ਦਾ ਸਾਹ ਹੇਠ ਤੇ ਉਹ ਦੌੜਕੇ ਬਾਹਰ ਆ ਗਿਆ।

ਉਸਦੀ ਤ੍ਰੀਮਤ ਨੂੰ ਸਭ ਕੁਝ ਪਤਾ ਸੀ। ਤੇ ਉਹ ਫੜਕੇ ਉਹਨੂੰ ਮੁੜ ਅੰਦਰ ਲੈ ਗਈ।

ਤੇ ਸਾਰੀ ਕਹਾਣੀ ਉਸ ਇਕ ਸ਼ੇਰਨੀ ਵਾਂਗ ਬਿਫਰ ਬਿਫਰ ਕੇ ਸ਼ਹਿਜ਼ਾਦ ਖ਼ਾਨ ਨੂੰ ਸੁਣਾਈ। ਜ਼ਿੱਲਤ ਦੀ ਮੌਤ ਵਰਗੀ ਉਹ ਜ਼ਿੰਦਗੀ ਜਿਹੜੀ ਕਦੀ ਕਿਸੇ ਪਠਾਣ ਬੱਚੇ ਨੇ ਨਹੀਂ ਗੁਜ਼ਾਰੀ ਸੀ! ਜਦੋਂ ਖ਼ਾਨ ਅਰਬਾਬ ਮੁੜ ਮੁੜ ਅੰਦਰ ਵੜ ਆਪਣੀ ਬੰਦੂਕ ਨੂੰ ਚੁਕਦਾ ਤੇ ਸ਼ਹਿਜ਼ਾਦ ਖ਼ਾਨ ਦੀ ਭਰ ਜਵਾਨ ਤ੍ਰੀਮਤ ਨੂੰ ਵੇਖ ਕੇ ਮੁੜ ਮੁੜ ਉਹਨੂੰ ਫੇਰ ਕਿੱਲੀ ਤੇ ਟੰਗ ਛਡਦਾ। ਜਦੋਂ ਖ਼ਾਨ ਅਰਬਾਬ ਦੇ ਸਾਥੀ ਉਹਦੇ ਮੂੰਹ ਵਲ ਵੇਖਦੇ, ਦੰਦ ਕਰੀਚ ਕਰੀਚ ਹੋਠ ਦਬਾ ਦਬਾ ਕੇ ਅਪਣੇ ਬੁਲ੍ਹਾਂ ਨੂੰ ਫਟੜ ਕਰ ਲੈਂਦੇ।

ਸ਼ਹਿਜ਼ਾਦ ਖ਼ਾਨ ਦੀ ਤ੍ਰੀਮਤ ਨੇ ਨਾਂ ਲੈ ਲੈ ਕੇ ਮੱਝ ਗਿਣਵਾਈਆਂ ਜਿਹੜੀਆਂ ਵੈਰੀਆਂ ਨੇ ਅੱਗੇ ਪਿਛੇ ਕਰ ਛਡੀਆਂ ਸਨ, ਨਾਂ ਲੈ ਲੈ ਕੇ ਘੋੜੀਆਂ ਗਿਣਵਾਈਆਂ ਜਿਹੜੀਆਂ ਉਨ੍ਹਾਂ ਨੇ ਖੁਲ੍ਹਵਾ ਲਈਆਂ ਸਨ। ਜਿਹੜੀਆਂ ਫਸਲਾਂ ਤਬਾਹ ਕਰਾਈਆਂ ਸਨ, ਜਿਹੜੇ ਖਲਿਆੜੇ ਸੜਵਾਏ ਗਏ ਸਨ। ਜਿਹੜੀਆਂ ਹੀਹਰੀਆਂ ਵੈਰੀ ਦਿੰਦੇ ਸਨ, ਜਿਹੜੀਆਂ ਗੱਲਾਂ ਉਹ ਕਰਦੇ ਸਨ। ਸ਼ਹਿਜ਼ਾਦ ਖ਼ਾਨ ਦੀ ਤ੍ਰੀਮਤ ਨੂੰ ਦਾਜ ਵਿੱਚ ਮਿਲੀ ਦਸ ਸੇਰ ਇਕ ਵੇਲੇ ਦਾ ਦੁਧ ਦੇਣ ਵਾਲੀ ਗਾਂ ਵੈਰੀਆਂ ਨੇ ਡੱਕ ਲਈ। ਤਿੰਨ ਦਿਨ ਖ਼ਾਨ ਅਰਬਾਬ ਦੇ ਸਾਥੀ ਚੱਪਾ ਚੱਪਾ ਸਾਰੇ ਇਲਾਕੇ ਦਾ ਟੋਲ ਲੱਥੇ। ਤੇ ਚੌਥੇ ਰੋਜ਼ ਵੈਰੀਆਂ ਨੇ ਗਾਂ ਦੇ ਗਲੇ ਦੇ ਘੁੰਗਰੂ ਇਨ੍ਹਾਂ ਨੂੰ ਭਿਜਵਾ ਦਿਤੇ। ਸਾਰੀ ਦੀ ਸਾਰੀ ਉਹ ਰਾਤ ਸ਼ਹਿਜ਼ਾਦ ਖ਼ਾਨ ਦੀ ਤ੍ਰੀਮਤ ਦੀ ਅੱਖ ਨਹੀਂ ਸੀ ਲਗੀ! ਤੇ ਸਵੇਰੇ ਉਹਦੇ ਗਿੱਲੇ ਸਰਹਾਣੇ ਨੂੰ ਖ਼ਾਨ ਅਰਬਾਬ ਨੇ ਹਥ ਲਾਕ ਵੇਖਿਆ ਸੀ।

ਸ਼ਹਿਜ਼ਾਦ ਖ਼ਾਨ ਸੁਣਦਾ ਰਿਹਾ, ਸੁਣਦਾ ਰਿਹਾ ਤੇ ਫੇਰ ਇਕ ਦੰਮ ਉਠ ਖਲੋਤਾ। ਕਮਰੇ ਤੋਂ ਬਾਹਰ ਨਿਕਲਣ ਤੋਂ ਪਹਿਲੇ ਕਮਰੇ ਦੇ ਥੰਮ ਕੋਲੋਂ ਜਦੋਂ ਉਹ ਗੁਜ਼ਰ ਰਿਹਾ ਸੀ ਜਿਵੇਂ ਉਛਲ ਕੇ ਥੰਮ ਨੇ ਉਹਨੂੰ ਫੜ ਲਿਆ, ਤੇ ਸ਼ਹਿਜ਼ਾਦ ਖ਼ਾਨ ਇਕ ਡੂੰਘੀ ਸੋਚ ਵਿੱਚ ਡੁਬ ਗਿਆ।

ਚਾਰਪਾਈ ਤੇ ਪਰ੍ਹੇ ਉਂਝ ਦੀ ਉਂਝ ਬੈਠੀ ਉਹਦੀ ਨੌਜਵਾਨ ਤ੍ਰੀਮਤ ਅੱਖਾਂ ਹੀ ਅੱਖਾਂ ਵਿੱਚ ਉਹਨੂੰ ਕਹਿ ਰਹੀ ਸੀ—ਬੇਸ਼ਕ ਹੁਣ ਤੂੰ ਲੜਦਾ ਹੋਇਆ ਮਰ ਜਾ, ਮੈਂ ਮੁਕਲਾਵੇ ਤੋਂ ਆਕੇ ਤੈਨੂੰ ਬਸ ਜੀ ਭਰ ਕੇ ਵੇਖਣਾ ਸੀ, ਸੋ ਮੈਂ ਵੇਖ

ਲਿਆ ਹੈ। ਬੇਸ਼ਕ ਹੁਣ ਤੂੰ ਲੜਦਾ ਹੋਇਆ ਮਰ ਜਾ। ਤੇਰੀ ਮਿਠੀ ਯਾਦ ਦੀ ਨਿਸ਼ਾਨੀ ਹੁਣ ਮੇਰੀਆਂ ਬੁਲ੍ਹੀਆਂ ਤੇ ਸੁੱਤੀ ਪਈ ਹੈ। ਹੁਣ ਤੂੰ, ਪਠਾਣ ਬੱਚਾ, ਆਪਣੇ ਪਿਉ-ਦਾਦੇ ਦੀ ਆਬਰੂ ਲਈ ਜਾਂ ਮਾਰ ਆ ਦੁਸ਼ਮਣ ਨੂੰ ਜਾਂ ਮਰ ਜਾ ਆਪ, ਮੈਂ ਨਹੀਂ ਕਦੀ ਤੈਨੂੰ ਰੋਕਾਂਗੀ।

ਪਰ ਸ਼ਹਿਜ਼ਾਦ ਖ਼ਾਨ ਬੰਮ੍ਹ ਨਾਲ ਖਲੋਤਾ ਆਪਣੇ ਖ਼ਿਆਲਾਂ ਵਿਚ ਖੋਹਿਆ ਜਿਵੇਂ ਬੰਮ੍ਹ ਹੋ ਗਿਆ ਸੀ।

ਉਸ ਦੀਆਂ ਅੱਖਾਂ ਸਾਹਮਣੇ ਲੜਾਈ ਦੇ ਉਹ ਭਿਆਨਕ ਦ੍ਰਿਸ਼, ਜਿਹੜੇ ਉਸ ਜੰਗ ਵਿਚ ਵੇਖੇ ਸਨ, ਇਕ ਫ਼ਿਲਮ ਵਾਂਗ ਘੁੰਮਣ ਲਗ ਪਏ। ਲਾਸ਼ਾਂ ਦੇ ਢੇਰ, ਖੇਤਾਂ ਦੇ ਖੇਤ ਭਰੇ ਹੋਏ ਅਟੇ ਹੋਏ ਮੁਰਦਿਆਂ ਨਾਲ, ਜਿਨ੍ਹਾਂ ਨੂੰ ਕੁੱਤੇ ਖਾ ਖਾ ਥੱਕ ਲੱਥਦੇ ਸਨ, ਗਿਧਾਂ ਚੂੰਡ ਚੂੰਡ ਹਾਰ ਜਾਂਦੀਆਂ ਸਨ। ਵਿਧਵਾ ਹੋਈਆਂ ਇਸਤ੍ਰੀਆਂ, ਯਤੀਮ ਹੋਏ ਬੱਚੇ, ਭੇਡਾਂ ਬੱਕਰੀਆਂ ਵਾਂਗ ਭੁਖੇ ਭਾਣੇ ਵਿਲ੍ਹੂੰ ਵਿਲ੍ਹੂੰ ਕਰਦੇ ਗਲੀਆਂ ਵਿਚ ਰੁਲ ਰਹੇ। ਭੁਖ, ਗ਼ੁਰਬਤ, ਬੀਮਾਰੀ, ਮਹਿੰਗਾਈ, ਅਣਹੋਂਦ। ਸ਼ਹਿਸਾਦ ਖ਼ਾਨ ਨੂੰ ਯਾਦ ਆ ਰਿਹਾ ਸੀ, ਹਸਦਾ ਖੇਡਦਾ ਖੁਸ਼-ਖੁਸ਼ੀਆਂ, ਉੱਚੀਆਂ-ਉੱਚੀਆਂ ਮਾੜੀਆਂ, ਲੰਮੇ-ਚੌੜੇ ਗਿਰਜਿਆਂ, ਹਸਪਤਾਲਾਂ, ਕਾਲਜਾਂ ਵਾਲਾ ਇਕ ਸ਼ਹਿਰ ਜਿਸਨੂੰ ਚਾਰ ਦਿਨ ਪਹਿਲੇ ਉਸ ਵੇਖਿਆ ਸੀ ਤੇ ਉਹਦੀਆਂ ਅੱਖੀਆਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ ਸਨ ਤੇ ਫੇਰ ਚਾਰ ਦਿਨ ਬਾਦ ਜਦੋਂ ਉਹ ਉਥੋਂ ਗੁਜ਼ਰਿਆ, ਬਸ ਇਕ ਢੇਰ ਮਲਬੇ ਦਾ ਸੀ, ਨ ਉਥੇ ਕੋਈ ਆਦਮੀ ਸੀ, ਨ ਉਥੇ ਕੋਈ ਜਾਨਵਰ ਸੀ; ਕੇਵਲ ਦਰਖ਼ਤ ਕਿਤੇ ਕਿਤੇ ਝੁਲਸੇ ਹੋਏ, ਰੋੜ ਮਰੋੜੇ ਖ਼ਲੋਤੇ ਸਨ ਤੇ ਬਸ। ਸ਼ਹਿਜ਼ਾਦ ਖ਼ਾਨ ਨੇ ਜੰਗ ਵਿਚ

ਕੀਰਨੇ ਸੁਣੇ ਸਨ ਉਨਾਂ ਮਾਵਾਂ ਦੇ ਜਿਨ੍ਹਾਂ ਦੇ ਨੌਜਵਾਨ ਬੱਚੇ ਛਿਨ ਗਏ, ਫ਼ਰਿਆਦਾਂ ਸੁਣੀਆਂ ਸਨ ਉਨ੍ਹਾਂ ਭਰ ਜਵਾਨ ਕੁੜੀਆਂ ਦੀਆਂ ਜਿਨ੍ਹਾਂ ਦੇ ਸੁਹਾਗ ਲੁਟੇ ਗਏ, ਤੇ ਬੱਚੇ ਵੇਖੇ ਸਨ ਮੋਈਆਂ ਹੋਈਆਂ ਮਾਵਾਂ ਦਾ ਦੁਧ ਟੋਲ ਰਹੇ। ਜਦੋਂ ਬੰਬ ਵਸਦੇ ਸਨ ਤਾਂ ਕਿਹੋ ਜਿਹਾ ਚੀਖ-ਚਿਹਾੜਾ ਪੈਂਦਾ ਸੀ! ਜਦੋਂ ਤੜ ਤੜ ਗੋਲੀਆਂ ਚਲਦੀਆਂ ਸਨ ਤਾਂ ਕਿਸ ਤਰ੍ਹਾਂ ਦੀ ਕਾਵਾਂ ਰੌਲੀ ਮਚ ਜਾਂਦੀ ਸੀ!

ਤੇ ਬਾਹਰ ਢੋਲ ਕੁਟਿਆ ਜਾ ਰਿਹਾ ਸੀ। ਖ਼ਾਨ ਅਰਬਾਬ ਦੇ ਸਾਥੀ ਆਪਣੇ ਲੀਡਰ ਦੇ ਇਸ਼ਾਰੇ ਨੂੰ ਵੇਖ ਰਹੇ ਸਨ ਤੇ ਫੇਰ ਉਨ੍ਹਾਂ ਟੁਟ ਕੇ ਪੈ ਜਾਣਾ ਸੀ। ਰਾਤ ਦਾ ਹਨੇਰਾ ਜਿਉਂ ਜਿਉਂ ਵਧਦਾ, ਤਿਉਂ ਤਿਉਂ ਬਹਾਦਰ ਪਠਾਣਾਂ ਦੇ ਨੇਜ਼ੇ ਤਾਵਲੇ ਪੈਂਦੇ, ਤਿਉਂ ਤਿਉਂ ਉਨ੍ਹਾਂ ਦੀਆਂ ਰਫਲਾਂ ਸੂੰਕ ਸੂੰਕ ਉਠਦੀਆਂ।

ਤੇ ਸੋਚਾਂ ਵਿਚ ਡੁੱਬਾ ਸ਼ਹਿਜ਼ਾਦ ਖ਼ਾਨ ਖੰਮ੍ਹ ਕੋਲ ਉਂਵ ਦਾ ਉਂਵ ਖਲੋਤਾ ਹੋਇਆ ਸੀ। ਇਨਸਾਨ ਦੇ ਜਿਸਮ ਵਿਚੋਂ ਨਿਕਲੇ ਖ਼ੂਨ ਦਾ ਗੂੜ੍ਹਾ ਲਾਲ ਰੰਗ ਉਹਦੀਆਂ ਅਖਾਂ ਅਗੇ ਘੁੰਮ ਰਿਹਾ ਸੀ। ਗੋਲੀਆਂ ਦੀਆਂ ਸੱਟਾਂ ਨਾਲ ਚੀਨਾਂ ਚੀਨਾਂ ਹੁੰਦੀਆਂ ਇਨਸਾਨ ਦੀਆਂ ਹਡੀਆਂ ਦੀ ਅਵਾਜ਼ ਜਿਵੇਂ ਉਹਦੇ ਕੰਨਾਂ ਵਿਚ ਗੂੰਜ ਰਹੀ ਸੀ। ਸਾਹ ਨਿਕਲਣ ਤੋਂ ਪਹਿਲੇ ਕਿਸੇ ਨੌਜਵਾਨ ਦਾ ਤੜਫਣਾ! ਕਿਸੇ ਦਾ ਇਕ ਲਤ ਨਾਲ ਚਲਣਾ! ਕਿਸੇ ਦਾ ਦੋਹਾਂ ਲੱਤਾਂ ਬਿਨਾਂ ਧੜ ਨੂੰ ਘਸੀਟਣਾ! ਕਿਸੇ ਦਾ ਇਕ ਬਾਂਹ ਨਾਲ ਕੰਮ ਟੋਰਨਾ! ਕਿਸੇ ਦਾ ਦੋਹਾਂ ਬਾਹਾਂ ਬਿਨਾਂ ਹੱਥਲ ਹੋਕੇ ਰਹਿ ਜਾਣਾ! ਕਿਸੇ ਦਾ ਲੱਕ ਟੁਟ ਜਾਣਾ! ਕਿਸੇ ਦੀ ਗਿੱਚੀ ਵਿੰਗੀ ਹੋ ਜਾਣੀ...।

ਸ਼ਹਿਜ਼ਾਦ ਖ਼ਾਨ ਸੋਚਦਾ ਸੋਚਦਾ ਚੀਖ਼ ਉਠਿਆ, "ਲੜਾਈ ਨਹੀਂ ! ਲੜਾਈ ਨਹੀਂ !" ਤੇ ਦੌੜ ਕੇ ਉਸਨੇ ਢੋਲ ਵਾਲੇ ਤੋਂ ਢੋਲ ਖੋਹ ਲਿਆ, ਬੰਦੂਕਾਂ ਵਾਲਿਆਂ ਤੋਂ ਬੰਦੂਕਾਂ ਹੇਠ ਧਰਵਾ ਲਈਆਂ। ਤੇ ਆਪਣੇ ਪਿਉ ਖ਼ਾਨ ਅਰਬਾਬ ਦੀ ਛਾਤੀ ਨਾਲ ਲਗ ਕੇ ਢਾਹਾਂ ਮਾਰ ਮਾਰ, ਫ਼ਰਿਆਦਾਂ ਕਰ ਕਰ ਉਹ ਕਹਿਣ ਲੱਗਾ, "ਲੜਾਈ ਨਹੀਂ ! ਲੜਾਈ ਨਹੀਂ !! ਲੜਾਈ ਨਹੀਂ !!!"

ਤੇ ਖ਼ਾਨ ਅਰਬਾਬ ਆਪਣੇ ਲੜਾਈ ਤੋਂ ਮੁੜੇ ਫੌਜੀ ਪੁੱਤਰ ਵਲ ਬਿਟ ਬਿਟ ਪਿਆ ਵੇਖਦਾ ਹੈਰਾਨ ਹੋ ਰਿਹਾ ਸੀ।

ਢੋਲੀ : ਪੇਂਡੂ ਗੀ
Superior end

ਖ਼ਾਨ ਅਰਬਾਬ, ਸ਼ਹਿਜ਼ਾਦ ਖ਼ਾਨ ਤੇ
ਗੜ੍ਹੀ ਅਰਬਾਬ ਵਿਚ।

ਸ਼ਾਮ ਸੁੰਦਰ

".....ਅਸੀਂ ਬੜੇ ਨੌਕਰ ਰਖੇ ਹਨ ਪਰ ਸ਼ਾਮ ਸੁੰਦਰ ਵਰਗਾ ਨੌਕਰ ਅਸੀਂ ਕਦੀ ਨਹੀਂ ਡਿਠਾ। ਇਹ ਨੌਕਰ ਰਬ ਵਰਗਾ ਦਿਆਨਤਦਾਰ ਏ। ਆਪਣੇ ਕੰਮ ਵਿਚ ਸਿਆਣਾ, ਸੂਝਵਾਨ, ਬਿਨਾ ਅਖਵਾਏ ਆਪ-ਮੁਹਾਰਾ ਆਪਣੇ ਆਹਰ ਲਗਾ ਰਹਿੰਦਾ ਹੈ। ਸਾਡੀ ਬਦਲੀ ਹੋ ਗਈ ਏ ਤੇ ਸ਼ਾਮ ਸੁੰਦਰ ਆਪਣੇ ਘਰ ਤੋਂ ਦੂਰ ਜਾਣਾ ਨਹੀਂ ਚਾਹੁੰਦਾ....."

".....ਸ਼ਾਮ ਸੁੰਦਰ ਵਰਗਾ ਆਪਣੇ ਕੰਮ ਵਿਚ ਤਾਕ ਤੇ ਸਿਆਣਾ ਨੌਕਰ ਕਦੀ ਕਿਸਮਤ ਨਾਲ ਹੀ ਮਿਲਦਾ ਹੈ। ਸਾਡੇ ਕੋਲ ਤੇ ਘਰ ਦੇ ਬੰਦਿਆਂ ਵਾਂਗ ਰਿਹਾ ਏ, ਆਪ ਹੀ ਕਢਦਾ ਆਪ ਹੀ ਪਾਂਦਾ, ਤੇ ਮਜਾਲ ਏ ਕਦੀ ਤਿਲ ਭਰ ਕੋਈ ਚੀਜ਼ ਹੇਠ-ਉਤੇ ਹੋਈ ਹੋਵੇ, ਵਡਾ ਗੁਣ ਸ਼ਾਮ ਸੁੰਦਰ ਦਾ ਇਹ ਵੇ ਕਿ ਇਹ ਹਸਮੁਖ ਰਜ ਕੇ ਹੈ। ਸਾਰਾ ਸਾਰਾ ਦਿਨ

ਖਿੜੇ ਮਥੇ ਕੰਮ ਕਰਦਾ ਏ, ਘਰ-ਬਾਹਰ ਵਿਚ ਖੁਸ਼ੀਆ ਖਲੇਰਦਾ ਰਹਿੰਦਾ ਹੈ। ਅਸੀਂ ਪਰਦੇਸ ਜਾ ਰਹੇ ਹਾਂ ਤੇ ਸਭ ਤੋਂ ਵਧੀਕ ਅਫ਼ਸੋਸ ਸਾਨੂੰ ਸ਼ਾਮ ਸੁੰਦਰ ਨੂੰ ਪਿਛੇ ਛਡ ਕੇ ਜਾਣ ਦਾ ਏ....."

".....ਸ਼ਾਮ ਸੁੰਦਰ ਨੂੰ ਅਸੀਂ ਨੌਕਰ ਕਦੀ ਵੀ ਨਹੀਂ ਸਮਝਿਆ। ਹੁਣ ਵਿਛੜਨ ਲਗਾ ਏ ਤਾਂ ਇੰਝ ਲਗਦਾ ਹੈ ਜਿਵੇਂ ਘਰ ਦਾ ਕੋਈ ਬੰਦਾ ਵਿਛੜ ਰਿਹਾ ਹੋਵੇ....."

ਵਡਿਆਂ ਵਡਿਆਂ ਮੁਅਤਬਿਰ ਅਫ਼ਸਰਾਂ ਦੀਆਂ ਇਸ ਤਰ੍ਹਾਂ ਦੀਆਂ ਕਈ ਚਿਠੀਆਂ ਸ਼ਾਮ ਸੁੰਦਰ ਕੋਲ ਸਨ। ਕੋਈ ਪੁਲਸ ਦਾ ਅਫ਼ਸਰ ਸੀ, ਕੋਈ ਫ਼ੌਜ ਦਾ ਅਫ਼ਸਰ। ਹਰ ਕੋਈ ਉਸਦੇ ਕੰਮ ਦੀ ਸ਼ਲਾਘਾ ਕਰਦਾ। ਹਰ ਕੋਈ ਉਸਦੀ ਦਿਆਨਤਦਾਰੀ ਦੇ ਗੁਣ ਗਾਂਦਾ। ਹਰ ਕੋਈ ਉਹਦੀ ਹੰਸਮੁਖਤਾ ਦਾ ਚਰਚਾ ਕਰਦਾ।

ਤੇ ਬਾਬੂ ਰਾਮ ਪਿਆਰੇ ਤੇ ਉਹਦੀ ਪਤਨੀ ਖੁਸ਼ ਸਨ ਇਹੋ ਜਿਹਾ ਨੌਕਰ ਉਨ੍ਹਾਂ ਨੂੰ ਮਿਲ ਗਿਆ।

ਚੰਗਾ ਨੌਕਰ ਚੰਗੇ ਭਾਗਾਂ ਨਾਲ ਮਿਲਦਾ ਹੈ, ਉਠਦਿਆਂ-ਬਹਿੰਦਿਆਂ ਬਾਬੂਆਣੀ ਕਹਿੰਦੀ ਰਹਿੰਦੀ।

ਤੇ ਸ਼ਾਮ ਸੁੰਦਰ ਨੇ ਘਰ ਦੇ ਸਾਰੇ ਕੰਮ ਨੂੰ ਸੰਭਾਲ ਲਿਆ। ਬਾਬੂਆਣੀ ਦੇ ਪਿਛਲੇ ਬਾਰ੍ਹਾਂ ਵਰ੍ਹਿਆਂ ਵਿਚ ਲਗਾਤਾਰ ਇਕ ਸਾਲ ਛਡ ਕੇ ਹੋਏ ਬੱਚਿਆਂ ਦੇ ਕੰਮ, ਗਊ ਦੇ ਕੰਮ ਜਿਸ ਨੂੰ ਬਾਬੂ ਜੀ ਨੇ ਕਮੇਟੀ ਤੋਂ ਚੋਰੀ ਡਿਉਢੀ ਵਿਚ ਬੱਧਾ ਹੋਇਆ ਸੀ, ਚੌਂਕੇ-ਚੁਲ੍ਹੇ ਦਾ ਕੰਮ, ਕੰਮ ਤੋਂ ਵਧੀਕ ਸੁੱਚਮ ਦਾ ਖ਼ਿਆਲ ਜਿਸਦਾ ਬਾਬੂਆਣੀ ਨੂੰ ਇਕ ਤਰ੍ਹਾਂ ਦਾ ਖ਼ਬਤ ਸੀ, ਆਂਢੀਆਂ-ਗੁਆਂਢੀਆ ਦੀਆਂ ਵਗਾਰਾਂ, ਤੇ ਹੋਰ ਕਿਤਨਾ ਕੁਝ।

ਸ਼ਾਮ ਸੁੰਦਰ ਸਵੇਰੇ ਹਨੇਰਾ ਪਏ ਉਠਦਾ ਤੇ ਰਾਤ ਸਭ ਨੂੰ

ਸਵਾ ਕੇ ਸੌਂਦਾ।

ਤੇ ਬਾਬੂ ਰਾਮ ਪਿਆਰੇ ਵਿਚ ਦਾ ਸੁਪਰਿਨਟੈਂਡੈਂਟ ਸੋਚਦਾ- ਕੀ ਹੋਇਆ ਜੇ ਸ਼ਾਮ ਸੁੰਦਰ ਦੀ ਤੰਨਖਾਹ ਪੰਜ ਰੁਪੈ ਵਧ ਸੀ, ਕੰਮ ਵੀ ਕਿਤਨਾ ਉਹ ਕਰਦਾ ਸੀ! ਉਹਦੇ ਘਰ ਦਾ ਕੰਮ ਅਗੇ ਦੋ ਨੌਕਰਾਂ ਕੋਲੋਂ ਨਹੀਂ ਸੀ ਨਿਪਟਦਾ।

ਇਕ ਨੌਕਰ ਦੀ ਤਨਖ਼ਾਹ ਬਚੀ, (ਪੰਜ ਰੁਪੈ ਘਟ ਸਹੀ) ਇਕ ਨੌਕਰ ਦੀ ਰੋਟੀ ਬਚੀ—ਬਾਬੂਆਣੀ ਕੁਝ ਇਸ ਤਰ੍ਹਾਂ ਸੋਚਦੀ—ਅਜ ਕਲ ਮਹਿੰਗਾਈ ਦੇ ਦਿਨਾਂ ਵਿਚ ਤਨਖਾਹ ਤੋਂ ਵਧੀਕ ਤੇ ਕਿਤੇ ਨੌਕਰ ਦੀ ਰੋਟੀ ਤੇ ਖ਼ਰਚ ਹੁੰਦਾ ਏ। ਤੇ ਇਹ ਖਸਮਾਂ ਖਾਣੇਂ ਖਾਂਦੇ ਵੀ ਕਿਤਨਾ ਨੇ.....

ਸਵੇਰੇ ਸਰਘੀ ਵੇਲੇ ਉਠਦਾ ਸ਼ਾਮ ਸੁੰਦਰ ਅੰਗੀਠੀ ਭਖਾਂਦਾ। ਜਿਤਨਾ ਚਿਰ ਅੰਗੀਠੀ ਭਖਦੀ ਉਹ ਗਊ ਦਾ ਗੁਤਾਂਵਾ ਕਰ ਲੈਂਦਾ, ਧਾਰ ਕਢਦਾ। ਫਿਰ ਅੰਗੀਠੀ ਤੇ ਦੁਧ ਰਖਕੇ ਝਾੜੂ ਫੜ ਸਫਾਈ ਵਿਚ ਲਗ ਜਾਂਦਾ। ਇਕ ਅਖ ਚਲ੍ਹੇ ਤੇ, ਇਕ ਅਖ ਝਾੜੂ ਵਿੱਚ, ਇਸ ਤੋਂ ਪੇਸ਼ਤਰ ਕਿ ਘਰ ਵਾਲਾ ਕੋਈ ਜਾਗਦਾ ਉਹ ਇਸ ਤਰ੍ਹਾਂ ਦੇ ਕਈ ਹੋਰ ਕੰਮ ਨਿਪਟਾ ਲੈਂਦਾ। ਫਿਰ ਚਾਹ ਪਾਣੀ, ਦੁਧ-ਦਹੀਂ, ਰੋਟੀ-ਟੁਕਰ, ਬੱਚਿਆਂ ਨੂੰ ਤਿਆਰ ਕਰਨਾ, ਬਾਬੂ ਜੀ ਦੀ ਸਾਈਕਲ ਦੀ ਝਾੜ-ਪੋਂਛ, ਬਾਬੂਆਣੀ ਦੀ ਪੂਜਾ ਲਈ ਗੁਆਂਢ ਦੇ ਬਗ਼ੀਚੇ ਵਿਚੋਂ ਫੁਲ ਤੋੜਕੇ ਲਿਆਣੇ; ਹਰ ਰੋਜ਼ ਬਗ਼ੀਚੇ ਦੇ ਮਾਲੀ ਦਾ ਖ਼ਫਾ ਹੋਣਾ, ਹਰ ਰੋਜ਼ ਸ਼ਾਮ ਸੁੰਦਰ ਦਾ ਉਹਦੇ ਗੋਡੇ ਹਥ ਲਾਣਾ, ਉਹਦੀ ਠੋਡੀ ਛੂਹ ਕੇ ਉਹਦੀ ਉਦਾਰਤਾ ਨੂੰ ਉਕਸਾਣਾ, ਇੰਝ ਦੁਪਹਿਰ ਹੋ ਜਾਂਦੀ। ਦੁਪਹਿਰ ਤੋਂ ਬਾਅਦ ਆਵਾ ਬਰਤਨਾ ਦਾ ਸਾਫ ਕਰਨ

ਲਈ ਹੁੰਦਾ । ਬਰਤਨ ਸਾਫ਼ ਕਰਕੇ ਹਟਦਾ ਤਾਂ ਇਤਨੇ ਵਿੱਚ ਬੱਚੇ ਸਕੂਲੋਂ ਮੁੜ ਆਂਦੇ। ਫਿਰ ਬਰਤਨ ਜੂਠੇ ਹੋਣੇ ਸ਼ੁਰੂ ਹੋ ਜਾਂਦੇ। ਫਿਰ ਸ਼ਾਮ ਲਈ ਰਿਝਣਾ ਸ਼ੁਰੂ ਹੋ ਜਾਂਦਾ, ਪਕਣਾ ਸ਼ੁਰੂ ਹੋ ਜਾਂਦਾ। ਫਿਰ ਥਾਲ ਪਰੋਸੇ ਜਾਂਦੇ; ਫਿਰ ਦਾਲ ਦਾ ਸਭ ਨੂੰ ਪੂਰਾ ਕਰਨਾ, ਫਿਰ ਸਬਜ਼ੀ ਦਾ ਹਥ ਰੋਕ ਕੇ ਵੰਡਣਾ, ਫਿਰ ਕੁੜੀਆਂ ਤੋਂ ਚੋਰੀ ਮੁੰਡਿਆਂ ਨੂੰ ਮੱਖਣ ਖਵਾਣਾ, ਬੀਬੀ ਲਈ ਮਲਾਈ ਬਚਾ ਕੇ ਰਖਣੀ । ਤੇ ਇੰਝ ਤ੍ਰਕਾਲਾਂ ਪੈ ਜਾਂਦੀਆਂ । ਤੇ ਭਾਂਡੇ ਮਾਂਜਦਾ, ਚੌਂਕਾ ਧੋਂਦਾ, ਚੁਲ੍ਹਿਆਂ ਨੂੰ ਲੇਪਣ ਕਰਦਾ ਸ਼ਾਮ ਸੁੰਦਰ ਢੇਰ ਰਾਤ ਗਏ ਵਿਹਲਾ ਹੁੰਦਾ। ਥੱਕਿਆ ਟੁੱਟਿਆ ਜਾਕੇ ਮੰਜੀ ਤੇ ਪੈਂਦਾ, ਲੇਟਦਿਆਂ ਸਾਰ ਸੁਸਰੀ ਵਾਂਗ ਸੌਂ ਜਾਂਦਾ।

'ਸ਼ਾਮ ਸੁੰਦਰ !' ਜਦੋਂ ਕਦੀ ਵੀ ਬਾਬੂਆਣੀ ਨੌਕਰ ਨੂੰ ਸਦਦੀ ਉਹਦੀ ਆਵਾਜ਼ ਵਿੱਚ ਇਕ ਤਰ੍ਹਾਂ ਦਾ ਸਤਿਕਾਰ ਹੁੰਦਾ ਜਿਹੜਾ ਇਕ ਸੰਤੁਸ਼ਟ ਮਾਲਕ ਆਪਣੇ ਅਹਿਲਕਾਰ ਨੂੰ ਦਿੰਦਾ ਹੈ। ਤੇ ਬੈਠਦਿਆਂ-ਉਠਦਿਆਂ ਉਹ ਕਹਿੰਦੀ ਰਹਿੰਦੀ, 'ਸ਼ਾਮ ਸੁੰਦਰ ਕਿਹਾ ਸੋਹਣਾ ਨਾਂ ਏ! ਜਿਤਨੀ ਵਾਰ ਨੌਕਰ ਨੂੰ ਬੁਲਾਓ ਉਤਨੀ ਵਾਰ ਭਗਵਾਨ ਦਾ ਨਾਂ ਮੂੰਹ ਤੋਂ ਨਿਕਲਦਾ ਹੈ।' ਤੇ ਉਹ ਹਰ ਨਿਕੀ ਨਿਕੀ ਗੱਲ ਤੇ ਹਰ ਨਿਕੇ ਨਿਕੇ ਕੰਮ ਲਈ ਨੌਕਰ ਨੂੰ ਆਵਾਜ਼ਾਂ ਦਿੰਦੀ ਰਹਿੰਦੀ। ਪਰ ਸ਼ਾਮ ਸੁੰਦਰ ਕਦੀ ਨ ਅਕਦਾ, ਕਦੀ ਨ ਖਿਝਦਾ । ਖਿੜੇ ਮਥੇ ਕੁਲ ਚਾਬਤਾਂ ਉਹਦੀਆਂ ਪੂਰੀਆਂ ਕਰਦਾ ਰਹਿੰਦਾ।

ਸ਼ਾਮ ਸੁੰਦਰ ਦੇ ਮਾਲਕ ਉਸ ਤੇ ਖੁਸ਼ ਸਨ, ਸ਼ਾਮ ਸੁੰਦਰ ਦੇ ਮਾਲਕਾਂ ਦੇ ਗਵਾਂਢੀ ਉਸ ਤੇ ਖੁਸ਼ ਸਨ, ਸ਼ਾਮ ਸੁੰਦਰ ਦੇ ਮਾਲਕਾਂ ਦੇ ਮਹਿਮਾਨ ਉਸ ਤੇ ਖੁਸ਼ ਰਹਿੰਦੇ। ਪਰ ਇਕ ਨੱਲ

ਸ਼ਾਮ ਸੁੰਦਰ ਨੂੰ ਕੁਝ ਚਿਰ ਤੋਂ ਅਜੀਬ ਅਜੀਬ ਲਗਦੀ ਸੀ। ਤੇ ਕਦੀ ਕਦੀ ਜਦੋਂ ਇਸ ਦਾ ਉਹਨੂੰ ਖ਼ਿਆਲ ਆਉਂਦਾ, ਉਹਦੇ ਮੂੰਹ ਦਾ ਸਵਾਦ ਕੁਝ ਕੁਝ ਖ਼ਰਾਬ ਹੋ ਜਾਂਦਾ। ਪਰ ਸ਼ਾਮ ਸੁੰਦਰ ਦਾ ਦਿਲ ਸਮੁੰਦਰ ਜਿਡਾ ਚੌੜਾ ਸੀ ਤੇ ਉਹ ਮੁੜ-ਮੁੜ ਦਰਗੁਜ਼ਰ ਕਰ ਛਡਦਾ।

ਗਲ ਇਹ ਸੀ ਕਿ ਜਦੋਂ ਦਾ ਸ਼ਾਮ ਸੁੰਦਰ ਇਸ ਘਰ ਵਿੱਚ ਨੌਕਰ ਹੋਇਆ ਤਨਖ਼ਾਹ ਦੇ ਮਾਮਲੇ ਵਿੱਚ ਕੁਝ ਗੜ-ਬੜ ਹੀ ਰਹੀ ਸੀ। ਪਹਿਲੇ ਮਹੀਨੇ ਦੀ ਤਨਖ਼ਾਹ ਬਾਬੂ ਜੀ ਨੇ ਠੀਕ ਪਹਿਲੀ ਤਰੀਕ ਦੇ ਛਡੀ ਸੀ। ਪਰ ਦੂਜੇ ਮਹੀਨੇ ਦੀ ਤਨਖ਼ਾਹ ਦਸ ਤਰੀਕ ਜਾਕੇ ਦਿਤੀ ਸੀ ਤੇ ਫਿਰ ਕੋਈ ਵੀਹ ਤਰੀਕ ਤੋਂ ਬਾਅਦ ਬਾਬੂਆਣੀ ਨੇ ਪੰਜ-ਪੰਜ ਸਤ-ਸਤ ਕਰਕੇ ਸਾਰੀ ਦੀ ਸਾਰੀ ਉਸ ਮਹੀਨੇ ਦੀ ਤਨਖ਼ਾਹ, ਸਗੋਂ ਪਿਛਲੇ ਮਹੀਨੇ ਦੇ ਵੀ ਬਚੇ ਹੋਏ ਕੁਝ ਪੈਸੇ, ਮੋੜ ਲਏ ਸਨ। ਸ਼ਾਮ ਸੁੰਦਰ ਖ਼ਿਆਲ ਕਰਦਾ, ਕੋਈ ਗੱਲ ਨਹੀਂ। ਅੰਦਰ ਪਏ ਪੈਸੇ ਉਸਦਾ ਵੀ ਕੀ ਸੰਵਾਰਦੇ ਸਨ? ਅਗਲੇ ਮਹੀਨੇ, ਉਹ ਸੋਚਦਾ, ਉਸਨੂੰ ਸਾਰੇ ਰੁਪੈ ਇਕਠੇ ਮਿਲ ਜਾਣਗੇ ਤੇ ਉਹ ਆਪਣੀ ਬੁੱਢੀ ਮਾਂ ਲਈ ਪਿਛੇ ਪਿੰਡ ਭੇਜ ਦੇਵੇਗਾ। ਉਹਦਾ ਆਪਣਾ ਖਰਚ ਵੀ ਕੀ ਸੀ?

ਅਗਲਾ ਮਹੀਨਾ ਆਇਆ। ਪਹਿਲੀ ਤ੍ਰੀਕ, ਪੰਜ ਤ੍ਰੀਕ, ਦਸ ਤ੍ਰੀਕ, ਪੰਦਰਾਂ ਤ੍ਰੀਕ, ਵੀਹ ਤ੍ਰੀਕ.....। ਸ਼ਾਮ ਸੁੰਦਰ ਬਾਬੂ ਦੇ ਮੂੰਹ ਵਲ ਵੇਖਦਾ ਰਿਹਾ, ਬਾਬੂਆਣੀ ਦੇ ਮੂੰਹ ਵਲ ਵੇਖਦਾ ਰਿਹਾ ਤੇ ਮਹੀਨਾ ਗੁਜ਼ਰ ਗਿਆ।

ਸ਼ਾਮ ਸੁੰਦਰ ਦਿਲ ਲਾਕੇ ਕੰਮ ਕਰਦਾ, ਜਾਨ ਮਾਰਕੇ ਕੰਮ ਕਰਦਾ, ਵੂਹਾਂ-ਫਹੀਂ ਕਰਕੇ ਘਰ ਦੀ ਬੱਚਤ ਕਰਦਾ

ਰਹਿੰਦਾ, ਪੈਸੇ ਪੈਸੇ ਦਾ ਆਪਣੇ ਮਾਲਕਾਂ ਦਾ ਸਰਫਾ ਕਰਦਾ। ਆਂਢੀ-ਗੁਆਂਢੀ, ਅੱਲੇ-ਮਹੱਲੇ ਵਾਲੇ, ਬਜ਼ਾਰ ਦੇ ਹਟਵਾਣੀਏ ਜਿਥੋਂ ਉਹ ਚੀਜ਼-ਵਸਤ ਖ਼ਰੀਦ, ਕੇ ਲਿਆਂਦਾ ਸਾਰੇ ਸ਼ਾਮ ਸੁੰਦਰ ਦੀ ਵਫ਼ਾਦਾਰੀ, ਆਪਣੇ ਮਾਲਕ ਲਈ ਦਰਦ ਦੀ ਸ਼ਲਾਘਾ ਕਰਦੇ ਨ ਥੱਕਦੇ।

ਤੇ ਬਾਬੂਆਣੀ ਨੇ ਸਾਰਾ ਘਰ ਨੌਕਰ ਦੇ ਹਵਾਲੇ ਕੀਤਾ ਹੋਇਆ ਸੀ। ਜੋ ਮਰਜ਼ੀ ਕਢੇ ਜੋ ਮਰਜ਼ੀ ਪਾਵੇ। ਨ ਕਿਸੇ ਚੀਜ਼ ਨੂੰ ਉਸ ਨੇ ਤਾਲਾ ਲਾਇਆ ਸੀ ਨ ਕਿਸੇ ਚੀਜ਼ ਨੂੰ ਆਪਣੇ ਕਬਜ਼ੇ ਵਿੱਚ ਰਖਿਆ ਸੀ। ਹੋਰ ਤੇ ਹੋਰ ਉਹਦੇ ਗਹਿਣਿਆਂ ਵਾਲੇ ਟਰੰਕ ਦੀ ਚਾਬੀ ਵੀ ਉਸੇ ਗੁੱਛੇ ਵਿੱਚ ਰਹਿੰਦੀ, ਜਿਹੜਾ ਗੁੱਛਾ ਦਿਨ ਦਾ ਅਧਿਕ ਹਿੱਸਾ ਸ਼ਾਮ ਸੁੰਦਰ ਦੇ ਕੋਲ ਹੁੰਦਾ ਸੀ। ਕਈ ਵਾਰ ਬਾਬੂਆਣੀ ਗ਼ੁਸਲਖਾਨੇ ਵਿਚ ਆਪਣੀ ਮੁੰਦਰੀ ਭੁਲ ਆਂਦੀ ਸੀ, ਕਈ ਵਾਰ ਬਾਬੂ ਆਪਣੀ ਘੜੀ ਲਾਹਕੇ ਥਾਂ-ਕੁਥਾਂ ਰਖ ਛਡਦਾ ਤੇ ਸ਼ਾਮ ਸੁੰਦਰ ਸੰਭਾਲ ਸੰਭਾਲ ਉਨ੍ਹਾਂ ਨੂੰ ਵਾਪਸ ਕਰਦਾ ਸੀ।

ਇਕ ਹੋਰ ਮਹੀਨਾ ਚੜ੍ਹਿਆ ਤੇ ਅਜੇ ਵੀ ਸ਼ਾਮ ਸੁੰਦਰ ਨੂੰ ਤਨਖ਼ਾਹ ਨਹੀਂ ਸੀ ਮਿਲੀ। ਕਦੀ ਸ਼ਾਮ ਸੁੰਦਰ ਨੂੰ ਆਪਣੇ ਮਾਲਕਾਂ ਤੇ ਅਫ਼ਸੋਸ ਹੁੰਦਾ, ਕਦੀ ਤਰਸ ਆਂਦਾ। ਵਿਚਾਰਿਆਂ ਦੇ ਖ਼ਰਚ ਇਤਨੇ ਸਨ! ਤਨਖ਼ਾਹ ਤੇ ਗਿਣੀ-ਮਿਥੀ ਹੀ ਆਂਦੀ ਸੀ। ਪਿਛਲੇ ਮਹੀਨੇ ਬੱਚਿਆਂ ਦੇ ਇਮਤਿਹਾਨਾਂ ਦੇ ਦਾਖ਼ਲੇ ਦੇਣੇ ਸਨ, ਉਸ ਤੋਂ ਪਿਛਲੇ ਮਹੀਨੇ ਬਾਬੂ ਜੀ ਨੇ ਨਵੀਂ ਸਾਈਕਲ ਖ਼ਰੀਦੀ ਸੀ, ਉਸ ਤੋਂ ਪਿਛਲੇਰੇ ਮਹੀਨੇ ਘਰ ਵਿੱਚ ਬੀਮਾਰੀ ਰਹੀ ਸੀ।

ਇਸ ਮਹੀਨੇ ਦੀ ਵੀ ਪੰਜ ਤਰੀਕ ਗੁਜ਼ਰ ਗਈ ਤੇ

ਸ਼ਾਮ ਸੁੰਦਰ ਨੂੰ ਤਨਖ਼ਾਹ ਨ ਮਿਲੀ। ਸ਼ਾਮ ਸੁੰਦਰ ਦੀ ਕਮੀਜ਼ ਛਿੱਜ ਗਈ ਸੀ ਤੇ ਉਹਨੇ ਨਵੀਂ ਕਮੀਜ਼ ਇਕ ਬੜੀ ਜ਼ਰੂਰੀ ਬਨਵਾਣੀ ਸੀ। ਇਕ ਹੋਰ ਧੋ ਪਿਆ ਤੇ ਕਮੀਜ਼ ਦੇ ਲਰੀਂਦਰੇ ਲਹਿ ਜਾਣੇ ਸਨ। ਤੇ ਕਮੀਜ਼ ਉਹਨੂੰ ਕਲ ਦੀ ਮੈਲੀ ਮੈਲੀ ਲੱਗ ਰਹੀ ਸੀ।

ਇਕ ਦਿਨ ਹੋਰ ਉਡੀਕ, ਸ਼ਾਮ ਸੁੰਦਰ ਨੇ ਅਤਿ ਮਜਬੂਰ ਹੋ, ਸ਼ਾਮੀਂ ਜਦੋਂ ਬਾਬੂ ਜੀ ਘਰ ਆਏ ਉਨ੍ਹਾਂ ਤੋਂ ਦਸ ਰੁਪੈ ਮੰਗੇ।

"ਬਈ, ਪੈਸੇ ਤੇ ਹੈ ਨਹੀਂ। ਕੁਝ ਦਿਨ ਹੋਰ ਠਹਿਰ ਜਾ।" ਬਾਬੂ ਜੀ ਨੇ ਕਿਹਾ ਤੇ ਸਵੇਰ ਦਾ ਅਖ਼ਬਾਰ ਚੁਕ ਪੜ੍ਹਨ ਲਗ ਪਏ।

ਸ਼ਾਮ ਸੁੰਦਰ ਨੇ ਆਪਣੀ ਕਮੀਜ਼ ਵਲ ਮਾਲਕ ਦਾ ਧਿਆਨ ਦਵਾਇਆ। ਪਰ ਉਹ ਉਂਝ ਦਾ ਉਂਝ ਅਖ਼ਬਾਰ ਪੜ੍ਹਦਾ ਰਿਹਾ। Negligence

ਸ਼ਾਮ ਸੁੰਦਰ ਨੇ ਇੰਵ ਕਦੀ ਲਿਲਕੜੀਆਂ ਨਹੀਂ ਲਈਆਂ ਸਨ। ਤੇ ਉਸਨੂੰ ਅਜ ਆਪਣਾ-ਆਪ ਡਾਢਾ ਬੁਰਾ ਬੁਰਾ ਲਗਾ। ਫੇਰ ਉਸ ਸੋਚਿਆ, ਜੇ ਮਾਲਕ ਕੋਲ ਪੈਸੇ ਨਹੀਂ ਸਨ ਤਾਂ ਕਿਥੋਂ ਉਹਨੂੰ ਉਹ ਦਿੰਦਾ? ਤੇ ਉਸ ਸਬਰ ਸ਼ੁਕਰ ਕਰ ਲਿਆ।

ਕੋਈ ਅਧੇ ਘੰਟੇ ਬਾਅਦ, ਚੁਪ-ਚੁਪੀਤਾ ਨਾਲ ਦੇ ਕਮਰੇ ਵਿਚ ਕੰਮ ਕਰ ਰਿਹਾ, ਸ਼ਾਮ ਸੁੰਦਰ ਨੇ ਵੇਖਿਆ, ਮਾਲਕ ਆਪਣੇ ਕਪੜੇ ਉਤਾਰ ਰਿਹਾ ਸੀ। ਪਹਿਲੇ ਉਸਨੇ ਕੋਟ ਉਤਾਰਿਆ। ਫੇਰ ਕੋਟ ਦੀ ਜੇਬ ਵਿਚੋਂ ਨੋਟਾਂ ਦਾ ਇਕ ਦਥਾ ਕਢ ਕਪੜਿਆਂ ਵਾਲੀ ਅਲਮਾਰੀ ਦੀ ਇਕ ਨੁੱਕਰ

ਵਿੱਚ ਰਖ ਦਿੱਤਾ।

ਸ਼ਾਮ ਸੁੰਦਰ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ। ਜਿਹੜਾ ਕਪੜਾ ਉਹ ਤਹਿ ਕਰ ਰਿਹਾ ਸੀ ਉਹਦੇ ਹਥਾਂ ਵਿਚੋਂ ਤਿਲ੍ਹਕ ਕੇ ਹੇਠ ਜਾ ਪਿਆ। ਤੇ ਇਸ ਤੋਂ ਪੇਸ਼ਤਰ ਕਿ ਉਸ ਨੂੰ ਪਤਾ ਲਗੇ ਉਹ ਕੀ ਕਰ ਰਿਹਾ ਸੀ ਉਹ ਘਰ ਦੇ ਬਾਹਰ ਪਿਛੋਕੜ ਦੇ ਵਿਹੜੇ ਵਿੱਚ ਟਹਿਲ ਰਿਹਾ ਸੀ।

ਸ਼ਾਮ ਸੁੰਦਰ ਸੋਚਦਾ ਰਿਹਾ, ਸੋਚਦਾ ਰਿਹਾ। ਫੇਰ ਉਸ ਨੂੰ ਅੰਦਰੋਂ ਆਵਾਜ਼ ਆਈ। ਫੇਰ ਇਕ ਹੋਰ ਆਵਾਜ਼ ਆਈ। ਬਾਬੂਆਣੀ ਵਿਚਾਰੀ ਕਾਹਲੀ ਪੈ ਰਹੀ ਸੀ। ਤੇ ਉਹ ਬਧਾ ਹੋਇਆ ਜਿਵੇਂ ਹੁਕਮ ਦਾ ਅੰਦਰ ਚਲਾ ਗਿਆ। ਇਕ ਕੰਮ, ਇਕ ਵਿਚੋਂ ਇਕ ਹੋਰ ਕੰਮ, ਉਸ ਵਿਚੋਂ ਅਗਲਾ ਕੰਮ। ਇੰਵ ਸ਼ਾਮ ਹੋ ਗਈ।

ਸ਼ਾਮੀਂ ਅਲਮਾਰੀ ਵਿਚੋਂ ਕੋਈ ਚੀਜ਼ ਕਢਦੇ ਸ਼ਾਮ ਸੁੰਦਰ ਨੇ ਵੇਖਿਆ ਇਕ ਨੁਕਰ ਵਿੱਚ ਕਪੜਿਆਂ ਹੇਠ ਲੁਕਾਏ ਸੌ ਸੌ ਦੇ ਨੋਟ ਰਖੇ ਸਨ। ਪਤਾ ਨਹੀਂ ਕਿਉਂ ਅਜ ਪਹਿਲੀ ਵਾਰ ਉਹਦਾ ਜੀ ਕੀਤਾ, ਵੇਖੇ ਤਾਂ ਸਹੀ ਮਾਲਕ ਦੀ ਜੇਬ ਵਿਚ ਕਿਤਨੇ ਪੈਸੇ ਸਨ, ਜਦੋਂ ਉਸ ਉਹਨੂੰ ਉਹਦੀ ਕੋਈ ਚਾਰ ਮਹੀਨਿਆਂ ਦੀ ਤਨਖ਼ਾਹ ਪਿਛੇ ਦਸ ਰੁਪੈ ਦੇਣੋ ਵੀ ਇਨਕਾਰ ਕਰ ਛਡਿਆ ਸੀ। ਤੇ ਸ਼ਾਮ ਸੁੰਦਰ ਨੇ ਨੋਟਾਂ ਦੇ ਦਥੇ ਨੂੰ ਗਿਣਿਆ। ਸੌ ਸੌ ਰੁਪੈ ਦੇ ਪੂਰੇ ਅਠ ਨੋਟ ਸਨ।

ਸੌ ਸੌ ਰੁਪੈ ਦੇ ਪੂਰੇ ਅਠ ਨੋਟ! ਸ਼ਾਮ ਸੁੰਦਰ ਨੇ ਨੋਟਾਂ ਦੇ ਦਥੇ ਨੂੰ ਹਥ ਵਿਚ ਲੈ ਕੇ ਜ਼ੋਰ ਦਾ ਮੁੱਠੀ ਨੂੰ ਨਪੀੜਿਆ। ਤੇ ਫੇਰ ਉਂਵ ਦੇ ਉਂਵ ਸਗਵੇਂ ਨੋਟ ਮੁੜ ਅਲਮਾਰੀ ਵਿੱਚ ਰਖ ਦਿੱਤੇ। ਪਰ ਉਸ ਥਾਂ ਨਹੀਂ ਜਿਥੋਂ ਉਸ ਦਥੇ ਨੂੰ ਚੁਕਿਆ ਸੀ।

ਸ਼ਾਮ ਸੁੰਦਰ ਨੇ ਜਾਣ ਬੁਝ ਕੇ ਖ਼ਾਨਾ ਵੀ ਬਦਲ ਦਿੱਤਾ, ਨੁਕਰ ਵੀ ਬਦਲ ਦਿਤੀ।

ਤੇ ਉਸ ਸ਼ਾਮ ਘਰ ਦੇ ਕੰਮਾਂ ਵਿੱਚ ਦੌੜਦੇ ਜਦੋਂ ਸ਼ਾਮ ਸੁੰਦਰ ਨੂੰ ਆਪਣੀ ਇਸ ਹਰਕਤ ਦਾ ਖ਼ਿਆਲ ਆਂਦਾ ਇਕ ਮੁਸਕੜੀ ਜਹੀ ਉਹਦੀਆਂ ਬੁਲ੍ਹੀਆਂ ਤੇ ਛਿਨ ਦੇ ਛਿਨ ਲਈ ਖੇਡ ਜਾਂਦੀ।

ਤੂਕਾਲਾਂ ਦੇ ਪਰਛਾਵੇਂ ਵਧ ਰਹੇ ਸਨ ਕਿ ਸ਼ਾਮ ਸੁੰਦਰ ਨੇ ਸੁਣਿਆ ਇਕ ਅਤਿ ਘਬਰਾਈ ਹੋਈ ਅਵਾਜ਼ ਵਿਚ ਬਾਬੂ ਜੀ ਨੇ ਬਾਬੂਆਣੀ ਨੂੰ ਕਮਰੇ ਵਿਚ ਸੱਦਿਆ। ਫਿਰ ਕੁਝ ਚਿਰ ਖ਼ਾਮੋਸ਼ੀ ਰਹੀ। ਫਿਰ ਉਂਝ ਦੀ ਉਂਝ ਘਬਰਾਈ ਹੋਈ ਅਵਾਜ਼ ਵਿਚ ਸਭ ਤੋਂ ਵਡੇ ਬੱਚੇ ਨੂੰ ਸਦਿਆ ਗਿਆ। ਫਿਰ ਕੁਝ ਚਿਰ ਖ਼ਾਮੋਸ਼ੀ ਰਹੀ। ਫਿਰ ਉਂਝ ਦੀ ਉਂਝ ਘਬਰਾਈ ਹੋਈ ਆਵਾਜ਼ ਵਿਚ ਉਸ ਤੋਂ ਨਿੱਕੇ ਬੱਚੇ ਨੂੰ ਬੁਲਾਇਆ ਗਿਆ। ਫਿਰ ਕੁਝ ਚਿਰ ਖ਼ਾਮੋਸ਼ੀ ਰਹੀ। ਤੇ ਫੇਰ ਸ਼ਾਮ ਸੁੰਦਰ ਨੂੰ ਸਦਿਆ ਗਿਆ। ਬੀਬੀ ਆਪ ਉਸ ਨੂੰ ਬੁਲਾਣ ਆਈ।

ਇਥੇ ਅਲਾਮਾਰੀ ਵਿਚ ਮੈਂ ਅਠ ਸੌ ਰੁਪਿਆ ਰਖਿਆ ਸੀ, ਬਾਬੂ ਨੇ ਸ਼ਾਮ ਸੁੰਦਰ ਤੋਂ ਪੁਛਿਆ। ਘਬਰਾਹਟ ਵਿਚ ਖ਼ੁਸ਼ਕ ਹੋਏ ਉਹਦੇ ਗਲੇ ਵਿਚੋਂ ਅਵਾਜ਼ ਨਹੀਂ ਨਿਕਲ ਰਹੀ ਸੀ।

ਸ਼ਾਮ ਸੁੰਦਰ ਹੈਰਾਨ ਜਿਹਾ ਹੋ ਬਿਟ ਬਿਟ ਬਾਬੂ ਵਲ ਵੇਖਣ ਲਗ ਪਿਆ। ਉਸਨੂੰ ਕੀ ਪਤਾ ਸੀ? ਉਹ ਤੇ ਵਿਚਾਰਾ ਨੌਕਰ ਸੀ, ਜਿਸ ਨੇ ਸਾਰੀ ਉਮਰ ਈਮਾਨਦਾਰੀ ਨਾਲ ਕੰਮ ਕੀਤਾ ਸੀ। ਉਸ ਕੋਲ ਤੇ ਵਡੇ ਵਡੇ ਅਫ਼ਸਰਾਂ ਦੇ ਸਰਟੀਫੀਕੇਟ ਸਨ।

ਪਰ ਤੁਸੀਂ ਤੇ ਗੁਣੇ ਕਹਿੰਦੇ ਸੀ ਪੈਸੇ ਤੁਹਾਡੇ ਕੋਲ ਹੈਣ ਹੀ ਨਹੀਂ। ਕੁਝ ਚਿਰ ਬਾਅਦ ਆਹਿਸਤਾ ਜਿਹੇ ਠੰਢੇ ਠਾਰ, ਸੀਤਲ-ਸੁਭਾ ਸ਼ਾਮ ਸੁੰਦਰ ਨੇ ਕਿਹਾ ਤੇ ਫੇਰ ਬਿਟ ਬਿਟ ਸਭ ਦੇ ਮੂੰਹਾਂ ਵਲ ਵੇਖਣ ਲਗ ਪਿਆ। ਹਰ ਚਿਹਰੇ ਤੇ ਹਵਾਈਆਂ ਉੱਡੀਆਂ ਹੋਈਆਂ ਸਨ। ਇਕ ਝਟ ਦੇ ਝਟ ਪੀਲੇ ਕੂਕ ਮੂੰਹ ਨਿਕਲ ਆਏ ਸਨ ਬਾਬੂ ਤੇ ਬਾਬੂਆਣੀ ਦੇ।

ਕੁਝ ਚਿਰ ਇੰਝ ਖਲੋ ਸ਼ਾਮ ਸੁੰਦਰ ਰਸੋਈ ਵਿਚ ਮੁੜ ਆਇਆ ਤੇ ਉਂਝ ਦਾ ਉਂਝ ਟਿੰਨੂਣ-ਪਕਾਣ ਦੇ ਆਹਰ ਲਗ ਗਿਆ।

ਨੌਕਰ ਕਿਵੇਂ ਪੈਸੇ ੁਰਾ ਸਕਦਾ ਸੀ ? ਬਾਬੂਆਣੀ ਸੋਚਦੀ, ਅਜੇ ਤੇ ਕਲ ਉਸ ਝਾੜੂ ਦਿੰਦੇ ਹੋਏ ਇਹਦਾ ਝੁਮਕਾ ਲਭਿਆ ਸੀ। ਇਸ ਨੂੰ ਤੇ ਪਤਾ ਵੀ ਨਹੀਂ ਸੀ ਕਦੋਂ ਡਿਗਿਆ ਸੀ, ਕਿਥੇ ਡਿਗਿਆ ਸੀ। ਨੌਕਰ ਕਿਵੇਂ ਪੈਸੇ ਚੁਰਾ ਸਕਦਾ ਸੀ ? ਬਾਬੂ ਆਪ ਸੋਚਦਾ, ਇਤਨੇ ਇਤਨੇ ਵਡੇ ਆਦਮੀਆਂ ਨੇ ਉਹਦੀ ਸ਼ਲਾਘਾ ਕੀਤੀ ਸੀ। ਹਜ਼ਾਰਾਂ ਰੁਪੈ ਲੋਕਾਂ ਦੇ ਘਰਾਂ ਵਿਚ ਪਏ ਰਹਿੰਦੇ ਹਨ।

ਤੇ ਖ਼ਾਵੰਦ ਤ੍ਰੀਮਤ ਦੇ ਮੂੰਹ ਵਲ ਵੇਖਦਾ, ਤ੍ਰੀਮਤ ਖ਼ਾਵੰਦ ਦੇ ਮੂੰਹ ਵਲ ਵੇਖਦੀ।

ਘਰ ਵਿਚ ਜਿਵੇਂ ਸੋਗ ਪੈ ਗਿਆ। ਬਾਬੂ ਚੁਪ। ਬਾਬੂਆਣੀ ਚੁਪ। ਵਡਾ ਬੱਚਾ ਚੁਪ। ਛੋਟਾ ਚੁਪ। ਬਾਹਰੋਂ ਖੇਡ ਕੇ ਆਏ ਉਸ ਤੋਂ ਛੋਟੇ ਸਾਰੇ ਬੱਚੇ ਚੁਪ।

ਬਾਬੂ ਸੋਚਦਾ ਪੁਲਸ ਨੂੰ ਰੀਪੋਰਟ ਕਰੇ। ਪਰ ਪੁਲਸ ਨੂੰ ਕੀ ਕਵੇਗਾ ? ਉਸ ਨੂੰ ਕਿਸ ਤੇ ਸ਼ੱਕ ਸੀ ? ਘਰ ਵਿਚ ਘਰ ਵਾਲੇ ਸਨ ਤੇ ਨੌਕਰ ਸੀ। ਨੌਕਰ ਜਿਹੜਾ ਘਰ ਵਾਲਿਆਂ ਤੋਂ

ਜ਼ਿਆਦਾ ਘਰ ਦਾ ਦਰਦ ਕਰਦਾ ਸੀ, ਜਿਸਦੀ ਵਫ਼ਾਦਾਰੀ ਦੇ ਗੁਣ ਬਹਿੰਦਿਆਂ ਉਠਦਿਆਂ ਤ੍ਰੀਮਤ-ਖ਼ਾਵੰਦ ਗਾਂਦੇ ਰਹਿੰਦੇ ਸਨ। ਜਿਸ ਦੀ ਈਮਾਨਦਾਰੀ ਬਾਬਤ ਗਲੀ-ਮਹੱਲੇ, ਆਂਢ-ਗੁਆਂਢ, ਜਾਣ-ਪਛਾਣ ਵਾਲਾ ਹਰ ਕੋਈ ਸ਼ਰੀਕ ਖਾ ਸਕਦਾ ਸੀ।

ਬਾਬੂਆਣੀ ਮੁੜ ਮੁੜ ਅਲਮਾਰੀ ਦੇ ਉਸ ਖ਼ਾਨੇ ਵਿਚ ਵੇਖਦੀ। ਕਦੀ ਕਪੜਿਆਂ ਨੂੰ ਹੇਠ ਕਰਦੀ, ਕਦੀ ਕਪੜਿਆਂ ਨੂੰ ਉਤੇ ਕਰਦੀ। ਅਲਮਾਰੀ ਦੀ ਪਿਛਲੀ ਲਕੜੀ ਵਿਚ ਸੁਰਾਖ ਸੀ। ਤੇ ਉਸ ਸੋਚਿਆ ਖ਼ਬਰੇ ਕੋਈ ਚੂਹਾ ਹੀ ਨੋਟਾਂ ਨੂੰ ਘਸੀਟ ਕੇ ਲੈ ਗਿਆ ਹੋਵੇ। ਤੇ ਘਰ ਵਾਲੇ ਸਾਰੇ ਫਿਰ ਚੂਹਿਆਂ ਦੀਆਂ ਖੁੱਡਾਂ ਨੂੰ ਟੋਲਣ ਲਗ ਗਏ। ਜੋ ਨੁਕਰਾਂ, ਜੋ ਕੋਨੇ, ਜੋ ਵਿਚੱਲੇ ਘਰ ਦੇ ਸਨ, ਸਾਰੇ ਦੇ ਸਾਰੇ ਉਨ੍ਹਾਂ ਨੇ ਪੁਟ ਮਾਰੇ। ਪਰ ਸੌ ਸੌ ਦੇ ਅਠ ਨੋਟ, ਬਾਬੂ ਦੇ ਗੂੜ੍ਹੇ ਪਸੀਨੇ ਦੀ ਕਮਾਈ, ਏਡੀ ਵਡੀ ਰਕਮ ਜਿਸ ਨਾਲ ਉਨ੍ਹਾਂ ਦੇ ਕਈ ਪਰੋਗਰਾਮ ਸਬੰਧਤ ਸਨ ਨਾ ਮਿਲਣੀ ਸੀ ਨ ਮਿਲੀ।

ਰਾਤ ਨੂੰ ਰੋਟੀ ਤੇ ਬੱਚਿਆਂ ਨੇ ਇਕ-ਇਕ ਦੋ-ਦੋ ਗਰਾਹੀਆਂ ਖਾਧੀਆਂ। ਬਾਬੂ ਤੇ ਬਾਬੂਆਣੀ ਕੋਲੋਂ ਰੋਟੀ ਵਲ ਵੇਖਿਆ ਨਾ ਗਿਆ। ਕਦੀ ਅੰਦਰ ਬੈਠਦੇ ਕਦੀ ਬਾਹਰ ਬੈਠਦੇ। ਕਿਤੇ ਉਨ੍ਹਾਂ ਨੂੰ ਦੈਨ ਨ ਆਉਂਦਾ। ਢੇਰ ਰਾਤ ਹੋ ਗਈ। ਸ਼ਾਮ ਸੁੰਦਰ ਮਾਲਕਾਂ ਦੇ ਮੂੰਹ ਵਲ ਵੇਖ ਵੇਖ, ਅਖ਼ੀਰ ਰਸੋਈ ਦਾ ਦਰਵਾਜ਼ਾ ਬੰਦ ਕਰ ਵਿਹੜੇ ਦੇ ਪਾਰ ਇਕ ਕੋਨੇ ਵਿਚ ਆਪਣੀ ਮੰਜੀ ਤੇ ਜਾ ਲੇਟਿਆ।

ਸਾਹਮਣੇ ਬਰਾਮਦਾ, ਬਰਾਮਦੇ ਵਾਲਾ ਕਮਰਾ, ਬਾਹਰ ਵਿਛੀਆਂ ਬਾਬ ਤੇ ਬਾਬੂਆਣੀ ਦੀਆਂ ਚਾਰਪਾਈਆਂ, ਸ਼ਾਮ ਸੁੰਦਰ ਨੂੰ ਸਭ ਕੁਝ ਵਿਖਾਈ ਦੇ ਰਿਹਾ ਸੀ।

ਸ਼ਾਮ ਸੁੰਦਰ ਵੇਖ ਰਿਹਾ ਸੀ, ਮੁੜ ਮੁੜ ਬਾਬੂਆਣੀ ਦੇਵੀ ਦੀ ਤਸਵੀਰ ਅਗੇ ਮਥੇ ਰਗੜਦੀ, ਮੁੜ ਮੁੜ ਬਾਬੂ ਸੁਖਣਾ ਸੁਖਦਾ ਤੇ ਹਥ ਜੋੜ ਜੋੜ ਭੁਲਾਂ ਬਖਸ਼ਵਾਂਦਾ।

ਬਾਬੂਆਣੀ ਕਦੀ ਬਾਹਰ ਆਕੇ ਆਪਣੀ ਚਾਰਪਾਈ ਤੇ ਬੈਠਦੀ। ਫੇਰ ਧੋਤੀ ਦੇ ਪੱਲੇ ਨਾਲ ਹਵਾ ਝਲਦੀ ਵਿਹੜੇ ਵਿਚ ਟਹਿਲਣ ਲਗ ਪੈਂਦੀ। ਜਿਵੇਂ ਉਹਦੇ ਅੰਦਰ ਅੱਗ ਦੀ ਭੱਠੀ ਬਲ ਰਹੀ ਹੋਵੇ, ਮੁੜ ਮੁੜ ਡੂੰਘੇ ਠੰਢੇ ਸਾਹ ਉਹ ਭਰਦੀ ਤੇ ਹਵਾੜਾਂ ਕਢਦੀ ਮੁੜ ਮੁੜ ਕਹਿੰਦੀ, "ਹਾਏ ਨ ਧੀ ਦੇ ਕੰਮ, ਨ ਪੁੱਤਰ ਦੇ ਕੰਮ, ਪੂਰਾ ਅਠ ਸੌ ਰੁਪਿਆ।"

ਤੇ ਬਾਬੂ ਮੁੜ ਮੁੜ ਬਰਾਮਦੇ ਵਾਲੇ ਗੁਸਲਖ਼ਾਨੇ ਵਿਚ ਜਾਂਦਾ। ਮੁੜ ਮੁੜ ਫਲੱਸ਼ ਦੀ ਆਵਾਜ਼ ਆਂਦੀ।

ਬਾਬੂਆਣੀ ਕਹਿੰਦੀ, ਉਹ ਗਊ ਵੇਚ ਦੇਵੇਗੀ। ਬਾਬੂ ਕਹਿੰਦਾ, ਉਹ ਸਾਈਕਲ ਤੋਂ ਬਿਨਾਂ ਗੁਜ਼ਾਰਾ ਕਰ ਲਵੇਗਾ। ਦਫ਼ਤਰ ਪੈਦਲ ਜਾਇਆ ਕਰੇਗਾ ਦਫ਼ਤਰੋਂ ਪੈਦਲ ਆਇਆ ਕਰੇਗਾ। ਕੀ ਹੋਇਆ ਜੇ ਆਪਣੇ ਦੇਸ ਵਿਚ ਗਰਮੀਆਂ ਵਿਚ ਗਰਮੀ ਜ਼ਿਆਦਾ ਪੈਂਦੀ ਏ, ਸਰਦੀਆਂ ਵਿੱਚ ਸਰਦੀ ਬਹੁਤੀ ਹੁੰਦੀ ਏ ? ਆਖ਼ਰ ਸਾਈਕਲ ਤੋਂ ਬਿਨਾਂ ਕੋਈ ਮਰ ਥੋੜ੍ਹਾ ਜਾਂਦਾ ਏ।

ਸਾਹਮਣੇ ਸੁੱਤੇ ਬੱਚਿਆਂ ਵਿਚ ਮੁੰਨੀ ਮੁੜ ਮੁੜ ਉਚੇ ਉਚੇ ਘੜੋਕੇ ਮਾਰਦੀ, ਮੁੜ ਮੁੜ ਬਾਬੂਆਣੀ ਉਸਤੇ ਖਫ਼ਾ ਹੁੰਦੀ। ਇਕ ਵਾਰ ਤੇ ਉਸ ਨੂੰ ਜਾ ਕੇ ਉਹ ਝੰਝੋੜ ਵੀ ਆਈ। ਤੇ ਬਾਬੂ ਆਪਣੀ ਤ੍ਰੀਮਤ ਨੂੰ ਵਢਣ ਨੂੰ ਪੈਂਦਾ। ਗੱਲ ਗੱਲ ਤੇ ਪਿਆ ਖਿਝਦਾ। ਕਮਜ਼ੋਰੀ ਵਿਚ ਉਸਦੀ ਆਵਾਜ਼ ਮਰੀਅਲ ਜਹੀ ਹੁੰਦੀ ਜਾ ਰਹੀ ਸੀ।

ਸ਼ਹਿਰ ਦੇ ਘੜਿਆਲ ਨੇ ਇਕ ਵਜਾਇਆ, ਦੋ ਵਜਾਏ। ਬਾਬੂ ਤੇ ਬਾਬੂਆਣੀ ਅਜੇ ਵੀ ਜਾਗ ਰਹੇ ਸਨ। ਬਾਬੂ ਕਦੀ ਕੁਰਸੀ ਤੇ ਬੈਠਦਾ, ਕਦੀ ਬਰਾਮਦੇ ਦੀਆਂ ਪੌੜੀਆਂ ਤੇ ਬੈਠਦਾ, ਕਦੀ ਮੰਜੀ ਤੇ ਬਾਹਰ ਆ ਬੈਠਦਾ, ਕਦੀ ਫਿਰ ਟਹਿਲਣ ਲਗਦਾ। ਬਾਬੂਆਣੀ ਆਪਣੇ ਖ਼ਾਵੰਦ ਨੂੰ ਕਹਿੰਦੀ ਉਹ ਸੌਂਦਾ ਕਿਉਂ ਨਹੀਂ ਸੀ। ਬਾਬੂ ਆਪਣੀ ਤ੍ਰੀਮਤ ਨੂੰ ਕਹਿੰਦਾ, ਉਹ ਕਿਉਂ ਨਹੀਂ ਲੇਟਦੀ ਸੀ, ਫਿਰ ਕਿਤੇ ਬੀਮਾਰ ਹੋਈ ਤਾਂ ਡਾਕਟਰਾਂ ਦੇ ਉਹਨੂੰ ਦੌੜਨਾ ਪਵੇਗਾ।

ਬਾਬੂਆਣੀ ਕਹਿੰਦੀ, ਜ਼ਰੂਰ ਕਿਸੇ ਦੂਹੇ ਦੀ ਕਰਤੂਤ ਏ।

ਇਸ ਤੋਂ ਤੇ ਚੰਗਾ ਸੀ ਕੋਈ ਚੁਰਾ ਈ ਲੈਂਦਾ, ਬਾਬੂ ਕਹਿੰਦਾ, ਕਿਸੇ ਗ਼ਰੀਬ ਦੇ ਕੰਮ ਤੇ ਆਂਦੇ ਪੈਸੇ।

ਹਾਏ! ਕਾਹਨੂੰ ਕੋਈ ਖਸਮਾ ਖਾਣਾਂ ਚੁਰਾਂਦਾ? ਬਾਬੂਆਣੀ ਅਗੋਂ ਕੜਕ ਕੇ ਪੈਂਦੀ, ਕੋਈ ਹਰਾਮ ਦੀ ਸਾਡੀ ਕਮਾਈ ਸੀ।

ਤੇ ਫਿਰ ਬਾਬੂ ਤੇ ਬਾਬੂਆਣੀ ਬੌਂਹਸ਼ ਪੈਂਦੇ।

ਪਰ ਤੁਸੀਂ ਅਲਮਾਰੀ ਵਿਚ ਏਡੀ ਵਡੀ ਰਕਮ ਰਖੀ ਕਿਉਂ? ਬਾਬੂਆਣੀ ਕਹਿੰਦੀ।

ਯਾਦ ਤੇ ਕਰੋ ਸ਼ਾਇਦ ਕਿਤੇ ਹੋਰ ਹੀ ਤੁਸੀਂ ਰਖ ਦਿਤੇ ਹੋਣ, ਬਾਬੂਆਣੀ ਫੇਰ ਕਹਿੰਦੀ।

ਹਮੇਸ਼ਾ ਕੋਟ ਲਾਹਕੇ ਤੁਸੀਂ ਮੈਨੂੰ ਫੜਾਂਦੇ ਹੋ, ਅਜ ਕੀ ਮੁਸੀਬਤ ਆ ਗਈ ਸੀ? ਬਾਬੂਆਣੀ ਖਪਦੀ ਜਾ ਰਹੀ ਸੀ।

ਬਾਬੂ ਚੁਪ ਸੀ।

ਤੇ ਬਾਬੂਆਣੀ ਫੁਟ ਫੁਟ ਰੋਣ ਲਗ ਪਈ।

ਕਿਉਂ ਤਮਾਸ਼ਾ ਬਣਾਂਦੀ ਏਂ ? ਬਾਬੂ ਕਹਿੰਦਾ, ਕੋਈ ਗੁਆਂਢੀ ਸੁਣੇਗਾ ਤੇ ਕੀ ਕਹੇਗਾ ? ਤੇ ਉਸ ਨੂੰ ਹੋਰ ਗੁੱਸਾ ਆਂਦਾ ਆਪਣੀ ਬਾਬੂਆਣੀ ਤੇ।

ਇਸ ਤਰ੍ਹਾਂ ਸਾਰੀ ਰਾਤ ਇਕ ਦੂਜੇ ਨੂੰ ਤ੍ਰੀਮਤ-ਖ਼ਾਵੰਦ ਵਢ ਵਢ ਖਾਂਦੇ ਰਹੇ, ਟੁਕ ਟੁਕ ਖਾਂਦੇ ਰਹੇ ਤੇ ਸਵੇਰ ਹੋ ਗਈ।

ਜਾਗ ਜਾਗ ਰੋ ਰੋ ਕੇ ਬਾਬੂਆਣੀ ਦੀਆਂ ਅਖਾਂ ਸੁੱਜੀਆਂ ਹੋਈਆਂ ਸਨ। ਰਾਤ ਨੂੰ ਅਲਮਾਰੀਆਂ ਨੂੰ ਅਗੇ ਪਿਛੇ ਕਰਦੇ, ਚੂਹਿਆਂ ਦੀਆਂ ਖੁਡਾਂ ਟੋਲਦੇ, ਬਾਬੂ ਦੀ ਕਮੀਜ਼ ਦਾ ਗਲਵਾਣ ਫਟ ਗਿਆ ਸੀ। ਤੇ ਸਾਰੀ ਰਾਤ ਬਾਬੂ ਨੇ ਉਹੀ ਕਮੀਜ਼ ਪਾਈ ਰਖੀ ਸੀ। ਸਵੇਰ ਨੂੰ ਵੀ ਉਹੀ ਕਮੀਜ਼ ਉਸ ਪਾਈ ਹੋਈ ਸੀ। ਫਿਕਰਾਂ ਵਿਚ ਡੁੱਬਾ ਨ ਉਸ ਨੂੰ ਨਹਾਣ ਦੀ ਖ਼ਬਰ ਸੀ ਨ ਕਪੜੇ ਬਦਲਣ ਦਾ ਹੀ ਖ਼ਿਆਲ ਆ ਰਿਹਾ ਸੀ।

ਸ਼ਾਮ ਸੁੰਦਰ ਨੇ ਬਾਬੂ ਦੀ ਕਮੀਜ਼ ਦਾ ਫਟਾ ਹੋਇਆ ਗਲਵਾਣ ਵੇਖਿਆ। ਫੇਰ ਆਪਣੀ ਕਮੀਜ਼ ਦਾ ਛਿਜਿਆ ਹੋਇਆ ਗਲਵਾਣ ਵੇਖਿਆ।

ਸਰਘੀ ਵੇਲੇ ਦਾ ਹਰ ਰੋਜ਼ ਵਾਂਗ ਉਹ ਘਰ ਦੇ ਕੰਮ ਵਿਚ ਰੁਝਿਆ ਹੋਇਆ ਸੀ। ਅਖ਼ੀਰ ਝੰਮ ਕਰਦੇ ਕਰਦੇ ਆਹਿਸਤਾ ਜਹੇ ਸ਼ਾਮ ਸੁੰਦਰ ਉਸ ਕਮਰੇ ਵਿਚ ਗਿਆ ਤੇ ਅਲਮਾਰੀ ਦੇ ਹੇਠਲੇ ਖ਼ਾਨੇ ਵਿਚ ਕਪੜਿਆਂ ਦੀ ਤਹਿ ਵਿਚੋਂ ਸੌ ਸੌ ਦੇ ਅਠ ਨੋਟ ਚੁਕ, ਸਗਵੇਂ ਦੇ ਸਗਵੇਂ, ਫੇਰ ਉਸ ਨੁਕਰ ਵਿਚ ਰਖ ਆਇਆ ਜਿਥੇ ਬਾਬੂ ਨੇ ਪਹਿਲੀ ਸ਼ਾਮ ਉਨ੍ਹਾਂ ਨੂੰ ਰਖਿਆ ਸੀ।

ਤੇ ਮੁੜ ਘਰ ਦੇ ਕੰਮ ਵਿਚ ਉਂਝ ਦਾ ਉਂਝ ਸ਼ਾਮ ਸੁੰਦਰ ਰੁਝ ਗਿਆ। ਕਿਤੇ ਸਫ਼ਾਈਆਂ ਪਿਆ ਕਰਦਾ, ਕਿਤੇ ਭਾਂਡੇ ਪਿਆ ਇਕੱਠੇ ਕਰਦਾ, ਕਿਤੇ ਘੜਿਆਂ ਵਿਚ ਪਾਣੀ ਭਰ ਭਰ ਕੇ ਰਖਦਾ, ਬੱਚਿਆਂ ਨੂੰ ਸਦ ਸਦ ਕੇ ਦੁਧ ਪਿਆ ਪਲਾਂਦਾ।

ਕੋਈ ਅੱਧਾ ਘੰਟਾ ਇੰਝ ਗੁਜ਼ਰਿਆ ਹਵੇਗਾ ਕਿ ਸ਼ਾਮ ਸੁੰਦਰ ਨੇ ਸੁਣਿਆ ਜਿਵੇਂ ਇਕਦੰਮ ਖੁਸ਼ੀ ਵਿਚ ਉਛਲ ਕੇ ਬਾਬੂ ਆਪਣੀ ਤ੍ਰੀਮਤ ਨੂੰ ਆਵਾਜ਼ ਦੇ ਰਿਹਾ ਸੀ। ਦੌੜਦੀ ਹੋਈ ਬਾਬੂਆਣੀ ਕਮਰੇ ਵਿਚ ਗਈ। ਫੇਰ ਸਾਰਾ ਟੱਬਰ ਇਕੱਠਾ ਹੋ ਗਿਆ। ਸੌ ਸੌ ਦੇ ਅਠੋ ਦੇ ਅਠ ਨੋਟ ਬਿਲਕੁਲ ਉਸੇ ਨੁਕਰ ਵਿਚ ਉਂਝ ਦੇ ਉਂਝ ਪਏ ਸਨ ਜਿਵੇਂ ਬਾਬੂ ਨੇ ਰਖੇ ਸਨ।

ਅਖਾਂ ਫਾੜ ਫਾੜ ਬਾਬੂ ਨੋਟਾਂ ਨੂੰ ਵੇਖਦਾ। ਬਾਬੂਆਣੀ ਮੁੜ ਮੁੜ ਆਪਣੇ ਦੀਦਿਆਂ ਨੂੰ ਪਈ ਮਲਦੀ। ਇਹ ਤੇ ਸੁਫ਼ਨਾ ਨਹੀਂ ਸੀ। ਇਕ ਦੰਮ ਸਾਰੇ ਟੱਬਰ ਦੇ ਚਿਹਰੇ ਖਿੜਪੁੜ ਗਏ। ਬਾਬੂ ਤੇ ਬਾਬੂਆਣੀ ਦੀ ਜਿਵੇਂ ਜਾਨ ਵਿਚ ਜਾਨ ਪੈ ਗਈ। ਬੱਚਿਆਂ ਨੇ ਹਸਣਾ ਸ਼ੁਰੂ ਕਰ ਦਿਤਾ। ਵਡਿਆਂ ਨੇ ਉਨ੍ਹਾਂ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਤਾ। ਸ਼ਾਮ-ਸੁੰਦਰ ਸਾਹਮਣੇ ਖਲੋਤਾ ਬਿਟ ਬਿਟ ਵੇਖ ਰਿਹਾ ਸੀ।

ਇਹ ਸਭ ਦੇਵੀ ਦੀ ਕਿਰਪਾ ਹੈ, ਇਕਦੰਮ ਬਾਬੂਆਣੀ ਨੂੰ ਖ਼ਿਆਲ ਆਇਆ, ਤੇ ਇਸ ਤੋਂ ਪੇਸ਼ਤਰ ਬਾਬੂ ਕੁਝ ਕਹਿ ਸਕਦਾ, ਉਹਦੀ ਮੁਠੀ ਵਿਚੋਂ ਇਕ ਨੋਟ ਫੜ ਉਹ ਉਹਨੀਂ ਪੈਰੀਂ ਮੰਦਰ ਪਰਸ਼ਾਦ ਚੜ੍ਹਾਨ ਤੁਰ ਪਈ।

ਕੋਈ ਇਕ ਘੰਟੇ ਬਾਅਦ ਬਾਬੂਆਣੀ ਮੁੜੀ। ਪੂਰੇ ਪੰਦਰਾਂ ਰੁਪੈ ਦੇਵੀ ਦੇ ਮੰਦਰ ਚੜ੍ਹਾਵਾ ਚੜ੍ਹਾ ਕੇ ਆਈ ਸੀ।

ਤੇ ਜਦੋਂ ਉਹ ਬਾਬੂ ਨੂੰ ਤੇ ਬਾਕੀ ਪਰਵਾਰ ਨੂੰ ਦਸ ਰਹੀ ਸੀ ਕਿਵੇਂ ਉਸ ਜਾਕੇ ਦੇਵੀ ਦਾ ਸ਼ੁਕਰਾਨਾ ਕੀਤਾ, ਨੌਕਰ ਵੀ ਕੋਲ ਖਲੋਤਾ ਸੁਣ ਰਿਹਾ ਸੀ। ਅਖੀਰ ਬਾਬੂਆਣੀ ਨੇ ਬੋਲਣਾ ਬੰਦ ਕੀਤਾ ਤੇ ਸ਼ਾਮ ਸੁੰਦਰ ਨੇ ਪੋਲੇ ਜਹੇ ਅਗੇ ਹੋ ਅਦਬ ਨਾਲ ਕਿਹਾ, ਬਾਬੂ ਜੀ ਮੈਨੂੰ ਵੀ ਦਸ ਰੁਪੈ ਦੇ ਦਿੰਦੇ, ਮੇਰੀ ਕਮੀਜ਼.....।

ਉਹ ਬਈ ਠਹਿਰ ਜਾ ਕੁਝ ਦਿਨ, ਦੇ ਦਿਆਂਗੇ, ਕੋਈ ਨਠੇ ਹੋਏ ਥੋੜੇ ਹਾਂ। ਬਾਬੂ ਨੇ ਇਕਦੰਮ ਕਿਹਾ, ਤੇ ਫਿਰ ਤ੍ਰੀਮਤ ਕੋਲੋਂ ਮੰਦਰ ਦੇ ਚੜ੍ਹਾਵੇ ਦੀ ਗੱਲ ਮੁਢੋਂ-ਸੁਢੋਂ ਸੁਣਨ ਲਗ ਪਿਆ।

ਨੌਕਰ ਚੁਪ-ਚੁਪੀਤਾ ਰਸੋਈ ਵਿਚ ਚਲਾ ਗਿਆ। ਰਿੰਨ੍ਹਦਾ, ਪਕਾਂਦਾ, ਮਾਂਜਦਾ, ਧੋਂਦਾ ਸ਼ਾਮ ਸੁੰਦਰ ਸੋਚਦਾ ਖ਼ਬਰੇ ਉਹਦੇ ਮਾਲਕ ਕੋਲ ਫਾਲਤੂ ਪੈਸੇ ਨਹੀਂ ਸਨ। ਖਬਰੇ ਇਹ ਗੱਲ ਠੀਕ ਸੀ।

ਸ਼ਾਮ ਸੁੰਦਰ, ਬਾਬੂ ਨਾਲ ਪਿਆਰ ਤੇ ਪਤਨੀ

i. ਨੌਕਰ ਚੁਪ ਤੇ ਜਿਵੇਂ ਤੂਫਾਨ ਆਉਣ ਤੋਂ ਪਹਿਲੇ ਹਨ ਹੇਰ ਹੁੰਦੀ ਹੈ।

ii ਮਾਲਕ ਦਾ ਨੌਕਰ ਨਾਲ ਦੁਖੀਆ ਕਿਸ ਕਰੂੰ ਤਕਰਾਰ ਦੇਖੀ ਨਹੀਂ ਜਾਂਦੀ ਕੁਦੇਂ ਪਾਸ ਜਿੰਨੇ ਅਜੇ ਰੁਪੈ ਹੈਨ।

iii ਰੁਪੈ ਗੁਆਚਣ ਦੇਖੇ ਅਮੀਰਾਂ ਦੀ ਰਜ਼ਾ।

iv ਅਮੀਰ ਜਾਂ ਮਾਲਕ ਨੌਕਰਾਂ ਦੀਆਂ ਜ਼ਰੂਰਤਾਂ ਦਾ ਅਹੁਕਮ ਨਹੀਂ ਸਮਝੇ ਤੇ ਉਨ੍ਹਾਂ ਦੀ ਗੱਲ ਨਾਲਦਿਤੇ ਹਨ।

ਖੱਟੀ ਲੱਸੀ

'ਖੱਟੀ ਲੱਸੀ' ਉਸਦਾ ਨਾਂ ਸੋਭਾਂ ਉਹਦੀ ਭੈਣ ਨੇ ਰਖਿਆ ਸੀ। ਸਰਦੀਆਂ ਦੀ ਇਕ ਦੁਪਹਿਰ ਧੁੱਪ ਵਿੱਚ ਪਿਆ ਚਿਟਾ ਗੋਰਾ ਉਹਨੂੰ ਉਹ ਇੰਝ ਲਗਾ ਜਿਵੇਂ ਖੱਟੀ ਲੱਸੀ ਹੋਏ। ਤੇ ਕਿਤਨਾ ਚਿਰ ਉਹਦੇ ਨਿਕੇ ਨਿਕੇ ਪੈਰਾਂ ਨੂੰ ਮੂੰਹ ਵਿਚ ਲੈਕੇ ਚਗਲਦੀ, ਉਹਦੇ ਹਥਾਂ ਨੂੰ ਚੁੰਮਦੀ-ਚਟਦੀ, ਉਹਦੇ ਅੰਗ ਅੰਗ ਨੂੰ ਘੁਟਦੀ-ਦਬਦੀ ਘੜੀ ਘੜੀ ਉਹਨੂੰ ਉਹ 'ਖੱਟੀ ਲੱਸੀ' 'ਖੱਟੀ ਲੱਸੀ' ਕਹਿੰਦੀ ਰਹੀ। ਤੇ ਉਹ ਅਗੋਂ ਖਿੜ-ਖਿੜ ਹਸਦਾ ਰਿਹਾ, ਹਸ ਹਸ ਕੇ ਦੂਹਰਾ ਹੁੰਦਾ ਰਿਹਾ।

ਤੇ ਫੇਰ ਉਸ ਨੂੰ ਜਦੋਂ ਆਪਣਾ ਵੀਰਾ ਡਾਢਾ ਚੰਗਾ ਲਗਦਾ ਹਮੇਸ਼ ਉਸਨੂੰ ਉਹ 'ਖੱਟੀ ਲੱਸੀ' ਕਹਿਕੇ ਸਦਿਆ ਕਰਦੀ।

'ਖੱਟੀ ਲੱਸੀ' ਉਹਨੂੰ ਕਹਿੰਦੀ ਤੇ ਉਹਦਾ ਸਾਰੇ ਦਾ ਸਾਰਾ

ਪਿਆਰ ਜਿਵੇਂ ਉਮਡ ਕੇ ਉਹਦੀਆਂ ਅਖਾਂ ਵਿੱਚ ਆ ਪੈਂਦਾ"। ਉਹ ਉਹਨੂੰ 'ਖੱਟੀ ਲੱਸੀ' ਕਹਿੰਦੀ, ਅਗੋਂ ਉਹ ਮੁਸਕਰਾਂਦਾ ਤੇ ਭੈਣ ਦੀਆਂ ਬਾਹਵਾਂ ਇਕ ਡੂੰਘੀ ਮੁਹੱਬਤ ਵਿੱਚ ਉਲਰ ਕੇ ਉਸ ਵਲ ਖੁਲ੍ਹ ਜਾਂਦੀਆਂ। ਤੇ ਆਪਣੀ ਛਾਤੀ ਨਾਲ ਘੁਟ-ਘੁਟ ਕੇ ਉਹਨੂੰ ਪਈ ਉਹ ਘੁਟਦੀ। ਉਹ ਖੋਡ ਰਿਹਾ ਹੁੰਦਾ, ਦੂਰੋਂ ਉਹਨੂੰ ਉਹ 'ਖੱਟੀ ਲੱਸੀ' ਕਹਿਕੇ ਆਵਾਜ਼ ਦਿੰਦੀ, ਉਹਦਾ ਮੂੰਹ ਜਿਵੇਂ ਮਾਖਿਉਂ ਦੇ ਘੁਟ ਨਾਲ ਭਰਿਆ ਹੋਵੇ, ਮਿਠੀ ਮਿਸਰੀ ਦਾ ਸੁਆਦ ਸੁਆਦ ਲਾਂਭ-ਚਾਂਭ ਵਿੱਚ ਖਿਲਰ ਜਾਂਦਾ।

ਤੇ ਜਦੋਂ ਉਹ ਵੱਡਾ ਹੋਇਆ, ਭੈਣ ਭਰਾ ਕਦੀ ਇਕੱਲੇ ਹੁੰਦੇ ਤਾਂ ਉਹ ਉਸ ਤੋਂ ਪੁਛਿਆ ਕਰਦਾ, "ਭੈਣ! ਤੂੰ ਮੇਰਾ ਨਾਂ 'ਖੱਟੀ ਲੱਸੀ' ਕਿਉਂ ਰਖਿਆ ਸੀ?"

ਤੇ ਉਹਨੂੰ ਕੋਈ ਕਾਰਨ ਨ ਲਭਦਾ। ਉਹ ਉਹਦੇ ਗੋਰੇ ਗੋਰੇ ਮੁਖੜੇ ਵਲ ਮੁੜ ਮੁੜ ਵੇਖਦੀ, ਮੁੜ ਮੁੜ ਪਈ ਵੇਖਦੀ। ਇਕ ਅੱਲ੍ਹੜ ਨੌਜਵਾਨ ਕੁੜੀ ਦੇ ਮੂੰਹ ਵਿੱਚ ਇਮਲੀ ਦੇ ਨਾਂ ਤੇ ਜਿਵੇਂ ਪਾਣੀ ਆ ਜਾਂਦਾ ਹੈ, ਇੰਝ ਆਪਣ ਵੀਰੇ ਵਲ ਵੇਖਦੀ ਉਹਦਾ ਮੂੰਹ ਭਰ ਭਰ ਜਾਂਦਾ।

ਤੇ ਉਹ ਉਹਨੂੰ ਫੇਰ 'ਖੱਟੀ ਲੱਸੀ' ਕਹਿੰਦੀ। ਉਹਨੂੰ 'ਖੱਟੀ ਲੱਸੀ' ਕਹਿੰਦੀ, ਤੇ ਉਹਦੀਆਂ ਉਂਗਲੀਆਂ ਨੂੰ ਆਪਣੇ ਮੂੰਹ ਵਿਚ ਲੈਕੇ ਪੋਲੇ ਜਿਹੇ ਦਾਂ ਹੇਠ ਰੜਕ ਲੈਂਦੀ।

ਫੇਰ ਉਹ ਹੋਰ ਵਡਾ ਹੋ ਗਿਆ। ਉਹਦੀ ਭੈਣ ਹੋਰ ਵਡੀ ਹੋ ਗਈ। ਉਹਦੀ ਭੈਣ ਦੀ ਸ਼ਾਦੀ ਹੋਈ। ਉਹ ਫਿਰ ਆਪਣੇ ਸਹੁਰੇ ਘਰ ਤੁਰ ਗਈ।

ਸਹੁਰੇ ਘਰੋਂ ਉਹਦੀ ਭੈਣ ਦੀਆਂ ਚਿਠੀਆਂ ਆਂਦੀਆਂ। ਚਿਠੀ ਵੇਖ ਕੇ ਉਹ ਤੜਪ ਉਠਦਾ, ਕਿਥੇ ਸੋਭਾਂ ਨੇ ਲਿਖਿਆ

ਸੀ 'ਖੱਟੀ ਲੱਸੀ' ਨੂੰ ਪਿਆਰ ? ਤੇ 'ਖੱਟੀ ਲੱਸੀ' ਆਪਣਾ ਨਾਂ ਵੇਖਕੇ ਉਹਨੂੰ ਜਿਵੇਂ ਠੰਢ ਜਹੀ ਪੈ ਜਾਂਦੀ।

ਉਹਦੀ ਭੈਣ ਉਹਨੂੰ 'ਖੱਟੀ ਲੱਸੀ' ਕਹਿਕੇ ਸਦਦੀ ਸੀ, ਇਹ ਗੱਲ ਇਕ ਰੋਜ਼ ਉਹਦੇ ਇਕ ਗੁਆਂਢੀ ਬੱਚੇ ਨੇ ਸਹਿਜ-ਸੁਭਾ ਸਕੂਲ ਦੇ ਮੁੰਡਿਆਂ ਨੂੰ ਚਾ ਦਸੀ। 'ਖੱਟੀ ਲੱਸੀ !' ਸੁਣਦਿਆਂ ਸਾਰ ਇਕ ਬੱਚੇ ਨੇ ਕਿਹਾ ਤੇ ਹਸਣਾ ਸ਼ੁਰੂ ਕਰ ਦਿਤਾ। ਇਕ ਨੂੰ ਹਸਦਾ ਵੇਖ ਬਾਕੀ ਵੀ ਹੱਸ ਪਏ। ਹੱਸੀ ਜਾਣ, ਹੱਸੀ ਜਾਣ। ਜਦੋਂ ਹੰਸੀ ਜ਼ਰਾ ਮਧਮ ਪੈਣ ਲੱਗਦੀ, ਫਿਰ ਕੋਈ ਕਹਿ ਦਿੰਦਾ 'ਖੱਟੀ ਲੱਸੀ' ਤੇ ਮੁੜ ਬੱਚੇ ਖਿੜ ਖਿੜ ਹੱਸਣਾ ਸ਼ੁਰੂ ਕਰ ਦਿੰਦੇ। ਉਹ ਉਨ੍ਹਾਂ ਦੇ ਮੂੰਹ ਵਲ ਵੇਖਦਾ ਰਿਹਾ ਵੇਖਦਾ ਰਿਹਾ, ਫਿਰ ਚੁਪ-ਚੁਪੀਤਾ ਅੰਦਰ ਕਮਰੇ ਵਿੱਚ ਜਾਕੇ ਕਿਤਾਬ ਕਢ ਕੇ ਬੈਠ ਗਿਆ।

ਉਹ ਚਲਾ ਗਿਆ ਪਰ ਤਾਂ ਵੀ ਬੱਚੇ ਹੱਸੀ ਗਏ।

ਅਖ਼ੀਰ ਇਕ ਮੁੰਡੇ ਨੂੰ ਸ਼ਰਾਰਤ ਸੁਝੀ। ਸਕੂਲ ਦੇ ਸਾਹਮਣੇ ਘਰ ਲਵੇਰਾ ਸੀ, ਉਥੋਂ ਉਸ ਇਕ ਗਲਾਸ ਲੱਸੀ ਦਾ ਭਰਵਾ ਲਿਆਂਦਾ ਤੇ ਇਕ ਛੋਟੀ ਜਮਾਤ ਦੇ ਬੱਚੇ ਹਥ ਗਲਾਸ ਅੰਦਰ ਕਮਰੇ ਦੇ ਭੇਜ ਦਿਤਾ।

"ਇਹ ਗਲਾਸ ਖੱਟੀ ਲੱਸੀ ਦਾ ਮਾਈ ਹੀਰੋ ਨੇ ਘਲਿਆ ਏ।" ਜਿਸ ਤਰ੍ਹਾਂ ਛੋਟੇ ਬੱਚੇ ਨੂੰ ਸਿਖਾਇਆ ਗਿਆ ਸੀ ਉਸੇ ਤਰ੍ਹਾਂ ਉਸ ਜਾਕੇ ਅੰਦਰ ਉਹਨੂੰ ਕਹਾ।

ਤੇਜ (ਸੋਭਾਂ ਦਾ ਭਰਾ) ਗ਼ਜ਼ਬਨਾਕ ਨਜ਼ਰਾਂ ਨਾਲ ਉਸ ਬੱਚੇ ਵਲ ਵੇਖ਼ਣ ਲਗ ਪਿਆ। ਤੇ ਬਾਹਰ ਖਿੜਕੀਆਂ ਪਿਛੇ ਆਕੇ ਲੁਕੇ ਮੁੰਡਿਆਂ ਨੇ ਫੇਰ ਕਹਿਣਾ ਸ਼ੁਰੂ ਕਰ ਦਿਤਾ, 'ਖੱਟੀ ਲਸੀ', 'ਖੱਟੀ ਲੱਸੀ।' 'ਖੱਟੀ ਲੱਸੀ' ਕਹਿੰਦੇ ਤੇ ਹੱਸੀ ਜਾਂਦੇ।

ਜਮਾਤ ਵਿੱਚ ਪੜ੍ਹਦਿਆਂ ਉਸ ਰੋਜ਼ ਇਕ ਮੁੰਡੇ ਨੇ ਉਸਤਾਦ ਕੋਲੋਂ ਪੁਛਿਆ, "ਜੀ 'ਖੱਟੀ' ਦੀ ਅੰਗ੍ਰੇਜ਼ੀ ਕੀ ਹੁੰਦੀ ਹੈ?" ਉਸਤਾਦ ਨੇ ਜਵਾਬ ਦਿਤਾ। ਤੇ ਦੂਜਾ ਕਹਿਣ ਲਗਾ, "ਜੀ 'ਲੱਸੀ' ਦੀ ਕੀ ਅੰਗ੍ਰੇਜ਼ੀ ਹੁੰਦੀ ਹੈ?" ਤੇ ਫੇਰ ਸਾਰੇ ਮੁੰਡੇ ਹੱਸ ਪਏ। ਉਸਤਾਦ ਨੂੰ ਕੁਝ ਸਮਝ ਨ ਆਈ।

ਅਗਲੀ ਘੰਟੀ ਵਿੱਚ ਸਿਹਤ ਦੇ ਅਸੂਲ ਦਸਦੇ ਦਸਦੇ ਸਾਇੰਸ ਦੇ ਉਸਤਾਦ ਨੇ ਕਿਹਾ, "ਚੰਗੀ ਸਿਹਤ ਲਈ ਸਾਨੂੰ ਦੁੱਧ, ਦਹੀਂ, ਲੱਸੀ ਦਾ ਵਧ ਤੋਂ ਵਧ ਪਰਯੋਗ ਕਰਨਾ ਚਾਹੀਦਾ ਹੈ।"

"ਕਿਉਂ ਜੀ ਖੱਟੀ ਲੱਸੀ ਵੀ ਸਿਹਤ ਲਈ ਚੰਗੀ ਹੁੰਦੀ ਹੈ?" ਇਕ ਮੁੰਡੇ ਨੇ ਉਠਕੇ ਪੁਛਿਆ, ਤੇ ਬਾਕੀ ਸਭ ਹਸ ਪਏ।

ਇਸ ਉਸਤਾਦ ਨੂੰ ਵੀ ਕੁਝ ਸਮਝ ਨ ਆਈ ਤੇ ਉਹ ਪੜ੍ਹਾਂਦਾ ਰਿਹਾ, ਪੜ੍ਹਾਂਦਾ ਰਿਹਾ।

ਅਗਲੀ ਘੰਟੀ ਦੇ ਸ਼ੁਰੂ ਵਿੱਚ ਤੇਜ ਇਕ ਝਟ ਕੁ ਲਈ ਬਾਹਰ ਗਿਆ। ਜਦੋਂ ਵਾਪਸ ਆਇਆ ਸਾਹਮਣੇ ਬਲੈਕ ਬੋਰਡ ਤੇ ਲਿਖਿਆ ਹੋਇਆ ਸੀ 'ਖੱਟੀ ਲੱਸੀ'। ਉਸਨੇ ਵੇਖਿਆ ਤੇ ਇਕਦੰਮ ਉਸ ਦਾ ਮੂੰਹ ਭਖ ਗਿਆ। ਮੁੰਡਿਆਂ ਨੇ ਖਿਚ-ਕਿਲੀ ਮਚਾ ਦਿਤੀ। ਇਤਨੇ ਵਿੱਚ ਉਸਤਾਦ ਆ ਗਿਆ ਤੇ ਉਸ ਨੇ ਜੁਗਰਾਫ਼ੀਆ ਪੜ੍ਹਾਣਾ ਸ਼ੁਰੂ ਕਰ ਦਿਤਾ। ਨ ਇਸ ਉਸਤਾਦ ਨੂੰ ਬਲੈਕ ਬੋਰਡ ਦੀ ਲੋੜ ਪਈ ਤੇ ਨ ਉਸ ਬਲੈਕ-ਬੋਰਡ ਵਲ ਵੇਖਿਆ। ਸਾਰੇ ਦਾ ਸਾਰਾ ਵਕਤ ਸਾਹਮਣੇ ਮੋਟੇ ਮੋਟੇ ਅਖਰਾਂ ਵਿੱਚ ਲਿਖਿਆ ਪਿਆ ਸੀ 'ਖੱਟੀ ਲਸੀ' ਤੇ ਤੇਜ ਪੂਰੀ ਦੀ ਪੂਰੀ ਘੰਟੀ ਅੱਖਾਂ ਉਤੇ ਨ ਕਰ ਸਕਿਆ।

ਸਕੂਲ ਤੋਂ ਬਾਅਦ ਉਸ ਨੇ ਅੱਖ ਬਚਾ ਕੇ ਨਸਣ ਦੀ

ਕੋਸ਼ਸ਼ ਕੀਤੀ ਪਰ ਮੁੰਡਿਆਂ ਨੇ ਜਿਸ ਤਰ੍ਹਾਂ ਕਿਸ ਤਰ੍ਹਾਂ ਉਸਨੂੰ ਘੇਰ ਲਿਆ। 'ਖੱਟੀ ਲੱਸੀ, 'ਖੱਟੀ ਲੱਸੀ' ਕਹੀ ਜਾਣ ਤੇ ਹੱਸੀ ਜਾਣ। ਤੇਜ ਜਿਹੜਾ ਅਜੇ ਤੀਕ ਚੁਪ ਸੀ ਇਕ ਮੁੰਡੇ ਨੂੰ ਅਕ ਕੇ ਠੁੱਡਾ ਮਾਰ ਬੈਠਾ। ਫੇਰ ਕੀ ਸੀ, ਬਾਕੀ ਮੁੰਡੇ ਟੁਟ ਕੇ ਉਹਦੇ ਉਤੇ ਆ ਪਏ ਤੇ ਉਹਨੂੰ ਕੁੱਟ-ਕੁੱਟ ਕੇ 'ਖੱਟੀ ਲੱਸੀ' 'ਖੱਟੀ ਲੱਸੀ' ਕਰਦੇ ਆਪੋ-ਆਪਣੇ ਘਰ ਨੱਸ ਗਏ।

ਅਗਲੇ ਰੋਜ਼ ਜਦੋਂ ਉਹ ਪੜ੍ਹਨ ਆਇਆ, ਸਕੂਲ ਦੀ ਚਾਰ ਦੀਵਾਰੀ ਤੇ, ਹਲਵਾਈ ਦੀ ਦੁਕਾਨ ਤੇ, ਕਮਰੇ ਦੇ ਦਰਵਾਜ਼ੇ ਤੇ, ਬਲੈਕ-ਬੋਰਡ ਤੇ, ਡੈਸਕ ਤੇ ਜਿਥੇ ਉਹ ਬੈਠਦਾ ਸੀ, ਹਰ ਥਾਂ 'ਖੱਟੀ ਲੱਸੀ' 'ਖੱਟੀ ਲੱਸੀ' ਲਿਖਿਆ ਹੋਇਆ ਸੀ—ਹਰੀ, ਲਾਲ, ਸਫ਼ੈਦ ਖੜੀਆ ਮਿਟੀ ਨਾਲ। ਜਿਥੇ ਕਿਥੇ ਵੀ ਉਹਦੀ ਨਜ਼ਰ ਪੈਂਦੀ 'ਖੱਟੀ ਲੱਸੀ' 'ਖੱਟੀ ਲੱਸੀ' ਤੋਂ ਸਿਵਾ ਉਸ ਨੂੰ ਕੁਝ ਵਿਖਾਈ ਨ ਦਿੰਦਾ।

ਸਹਿਮਿਆ, ਦਬਕਿਆ, ਇਕ ਘੁੱਗੀ ਵਾਂਗ ਖੰਭਾਂ ਨੂੰ ਸੰਭਾਲੀ ਉਹ ਕਮਰੇ ਅੰਦਰ ਸੀਟ ਤੇ ਜਾ ਬੈਠਾ। ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹਦੇ ਦਿਮਾਗ਼ ਨੂੰ ਕਿਸੇ ਚੀਜ਼ ਨੇ ਆਕੇ ਜ਼ਕੜ ਲਿਆ ਹੋਵੇ, ਜਿਵੇਂ ਉਹਦੇ ਮੋਢਿਆਂ ਤੇ ਮਣਾਂ ਮੂੰਹੀਂ ਭਾਰ ਆ ਪਿਆ ਹੋਵੇ, ਜਿਵੇਂ ਲਖਾਂ ਅੱਖਾਂ ਉਸ ਵਲ ਘੂਰ ਘੂਰ ਵੇਖ ਰਹੀਆਂ ਸਨ ਤੇ ਉਸ ਨੂੰ ਅੱਖ ਪਲਕਾਰੇ ਵਿੱਚ ਚੀਨਾ ਚੀਨਾ ਕਰ ਸੁੱਟਣਗੀਆਂ।

ਤੇਜ ਸਾਰੇ ਸਕੂਲ ਵਿੱਚ ਸਭ ਤੋਂ ਸੋਹਣਾ, ਸਭ ਤੋਂ ਨਾਜ਼ਕ, ਸਭ ਤੋਂ ਜ਼ਿਆਦਾ ਲਾਇਕ ਮੁੰਡਾ ਸੀ। ਜਿਹੜਾ ਕੰਮ ਬਾਕੀ ਮੁੰਡੇ ਨ ਕਰ ਸਕਦੇ ਉਹ ਕਰ ਲੈਂਦਾ, ਜਿਹੜੀ ਗੱਲ ਹੋਰਨਾਂ ਨੂੰ ਇਹਦੀ ਕਲਾਸ ਵਿੱਚ ਨ ਸਮਝ ਆਂਦੀ ਉਹ ਝਟ ਸਮਝ ਲੈਂਦਾ।

ਉਹਦਾ ਬਸਤਾ ਸਾਫ਼, ਉਹਦੀਆਂ ਕਿਤਾਬਾਂ ਕਾਪੀਆਂ ਹਰ ਚੀਜ਼ ਹਮੇਸ਼ਾ ਸੁਥਰੀ ਹੁੰਦੀ ਸੀ ।

ਤੇ ਇਹੀ ਗੱਲ ਸੀ ਕਿ ਮੁੰਡੇ ਉਸਤੋਂ ਹਮੇਸ਼ਾ ਖਿਝੇ ਰਹਿੰਦੇ ਸਨ। ਜਦੋਂ ਵੀ ਉਸਤਾਦ ਸਾਰੀ ਕਲਾਸ ਤੇ ਖ਼ਫ਼ਾ ਹੁੰਦਾ ਹਮੇਸ਼ ਉਹ ਇਕ-ਇਕੱਲਾ ਵਿਚੋਂ ਬਚਿਆ ਰਹਿੰਦਾ। ਕਈਆਂ ਮੁੰਡਿਆਂ ਨੂੰ ਉਹ ਸੋਹਣਾ ਲਗਦਾ ਸੀ ਤੇ ਉਹ ਉਨ੍ਹਾਂ ਨਾਲ ਹਸਦਾ-ਖੇਡਦਾ ਮਿਲਦਾ-ਗਿਲਦਾ ਨਹੀਂ ਸੀ । ਕਈਆਂ ਨੂੰ ਉਹਦੀ ਇਮਤਿਹਾਨ ਵਿੱਚ ਨਕਲ ਮਾਰਨੀ ਹੁੰਦੀ ਸੀ ਤੇ ਉਹ ਇਸ ਕੰਮ ਵਿੱਚ ਉਨ੍ਹਾਂ ਦੀ ਮਦਦ ਨਹੀਂ ਸੀ ਕਰਦਾ ਹੁੰਦਾ।

ਓਸ ਰੋਜ਼ ਪਹਿਲੀ ਘੰਟੀ ਵਿੱਚ ਹੀ ਉਸਤਾਦ ਨੇ ਕੋਈ ਸਵਾਲ ਪੁਛਿਆ। ਸਾਰੀ ਦੀ ਸਾਰੀ ਜਮਾਤ ਵਿੱਚ ਕਿਸੇ ਨੂੰ ਜਵਾਬ ਨ ਆਇਆ। ਤੇਜ ਨੂੰ ਚੰਗਾ ਭਲਾ ਜਵਾਬ ਪਤਾ ਸੀ ਪਰ ਮੁੰਡਿਆਂ ਦੇ ਡਰ ਦੇ ਮਾਰੇ ਉਹ ਚੁਪ ਰਿਹਾ। ਤੇ ਫੇਰ ਛਮ ਛਮ ਅਥਰੂ ਕੇਰਦਾ ਸਭ ਨਾਲ ਉਸਨੇ ਕੜਾਕ ਕੜਾਕ ਦੋ ਬੈਂਤ ਆਪਣੇ ਹਥਾਂ ਤੇ ਖਾ ਲਏ।

ਬੈਂਤ ਮਾਰਕੇ ਉਸਤਾਦ ਨੇ ਸਭ ਜਮਾਤ ਨੂੰ ਜਵਾਬ ਲਿਖਾਣਾ ਸ਼ੁਰੂ ਕੀਤਾ। ਤੇਜ ਨੇ ਜਦੋਂ ਦਵਾਤ ਕਢੀ, ਸਿਆਹੀ ਦੀ ਥਾਂ ਉਸ ਵਿਚ ਲੱਸੀ ਭਰੀ ਹੋਈ ਸੀ। ਤੇ ਤੇਜ ਦੀ ਦਵਾਤ ਵੇਖਕੇ ਸਭ ਦੇ ਸਭ ਮੁੰਡੇ ਹੱਸ ਪਏ। ਹੱਸੀ ਜਾਣ, ਹੱਸੀ ਜਾਣ। ਉਸਤਾਦ ਨੂੰ ਕੁਝ ਸਮਝ ਨ ਆਈ। ਉਸ ਨੇ ਖਿਝਕੇ ਇਕ ਦੋ ਹੋਰ ਮੁੰਡਿਆਂ ਨਾਲ ਤੇਜ ਨੂੰ ਫੇਰ ਕੁਟ ਛਡਿਆ, ਤੇ ਉਹਦੀ ਲੱਸੀ ਨਾਲ ਭਰੀ ਦਵਾਤ ਨੂੰ ਚੁਕ ਕੇ ਬਾਹਰ ਸੁੱਟ ਪਾਇਆ।

ਸਕੂਲ ਵਿੱਚ, ਜਮਾਤ ਤੋਂ ਬਾਹਰ ਜਿਧਰ ਵੀ ਉਹ ਜਾਂਦਾ, ਸਕੂਲ ਦੇ ਚਪੜਾਸੀ, ਛਾਬੜੀਆਂ ਵਾਲੇ, ਮਾਲੀ,

ਮਿਹਤਰ, ਉਸਤਾਦ, ਹੈਡਮਾਸਟਰ ਸਾਰੇ ਉਸ ਨੂੰ 'ਖੱਟੀ ਲੱਸੀ' ਕਹਿ ਕੇ ਛੇੜਦੇ। ਸਕੂਲ ਦੀਆਂ ਕੰਧਾਂ, ਬਲੈਕ-ਬੋਰਡ, ਦਰਵਾਜ਼ੇ, ਖਿੜਕੀਆਂ, ਫਰਸ਼, ਹਰ ਰੋਜ਼ 'ਖੱਟੀ ਲੱਸੀ' 'ਖੱਟੀ ਲੱਸੀ' ਨਾਲ ਭਰੇ ਜਾ ਰਹੇ ਸਨ। ਸਕੂਲ ਦੇ ਲਾਲ ਰੰਗ ਦੇ ਲੈਟਰ ਬਕਸ ਉਤੇ ਕਿਸੇ ਨੇ 'ਖੱਟੀ ਲੱਸੀ' ਚਿਤਰਿਆ ਹੋਇਆ ਸੀ। ਹਰ ਕਮਰੇ ਦੇ ਬਾਹਰ ਰਦੀ ਲਈ ਪਏ ਤੋਲਾਂ ਉਤੇ ਹਰ ਥਾਂ 'ਖੱਟੀ ਲੱਸੀ' 'ਖੱਟੀ ਲੱਸੀ' ਲਿਖਿਆ ਹੋਇਆ ਸੀ। ਸ਼ਹਿਤੂਤ ਹੇਠ ਪਏ ਪਾਣੀ ਦੇ ਮਟਕਿਆਂ ਉਤੇ ਸਫੈਦ ਖੜੀਆ ਮਿਟੀ ਨਾਲ 'ਖੱਟੀ ਲੱਸੀ' 'ਖੱਟੀ ਲੱਸੀ' ਲਿਖਣ ਵਾਲੇ ਮੁੜ ਮੁੜ ਲਿਖ ਜਾਂਦੇ, ਮੁੜ ਮੁੜ ਮਹਿਰਾ ਮੇਟਦਾ ਰਹਿੰਦਾ।

ਤੇ ਤੇਜ ਦਾ ਜੀਅ ਕਰਦਾ ਉਹ ਕਿਤੇ ਨਠ ਜਾਏ। ਲੁਕ ਲੁਕ, ਛਿਪ ਛਿਪ ਕੇ ਉਹ ਰੋਂਦਾ ਰਹਿੰਦਾ। ਹਰ ਵੇਲੇ ਉਹਨੂੰ ਡਰ ਰਹਿੰਦਾ ਹੁਣੇ ਕੋਈ ਉਹਨੂੰ 'ਖੱਟੀ ਲੱਸੀ' ਕਹੇਗਾ ਤੇ ਅਗੇ ਪਿਛੇ ਖਲੋਤੇ ਬਾਕੀ ਸਾਰੇ ਹਸ ਪੈਣਗੇ। ਜਦੋਂ ਵੀ ਉਹ ਉਤੇ ਨਜ਼ਰ ਚੁਕਦਾ ਜਿਥੇ ਵੀ ਉਹਦੀ ਅਖ ਟਿਕਦੀ ਅਗੇ 'ਖੱਟੀ ਲੱਸੀ' ਲਿਖਿਆ ਹੁੰਦਾ।

ਜਿਸ ਦਿਨ ਦਾ ਉਹ ਮੁੰਡਿਆਂ ਨਾਲ ਲੜ ਪਿਆ ਸੀ, ਉਦੋਂ ਦਾ ਉਹਦੇ ਨਾਲ ਕੋਈ ਮੁੰਡਾ ਗਲ ਨਹੀਂ ਸੀ ਕਰਦਾ। ਤੇਜ ਆਪ ਵੀ ਕਿਸੇ ਨਾਲ ਬੋਲਦਾ ਨਹੀਂ ਸੀ। ਉਂਝ ਵੀ ਸੁਭਾ ਦਾ ਉਹ ਚੁਪ ਜਿਹਾ ਸੀ।

ਜਮਾਤ ਦੇ ਬਾਹਰ ਉਹ ਇਕ ਕਦਮ ਨਹੀਂ ਸੀ ਚੈਨ ਨਾਲ ਰਖ ਸਕਦਾ। ਤੇ ਜਮਾਤ ਵਿੱਚ ਹਾਲਤ ਇਹ ਸੀ ਕਿ ਮੁੰਡੇ ਇਕ ਉਸਤਾਦ ਦੇ ਜਾਣ ਤੇ ਦੂਜੇ ਦੇ ਆਣ ਵਿੱਚ ਜ਼ਰਾ

[M.S.B.] R.N. 6 B.A. Student.

ਜਿੱਨਾ ਜਿਹੜਾ ਉਨ੍ਹਾਂ ਨੂੰ ਵਕਫ਼ਾ ਮਿਲਦਾ ਤੇਜ ਦੀ ਮਿੱਟੀ ਪਲੀਦ ਕਰ ਛਡਦੇ।

ਤੇ ਅਖ਼ੀਰ ਇਕ ਰੋਜ਼ ਜਮਾਤ ਵਿੱਚ ਉਹ ਢਾਹਾਂ ਮਾਰ ਮਾਰ ਰੋਣ ਲਗ ਪਿਆ।

ਅਗਲੇ ਰੋਜ਼ ਉਹਨੂੰ ਬੁਖ਼ਾਰ ਆ ਗਿਆ ਤੇ ਉਹ ਸਕੂਲ ਨ ਆਇਆ। ਤੇ ਫੇਰ ਹਰ ਰੋਜ਼ ਉਹਨੂੰ ਸਕੂਲ ਦੇ ਨਾਂ ਤੇ ਬੁਖ਼ਾਰ ਆ ਜਾਂਦਾ।

ਸ਼ਾਮੀਂ ਜਦੋਂ ਉਹਦਾ ਬੁਖ਼ਾਰ ਉਤਰਦਾ, ਉਹਦਾ ਜੀਅ ਕਰਦਾ ਉਹ ਬਾਹਰ ਨਿਕਲੇ ਪਰ ਜਿਸ ਗਲੀ ਵਿੱਚ ਉਹ ਜਾਂਦਾ ਮੁੰਡੇ 'ਖੱਟੀ ਲੱਸੀ' 'ਖੱਟੀ ਲੱਸੀ' ਕਹਿ ਕੇ ਉਹਨੂੰ ਛੇੜਦੇ। ਬਜ਼ਾਰ ਵਿਚ, ਖੇਡ ਦੇ ਮੈਦਾਨ ਤੇ, ਹਰ ਪਾਸੇ ਜਿਥੇ ਵੀ ਤੇਜ ਨੂੰ ਕੋਈ ਵੇਖ ਲੈਂਦਾ ਪੋਲੇ ਜਿਹੇ 'ਖੱਟੀ ਲੱਸੀ' ਕਹਿ ਦਿੰਦਾ ਤੇ ਬਾਕੀ ਹਸਣਾ ਸ਼ੁਰੂ ਕਰ ਦਿੰਦੇ।

ਆਪਣੇ ਬੱਚੇ ਤੋਂ ਚਿੜ੍ਹ ਕੇ ਉਹਦੀ ਮਾਂ ਨੇ ਅੱਲੇ-ਮਹੱਲੇ ਵਾਲਿਆਂ ਨਾਲ ਲੜਾਈਆਂ ਲੈਣੀਆਂ ਸ਼ੁਰੂ ਕਰ ਦਿਤੀਆਂ। ਉਹਦੇ ਪਿਤਾ ਨੇ ਇਕ ਐਤਵਾਰ ਬਜ਼ਾਰ ਵਿਚ ਖਲੋਕੇ ਸ਼ਰਾਰਤੀ ਮੁੰਡਿਆਂ ਦੇ ਪੇਵਰਿਆਂ ਨੂੰ ਗਾਲ੍ਹਾਂ ਕਢੀਆਂ।

ਫਿਰ ਕੀ ਸੀ? ਇਕ ਅਗ ਜਿਵੇਂ ਸਾਰੇ ਪਿੰਡ ਨੂੰ ਲਗ ਗਈ। ਹਰ ਥਾਂ ਤੇਜ ਦਾ ਚਰਚਾ ਹੋਣ ਲਗ ਪਿਆ, ਹਰ ਥਾਂ 'ਖੱਟੀ ਲੱਸੀ' 'ਖੱਟੀ ਲੱਸੀ' ਦੀ ਆਵਾਜ਼ ਸੁਣਾਈ ਦੇਣ ਲਗ ਪਈ। ਪੰਚਾਇਤ ਵਿਚ ਪੰਚ ਇਸ ਗਲ ਤੇ ਹਸਦੇ ਰਹਿੰਦੇ, ਤਕੀਏ ਤੇ ਬੈਠੇ ਨੌਜਵਾਨ ਮਜ਼ਾਕ ਕਰਦੇ ਰਹਿੰਦੇ, ਔਰਤਾਂ ਪਾਣੀ ਭਰਦੀਆਂ, ਮੰਦਰ-ਗੁਰਦਵਾਰੇ ਜਾਂਦੀਆਂ, ਗਲੀ-ਕੁਛਾਂ ਵਿਚ ਖਲੋਤੀਆਂ 'ਖੱਟੀ ਲੱਸੀ' 'ਖੱਟੀ ਲੱਸੀ' ਦੀ ਬਸ ਕਥਾ ਕਰਦੀਆਂ

ਰਹਿੰਦੀਆਂ, ਕਰਦੀਆਂ ਰਹਿੰਦੀਆਂ।

ਤੇਜ ਡਰ ਮਾਰੇ ਬਾਹਰ ਨ ਨਿਕਲਦਾ। ਘਰ ਬੈਠਾ ਮਾਪੇ ਉਸਤੇ ਹੋਰ ਖਫਾ ਹੁੰਦੇ। ਉਧਰੋਂ ਸਕੂਲ ਦੀ ਪੜ੍ਹਾਈ ਉਸਦੀ ਖ਼ਰਾਬ ਹੋ ਰਹੀ ਸੀ। ਤੇ ਇਸ ਗਲ ਦਾ ਫਿਕਰ ਉਹਨੂੰ ਆਪ ਖਾਂਦਾ ਜਾ ਰਿਹਾ ਸੀ।

ਘਰ ਵਿੱਚ ਵੀ ਉਹ ਬਾਹਰ ਵਿਹੜੇ ਵਿੱਚ ਨ ਬੈਠਦਾ। ਗਲੀ ਵਿਚੋਂ ਲੰਘਦੇ ਪਲੰਘਦੇ ਨਿਕੇ ਨਿਕੇ ਮੁੰਡੇ ਉਹਨੂੰ 'ਖੱਟੀ ਲੱਸੀ' ਕਹਿ ਕੇ ਨਠ ਜਾਂਦੇ ਸਨ, ਤੇ ਉਹ ਕਚੀਚੀਆਂ ਵਟਦਾ ਰਹਿ ਜਾਂਦਾ ਸੀ। ਉਹਦੀ ਮਾਂ ਗਾਲ੍ਹਾਂ ਕਢਦੀ ਸੀ ਤੇ ਬੱਚੇ ਹੋਰ ਉੱਚਾ ਰਲਕੇ ਕਹਿੰਦੇ ਸਨ 'ਖੱਟੀ ਲੱਸੀ' ਤੇ ਲੁਕ ਛਿਪ ਜਾਂਦੇ ਸਨ।

ਰਾਤੀਂ ਸੁਤਿਆਂ ਕਈ ਕਈ ਵਾਰ ਤੇਜ ਘਬਰਾਇਆ ਹੋਇਆ ਉਠ ਖਲੋਂਦਾ। ਹਿਰਾਸ ਵਿੱਚ ਉਹਦੇ ਪਸੀਨੇ ਛੁਟ ਰਹੇ ਹੁੰਦੇ। ਤੇ ਉਹ ਕੰਬਦਾ ਹੋਇਆ, ਡਰਦਾ ਹੋਇਆ ਕੁਝ ਨ ਕੁਝ ਬੁੜਬੜਾਂਦਾ ਰਹਿੰਦਾ।

ਇਕ ਰੋਜ਼ ਸ਼ਾਮ ਨੂੰ ਹਵੇਲੀ ਨੂੰ ਜੰਦਰਾ ਮਾਰਨਾ ਸੀ ਤੇ ਉਹਦਾ ਪਿਤਾ ਘਰ ਨਹੀਂ ਸੀ। ਉਹਦੀ ਮਾਂ ਰੋਟੀ-ਟੁਕਰ ਤੋਂ ਵਿਹਲੀ ਨਹੀਂ ਸੀ ਹੋਈ। ਕਿਤਨੇ ਚਿਰ ਤੋਂ ਉਹ ਤੇਜ ਨੂੰ ਜਾਕੇ ਜੰਦਰਾ ਮਾਰਨ ਲਈ ਕਹਿ ਰਹੀ ਸੀ। ਤੇਜ ਟਾਲ ਰਿਹਾ ਸੀ, ਟਾਲ ਰਿਹਾ ਸੀ। ਅਖ਼ੀਰ ਉਹਦੀ ਮਾਂ ਨੇ ਖ਼ਫ਼ਾ ਹੋਣਾ ਸ਼ੁਰੂ ਕਰ ਦਿਤਾ। ਤੇ ਤੇਜ ਮਾਂ ਤੋਂ ਡਰਦਾ ਕੁੰਜੀਆਂ ਦਾ ਗੁਛਾ ਫੜ ਘਰੋਂ ਨਿਕਲ ਪਿਆ। ਹਵੇਲੀ ਉਨ੍ਹਾਂ ਦੀ ਪਿੰਡੋਂ ਬਾਹਰ ਸੀ। ਰਸਤੇ ਵਿੱਚ ਉਹਨੂੰ ਦੋ ਗਲੀਆਂ ਵਿਚੋਂ ਲੰਘਣਾ ਸੀ, ਬਾਜ਼ਾਰ ਵਿਚੋਂ ਗੁਜ਼ਰਨਾ ਸੀ, ਖੇਡ ਦਾ ਮੈਦਾਨ ਟਪ ਕੇ ਤੇ ਫੇਰ ਕਿਤੇ

ਉਨ੍ਹਾਂ ਦੀ ਹਵੇਲੀ ਸੀ।

ਤੇਜ ਇਕ ਗਲੀ ਤੇ ਡਰਦਾ ਸਹਿਮਦਾ ਲੰਘ ਗਿਆ, ਕਿਸੇ ਨੇ ਉਹਦਾ ਖ਼ਿਆਲ ਨ ਕੀਤਾ। ਅਗਲੀ ਗਲੀ ਵਿੱਚ ਮੁੰਡੇ ਇੱਟੀ-ਟੱਲਾ ਖੇਡ ਰਹੇ ਸਨ। ਇਕ ਨੇ ਉਹਨੂੰ ਵੇਖਦੇ ਹੀ ਕਿਹਾ 'ਖੱਟੀ ਲੱਸੀ' ਤੇ ਬਾਕੀ ਖੇਡ ਛਡ ਹਸਣ ਲਗ ਪਏ। ਤੇਜ ਦਾ ਦਿਲ ਧੜਕਣ ਲਗ ਪਿਆ, ਉਹਦੇ ਕੰਨ ਲਾਲ ਹੋ ਗਏ, ਉਹਦੇ ਕਦਮ ਤੇਜ਼ ਤੇਜ਼ ਪੈਣ ਲਗ ਪਏ। ਮੁੰਡਿਆਂ ਨੇ ਰਲ਼ਕੇ ਫੇਰ ਕਿਹਾ 'ਖੱਟੀ ਲੱਸੀ' ਤੇ ਉਹਦੇ ਮਗਰ ਜਿਵੇਂ ਟੁਟ ਪਏ। ਤੇਜ ਇਕ ਦੰਮ ਦੌੜ ਪਿਆ। ਮੁੰਡੇ, ਸਾਰੇ ਦੇ ਸਾਰੇ, 'ਖੱਟੀ ਲੱਸੀ' 'ਖੱਟੀ ਲੱਸੀ' ਕਰਦੇ ਉਹਦੇ ਪਿਛੇ ਹੋ ਪਏ। ਸਾਹਮਣੇ ਬਾਜ਼ਾਰ ਸੀ। ਬਾਜ਼ਾਰ ਵਿੱਚ ਹੋਰ ਲੋਕਾਂ ਨੇ ਤਾੜੀਆਂ ਮਾਰੀਆਂ। ਅਗੇ ਅਗੇ ਤੇਜ ਪਿਛੇ ਪਿਛੇ ਬੱਚੇ, ਜਵਾਨ, ਬੁਢੇ, ਔਰਤਾਂ, 'ਖੱਟੀ ਲੱਸੀ' 'ਖੱਟੀ ਲੱਸੀ' ਕਰਦੇ, ਤੇਜ ਨੂੰ ਇੰਝ ਲਗਾ ਜਿਵੇਂ ਇਕ ਹੜ੍ਹ ਉਹਦੇ ਪਿਛੇ ਆ ਰਿਹਾ ਹੈ। ਖੇਡ ਦੇ ਮੈਦਾਨ ਵਿਚ ਹੋਰ ਮੁੰਡਿਆਂ ਨੇ 'ਖੱਟੀ ਲੱਸੀ' 'ਖੱਟੀ ਲੱਸੀ' ਕਹਿਣਾ ਸ਼ੁਰੂ ਕਰ ਦਿਤਾ। ਤੇਜ ਦੌੜਦਾ ਦੌੜਦਾ ਰਾਹੋਂ ਕੁਰਾਹ ਪੈ ਗਿਆ। ਤੇ ਵਟੇ, ਗੀਟੇ, ਕੰਡੇ, ਝਾੜੀਆਂ, ਖਾਈਆਂ ਟਪਦਾ ਪਿੰਡੋਂ ਦੂਰ ਬਾਹਰ ਨਠ ਗਿਆ। ਦੌੜਦਾ ਗਿਆ, ਦੌੜਦਾ ਗਿਆ। ਉਹਨੂੰ ਇੰਝ ਮਹਿਸੂਸ ਹੁੰਦਾ ਜਿਵੇਂ ਸਾਰੇ ਦਾ ਸਾਰਾ ਪਿੰਡ ਉਹਦੇ ਪਿਛੇ ਆ ਰਿਹਾ ਹੈ। ਅਖ਼ੀਰ ਇਕ ਝਾੜੀ ਦੇ ਕੋਲ ਉਹ ਬੇਸੁਰਤ ਢਹਿ ਪਿਆ।

ਹਨੇਰਾ ਹੋ ਗਿਆ ਸੀ ਜਦੋਂ ਉਹਦੇ ਪਿਤਾ ਨੇ ਉਹਨੂੰ ਪਿੰਡੋਂ ਬਾਹਰ ਜੰਗਲ ਵਿਚ ਬੇਹੋਸ਼ ਪਿਆ ਟੋਲਿਆ। ਬੁਖ਼ਾਰ ਨਾਲ ਜਿਵੇਂ ਉਹ ਬਲ ਰਿਹਾ ਸੀ। ਘਰ ਲਿਆਕੇ ਲਖ ਦਵਾਈਆਂ ਕੀਤੀਆਂ ਗਈਆਂ; ਡਾਕਟਰ ਆਏ, ਵੈਦ ਆਏ, ਹਕੀਮ

ਆਏ ਤਾਂ ਕਿਤੇ ਤੇਜ ਨੇ ਅਖ ਪੁਟੀ। ਅਖ ਭਾਵੇਂ ਉਸ ਨੇ ਖੋਲ੍ਹ ਲਈ ਪਰ ਉਹ ਕਿਸੇ ਨੂੰ ਪਛਾਣ ਨ ਸਕਦਾ। ਉਹਦੀਆਂ ਅੱਖਾਂ ਵਿਚੋਂ ਡਮ ਡਮ ਅਥਰੂ ਵਗਦੇ ਜਾਂਦੇ, ਵਗਦੇ ਜਾਂਦੇ। ਹੋਰ ਡਾਕਟਰ ਆਏ, ਹੋਰ ਇਲਾਜ ਹੋਇਆ; ਤੇ ਪਤਾ ਲਗਾ ਤੇਜ ਦਾ ਦਿਮਾਗ ਹਿਲ ਗਿਆ ਸੀ। ਹੁਣ ਉਹਨੇ ਕਪੜੇ ਫਾੜਨੇ, ਵਾਲ ਪੁਟਣੇ, ਦੰਦੀਆਂ ਵਢਣੀਆਂ, ਗੰਦੀਆਂ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦਿਤੀਆਂ। "ਆ ਗਏ, ਆ ਗਏ" ਕਹਿੰਦਾ ਤੇ ਪਲੰਘ ਨੂੰ ਛਡ ਕੇ ਨਸਣ ਦੀ ਕੋਸ਼ਸ਼ ਕਰਦਾ। ਨ ਕਿਸੇ ਦੇ ਸਮਝਾਇਆਂ ਸਮਝਦਾ, ਨ ਕਿਸੇ ਦੇ ਸੰਭਾਲਿਆਂ ਸੰਭਲਦਾ। ਬੰਨ੍ਹ ਬੰਨ੍ਹ ਕੇ ਉਹਨੂੰ ਰਖਦੇ, ਭਕ ਭਕ ਕੇ ਰਖਦੇ, ਸੰਭਾਲ ਸੰਭਾਲ ਕੇ ਪਏ ਸੰਭਾਲਦੇ।

ਮਾਪਿਆਂ ਦਾ ਇਕੋ ਇਕ ਪੁੱਤਰ, ਲਖ ਇਲਾਜ ਤੇਜ ਦੇ ਹੋਏ। ਮਾਂਦਰੀ ਆਏ, ਝਾੜੂ ਵਾਲੇ ਆਏ, ਮਾਲਸ਼ੀਏ ਸਾਰਾ ਸਾਰਾ ਦਿਨ ਮਾਲਸ਼ਾਂ ਕਰਦੇ ਰਹਿੰਦੇ। ਅੰਗ੍ਰੇਜ਼ੀ ਦਵਾਈਆਂ, ਦੇਸੀ ਦਵਾਈਆਂ, ਕਿਸੇ ਚੀਜ਼ ਦੀ ਕਸਰ ਨ ਰਖੀ ਗਈ।

ਘਰ ਜਦੋਂ ਕੋਈ ਫਰਕ ਨ ਪਿਆ ਤੇ ਅਖ਼ੀਰ ਉਸਨੂੰ ਹਸਪਤਾਲ ਵਿੱਚ ਦਾਖ਼ਲ ਕਰਾ ਦਿਤਾ ਗਿਆ।

ਜਿਸ ਰੋਜ਼ ਉਹ ਹਸਪਤਾਲ ਪੁਜਾ, ਉਸ ਸ਼ਾਮ ਉਹਦੀ ਭੈਣ ਸੋਭਾਂ ਅਪੜੀ।

ਹਸਪਤਾਲ ਵਾਲਿਆਂ ਨੇ ਉਹਨੂੰ ਇਕੱਲੇ, ਸ਼ਾਂਤ, ਹਵਾ-ਦਾਰ ਕਮਰੇ ਵਿਚ ਪਾ ਛਡਿਆ ਸੀ ਤੇ ਘਰ ਵਾਲਿਆਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ।

ਪਰ ਸੋਭਾਂ ਨੇ ਤੇ ਆਪਣੇ ਵੀਰ ਨੂੰ ਜ਼ਰੂਰ ਮਿਲਣਾ ਸੀ।

ਜਿਸ ਤਰ੍ਹਾਂ—ਕਿਸ ਤਰ੍ਹਾਂ ਸੋਭਾਂ ਪੋਲੇ ਜਿਹੇ ਤੇਜ ਦੇ ਕਮਰੇ

ਵਿੱਚ ਚਲੀ ਗਈ।

'ਖੱਟੀ ਲੱਸੀ!' ਸੋਭਾਂ ਨੇ ਅਰਮਾਨਾਂ ਭਰੀ ਆਵਾਜ਼ ਵਿੱਚ ਕਿਹਾ ਤੇ ਧੈਂ ਕੇ ਆਪਣੇ ਵੀਰੇ ਦੇ ਪਲੰਘ ਤੇ ਜਾ ਡਿਗੀ। "ਖੱਟੀ ਲੱਸੀ" ਕਹਿੰਦੀ ਤੇ ਉਹਨੂੰ ਚੁੰਮਦੀ। 'ਖੱਟੀ ਲੱਸੀ' ਕਹਿੰਦੀ ਤੇ ਉਹਨੂੰ ਛਾਤੀ ਨਾਲ ਲਾਂਦੀ। 'ਖੱਟੀ ਲੱਸੀ' ਕਹਿੰਦੀ ਤੇ ਉਹਦੀਆਂ ਉਂਗਲੀਆਂ ਨੂੰ ਦੰਦਾਂ ਹੇਠ ਪੋਲੇ ਪੋਲੇ ਰੜਕਦੀ। ਜਿਵੇਂ ਅਤਿ ਡੂੰਘੀਆਂ ਕਾਲੀਆਂ ਘਟਾਂ ਪਿਛੋਂ ਕਦੀ ਸੂਰਜ ਜ਼ੋਰ ਦੇ ਕੇ ਉਭਰ ਆਂਦਾ ਹੈ, ਇੰਨ ਬਿੰਨ ਇੰਝ ਤੇਜ ਦੇ ਦਮਾਗ਼ ਨੂੰ ਘੇਰੇ ਹੋਏ ਹਨੇਰੇ ਹਟਣੇ ਸ਼ੁਰੂ ਹੋ ਗਏ। ਸੋਭਾਂ 'ਖੱਟੀ ਲੱਸੀ' 'ਖੱਟੀ ਲੱਸੀ' ਕਰਦੀ ਤੇ ਉਹਦੇ ਮਥੇ ਤੋਂ ਵੀਰਾਨਗੀ ਦੇ ਨਿਸ਼ਾਨ ਮਿਟਦੇ ਜਾਂਦੇ, ਉਹਦੀਆਂ ਅਖਾਂ ਵਿੱਚ ਚਮਕ ਆਣੀ ਸ਼ੁਰੂ ਹੋ ਗਈ। ਸੋਭਾਂ ਉਹਦੀਆਂ ਉਂਗਲੀਆਂ ਦਬਾਂਦੀ, ਮਥੇ ਨੂੰ ਝਸਦੀ, ਗਲ੍ਹਾਂ ਨੂੰ ਪਪੋਲਦੀ, ਉਸਦੇ ਵਾਲਾਂ ਵਿਚ ਆਪਣੇ ਪੋਟੇ ਫੇਰਦੀ, ਮੁੜ ਮੁੜ 'ਖੱਟੀ ਲੱਸੀ' 'ਖੱਟੀ ਲੱਸੀ' ਕਹਿੰਦੀ ਜਿਵੇਂ ਉਸਨੂੰ ਗੂੜ੍ਹੀ ਨੀਂਦ ਤੋਂ ਉਠਾ ਰਹੀ ਹੋਵੇ। ਤੇ ਕੋਈ ਪੰਦਰਾਂ ਮਿੰਟ ਇੰਝ ਕਰਨ ਤੋਂ ਬਾਅਦ ਜਦੋਂ ਸੋਭਾਂ ਨੇ 'ਖਟੀ ਲੱਸੀ' ਕਿਹਾ ਤਾਂ ਤੇਜ ਦੇ ਜਿਵੇਂ ਜਕੜੇ ਹੋਏ ਹੰਗਾਅ ਖੁਲ੍ਹ ਗਏ, ਉਹਦੀਆਂ ਬੁਲ੍ਹੀਆਂ ਤੇ ਮੁਸਕੜੀ ਖੇਡਣ ਲਗ ਪਈ, ਉਸ ਆਪਣੀ ਭੈਣ ਨੂੰ ਪਹਿਚਾਣ ਲਿਆ। ਫੇਰ ਉਹ ਕਿਤਨਾ ਚਿਰ ਨਿਕੀਆਂ ਨਿਕੀਆਂ ਗੱਲਾਂ ਕਰਦੇ ਰਹੇ। 'ਖੱਟੀ ਲੱਸੀ' ਸੋਭਾਂ ਕਹਿੰਦੀ ਤਾਂ ਜਿਵੇਂ ਕਿਣ-ਮਿਣ ਕਿਣ-ਮਿਣ ਨਿਕੀ ਨਿਕੀ ਫੁਹਾਰ ਵਿੱਚ ਉਹ ਨਹਾ ਰਿਹਾ ਹੋਵੇ, ਉਹਨੂੰ ਠੰਡ ਪੈਂਦੀ ਜਾਂਦੀ। 'ਖੱਟੀ ਲੱਸੀ' ਸੋਭਾਂ ਕਹਿੰਦੀ ਤੇ ਉਹਦੀਆਂ ਰਗਾਂ ਵਿਚ ਜਿਵੇਂ ਖਲੋਤਾ ਹੋਇਆ ਲਹੂ ਦੌੜਨ ਲਗ ਪੈਂਦਾ, ਮੁੜ ਮੁੜ ਉਹ ਹਟਕੋਰੇ ਭਰਦਾ ਤੇ ਮੁੜ ਮੁੜ ਆਪਣੀ ਭੈਣ ਦੀਆਂ

ਅਖਾਂ ਵਿੱਚ ਜੀਵਨ ਦਾਨ ਦੇਣ ਵਾਲੀ ਮੁਹੱਬਤ ਨੂੰ ਵੇਖਦਾ, ਉਹਦੇ ਅੰਗ ਅੰਗ ਵਿਚ ਜ਼ੋਰ ਆਂਦਾ ਜਾਂਦਾ।

ਉਹ ਰਾਤ ਸੋਭਾਂ ਉਥੇ ਹੀ ਰਹੀ। ਤੇ ਅਗਲੇ ਰੋਜ਼ ਆਪਣੇ ਵੀਰੇ ਨੂੰ ਹਸਦਾ ਖੇਡਦਾ ਟਾਂਗੇ ਵਿੱਚ ਪਵਾ ਘਰ ਲੈ ਆਈ। 'ਖੱਟੀ ਲੱਸੀ' ਆਪਣੀ ਭੈਣ ਨੂੰ ਆਵਾਜ਼ ਮਾਰਦੇ ਉਹ ਸੁਣਦਾ ਤਾਂ ਉਸ ਵਿਚ ਇਤਨੀ ਤਾਕਤ ਇਤਨਾ ਹੌਸਲਾ ਆ ਜਾਂਦਾ ਕਿ ਤੇਜ ਸੋਚਦਾ, ਉਹ ਤੇ ਕੰਧਾਂ ਨੂੰ ਢਾਹ ਸਕਦਾ ਹੈ, ਲਖਾਂ ਨਾਲ ਲੜ ਸਕਦਾ ਹੈ।

Dr. Sir Russell
Language defective
Poetic language everywhere which
is defective.

ਅ: ਸੰਤ

ਟੋਏ ਟਿੱਬੇ

ਚੰਬੇਲੀ ਇਸ ਕੋਠੀ ਵਿੱਚ ਵਿਆਹੀ ਹੋਈ ਆਈ ਸੀ।

ਇਕ ਸਾਲ ਉਹਦਾ ਖ਼ਾਵੰਦ ਆਪਣੇ ਪਿੰਡ ਛੁਟੀ ਤੇ ਗਿਆ, ਉਸਨੇ ਚੰਬੇਲੀ ਨੂੰ ਵੇਖਿਆ । ਦੂਜੇ ਸਾਲ ਛੁਟੀ ਤੇ ਗਿਆ, ਉਸ ਰਿਸ਼ਤੇ ਦੀ ਗੱਲ ਤੋਰੀ । ਤੀਜੇ ਸਾਲ ਉਹ ਗਿਆ ਤੇ ਚੰਬੇਲੀ ਨੂੰ ਪਰਨਾ ਕੇ ਲੈ ਆਇਆ ।

ਮਥਰਾ ਦੇ ਇਕ ਪਿੰਡ ਵਿਚ ਜੰਮੀ, ਪਲੀ, ਵਡੀ ਹੋਈ ਚੰਬੇਲੀ ਜਦੋਂ ਦੀ ਪੰਜਾਬ ਆਈ ਮੁੜਕੇ ਵਾਪਸ ਨਾ ਜਾ ਸਕੀ।

ਚੰਬੇਲੀ ਤੇ ਉਹਦਾ ਖ਼ਾਵੰਦ ਇਸ ਕੋਠੀ ਵਿਚ ਕਿਤਨੇ ਸਾਲਾਂ ਤੋਂ ਰਹਿ ਰਹੇ ਸਨ। ਕਰਾਏਦਾਰ ਬਦਲਦੇ ਪਰ ਕੋਠੀ ਦਾ ਮਾਲੀ ਹਮੇਸ਼ ਉਹੀ ਰਹਿੰਦਾ ।

ਚੰਬੇਲੀ ਦਾ ਖ਼ਾਵੰਦ ਸਾਰਾ ਸਾਰਾ ਦਿਨ ਫੁਲਾਂ, ਬੂਟਿਆਂ, ਘਾਹ, ਵੇਲਾਂ, ਗਮਲਿਆਂ, ਕਿਆਰੀਆਂ, ਆਡਾਂ ਦੀ ਦੁਨੀਆ ਵਿਚ ਖੋਹਿਆ ਰਹਿੰਦਾ । ਤੇ ਚੰਬੇਲੀ ਜਾਂ ਚਾਂਦੀ ਦੇ ਸਾਰੇ ਗਹਿਣੇ ਪਾ ਕੇ ਦੂਰੋਂ ਆਪਣੇ ਕੁਆਰਟਰ ਵਿਚੋਂ ਆਪਣੇ ਖ਼ਾਵੰਦ ਨੂੰ ਵੇਖਦੀ ਰਹਿੰਦੀ ਜਾਂ ਕਦੀ ਕਰਾਏਦਾਰ ਦੇ ਬੱਚਿਆਂ ਨਾਲ ਬੀਵੀ ਨਾਲ ਕਿਸੇ ਬਹਾਨੇ ਜਾ ਕੇ ਗੱਲਾਂ ਕਰਨ ਬਹਿ ਜਾਂਦੀ ।

ਚੰਬੇਲੀ ਦੀਆਂ ਪੰਜੇਬਾਂ ਦੀ ਛਣਕਾਰ ਕਈ ਕਰਾਏਦਾਰ ਅਫਸਰਾਂ ਨੇ ਅਖਾਂ ਹੀ ਅਖਾਂ ਵਿਚ ਸਲਾਹੀ ਸੀ । ਤੇ ਚੰਬੇਲੀ ਨੂੰ ਇਹ ਗੱਲ ਡਾਢੀ ਚੰਗੀ ਲਗਦੀ ਸੀ । ਚੰਬੇਲੀ ਦੇ ਮੋਕਲੇ ਘੇਰੇ ਵਾਲੇ ਘਘਰਿਆਂ ਨੂੰ ਕਈ ਅਫਸਰਾਂ ਦੀਆਂ ਬੀਵੀਆਂ ਮੁੜ ਮੁੜ ਵੇਖਦੀਆਂ । ਤੇ ਚੰਬੇਲੀ ਨੂੰ ਇਹ ਗੱਲ ਡਾਢੀ ਚੰਗੀ ਲਗਦੀ ਸੀ । ਚੰਬੇਲੀ ਦਾ ਸਾਂਵਲਾ ਰੰਗ, ਦੁਧ ਚਿਟੇ ਦੰਦ, ਚੌੜਾ ਮੱਥਾ, ਕਾਲੇ ਨੈਣ ਕਈ ਕਰਾਏਦਾਰ ਅਫ਼ਸਰ ਉਚਕ ਉਚਕ ਕੇ ਤੱਕਦੇ ਰਹਿੰਦੇ । ਤੇ ਚੰਬੇਲੀ ਨੂੰ ਇਹ ਗੱਲ ਡਾਢੀ ਚੰਗੀ ਲਗਦੀ ਸੀ । ਤੇ ਇੰਝ ਜ਼ਿੰਦਗੀ ਸ਼ਾਂਤ, ਅਡੋਲ, ਖੁਸ਼-ਖੁਸ਼ੀਆਂ ਗੁਜ਼ਰਦੀ ਗਈ । ਫਿਰ ਉਸ ਕੋਠੀ ਵਿਚ ਇਕ ਹੋਰ ਨਵੇਂ ਕਰਾਏਦਾਰ ਆ ਗਏ ।

ਪਰ ਚੰਬੇਲੀ ਹੈਰਾਨ ਸੀ, ਇਹ ਨਵੇਂ ਆਏ ਕਰਾਏਦਾਰ ਕਿਹੋ ਜਿਹੇ ਸਨ ! ਸਰਦਾਰ ਦਫ਼ਤਰ ਜਾਂਦਾ ਸੀ । ਸਵੇਰੇ ਅੰਦਰੋਂ ਨਿਕਲਦਾ, ਮੋਟਰ ਵਿਚ ਬੈਠਦਾ ਤੇ ਅੱਖ ਦੇ ਫੋਰ ਵਿੱਚ ਅੋਹ-ਗਿਆ ਅੋਹ-ਗਿਆ ਹੋ ਜਾਂਦਾ । ਰਾਤ ਨੂੰ ਹਨੇਰਾ ਪਏ ਮੁੜਦਾ ਸੀ । ਸਰਦਾਰਨੀ ਡਾਕਟਰ ਸੀ । ਕਈ ਵਾਰ ਸਰਦਾਰ ਦੇ ਜਾਣ ਤੋਂ ਪਹਿਲੇ, ਕਈ ਵਾਰ ਸਰਦਾਰ ਦੇ ਜਾਣ ਤੋਂ ਝਟਕੁ

ਬਾਹਦ ਹਸਪਤਾਲ ਦੀ ਮੋਟਰ ਆਂਦੀ, ਉਹਨੂੰ ਲੈ ਜਾਂਦੀ। ਦੁਪਹਿਰੀਂ ਕਿਤੇ ਵਾਪਸ ਮੁੜਦੀ; ਚਿਟਾ ਕੋਟ ਪਾਈ, ਇਕ ਹਥ ਵਿਚ ਰਬੜ ਦੀ ਟੂਟੀ ਫੜੀ, ਦੂਜੇ ਵਿਚ ਅਖ਼ਬਾਰ ਸੰਭਾਲੀ, ਹਸਪਤਾਲ ਦੀ ਮੋਟਰ ਤੋਂ ਨਿਕਲਦੀ, ਟਪ ਟਪ ਕਰਦੀ ਕੋਠੀ ਅੰਦਰ ਚਲੀ ਜਾਂਦੀ। ਇਕ ਬੱਚਾ ਸੀ, ਸਵੇਰੇ ਸਕੂਲ ਦੀ ਬੱਸ ਉਹਨੂੰ ਲੈ ਜਾਂਦੀ, ਸ਼ਾਮੀਂ ਛਡ ਜਾਂਦੀ। ਘਰ ਆ ਕੇ ਤਾਵਲਾ ਤਾਵਲਾ ਦੁਧ ਦਾ ਪਿਆਲਾ ਪੀਂਦਾ, ਇਕ ਟੋਸਟ ਖਾਂਦਾ ਤੇ ਖੇਡਣ ਲਈ ਬਾਹਰ ਕਿਤੇ ਨਿਕਲ ਜਾਂਦਾ। ਰੋਜ਼ ਹਨੇਰਾ ਪਏ ਨੌਕਰ ਉਸਨੂੰ ਸਦ ਕੇ ਲਿਆਂਦੇ।

ਬਾਅਦ ਦੁਪਹਿਰ ਜਿਤਨਾ ਚਿਰ ਸਰਦਾਰਨੀ ਇਕੱਲੀ ਹੁੰਦੀ, ਜਾਂ ਪੜ੍ਹਦੀ ਰਹਿੰਦੀ ਜਾਂ ਉਣਦੀ ਰਹਿੰਦੀ ਜਾਂ ਸਫ਼ਾਈਆਂ ਕਰਾਂਦੀ ਰਹਿੰਦੀ ਜਾਂ ਫਿਰ ਰਸੋਈ ਵਿੱਚ ਵੜੀ ਰਹਿੰਦੀ। ਅਮੀਰ ਔਰਤਾਂ ਵਾਂਗ ਆਪਣੇ ਨੌਕਰਾਂ ਨੂੰ, ਨੌਕਰਾਂ ਦੀਆਂ ਤ੍ਰੀਮਤਾਂ ਨੂੰ ਆਪਣੇ ਕੋਲ ਬਠਾ ਕੇ ਵਿਹਲੀਆਂ ਗੱਲਾਂ ਕਰਨ ਦੀ ਉਹਨੂੰ ਆਦਤ ਨਹੀਂ ਸੀ। ਚੰਬੇਲੀ ਕਿਤਨਾ ਚਿਰ ਉਡੀਕਦੀ ਰਹੀ, ਉਡੀਕਦੀ ਰਹੀ, ਅਖ਼ੀਰ ਇਕ ਰੋਜ਼ ਆਪ ਹੀ 'ਨਮਸਤੇ' ਕਰਦੀ ਅੰਦਰ ਬੀਬੀ ਕੋਲ ਜਾ ਬੈਠੀ। ਪਿਛੇ ਆਹਿਸਤਾ ਆਹਿਸਤਾ ਰੇਡੀਉ ਚਲ ਰਿਹਾ ਸੀ। ਉਤੇ ਛਤ ਦਾ ਪੱਖਾ ਘੁੰਮ ਰਿਹਾ ਸੀ। ਕੁਰਸੀ ਤੇ ਠੰਢੀ-ਯਖ਼ ਬੈਠੀ ਡਾਕਟਰ ਆਪਣੇ ਪੈਰਾਂ ਦੇ ਨਹੁੰ ਸਾਫ਼ ਕਰ ਰਹੀ ਸੀ, ਪਾਲਿਸ਼ ਕਰ ਰਹੀ ਸੀ। ਕਿਤਨਾ ਚਿਰ ਚੰਬੇਲੀ ਬੈਠੀ ਗੱਲਾਂ ਕਰਦੀ ਰਹੀ। ਡਾਕਟਰ ਆਪਣਾ ਕੰਮ ਵੀ ਕਰਦੀ ਜਾਂਦੀ, ਮਾਲਣ ਨਾਲ ਗੱਲਾਂ ਵੀ ਕਰਦੀ ਜਾਂਦੀ। ਤੇ ਇੰਵ ਫੇਰ ਜਦੋਂ ਵੀ ਚੰਬੇਲੀ ਦਾ ਚਿਤ ਕਰਦਾ, ਜਦੋਂ ਵੀ ਆਪਣੇ ਕੁਆਰਟਰ ਦੀ ਵੀਰਾਨਗੀ ਤੋਂ ਉਹਦਾ ਦਿਲ ਕਾਹਲਾ ਪੈਂਦਾ, ਉਹ ਠੁਮਕ ਠੁਮਕ ਕਰਦੀ,

ਝਕਦੀ, ਝਿਝਕਦੀ ਸਰਦਾਰਨੀ ਕੋਲ ਜਾ ਬੈਠਦੀ । ਇਕ ਵਾਰ ਜਾਂਦੀ ਤੇ ਕਿਤਨਾ ਕਿਤਨਾ ਚਿਰ ਉਥੇ ਥਲ੍ਹਾ ਮਾਰਕੇ ਜੰਮੀ ਰਹਿੰਦੀ।

ਸ਼ਾਮੀਂ ਬੱਚਾ ਸਕੂਲ ਤੋਂ ਮੁੜਦਾ, ਕਈ ਵਾਰ ਜਦੋਂ ਇਸਦਾ ਦਾਅ ਲਗਦਾ, ਉਹਨੂੰ ਫੁਲਾਂ ਆਦਿ ਦਾ ਲਾਲਚ ਦੇ ਕੇ ਆਪਣੇ ਕੁਆਰਟਰ ਵਲ ਲੈ ਜਾਂਦੀ ਤੇ ਰਾਤ ਪਏ ਤੀਕ ਉਸ ਨਾਲ ਖੇਡਦੀ ਰਹਿੰਦੀ।

ਜੇ ਚੰਬੇਲੀ ਨਹੀਂ ਕਦੀ ਕਿਸੇ ਨਾਲ ਗੱਲ ਕਰ ਸਕੀ ਸੀ ਤਾਂ ਉਹ ਸਰਦਾਰ ਸੀ। ਸਰਦਾਰ ਨੇ ਤਾਂ ਉਸ ਵਲ ਕਦੀ ਅਖ ਪੁਟਕੇ ਵੀ ਨਹੀਂ ਵੇਖਿਆ ਸੀ।

ਜਹਾਜ਼ ਜਿਤਨੀ ਵਡੀ ਉਸਦੀ ਮੋਟਰ ਸੀ ਜਿਸਨੂੰ ਨੌਕਰ ਧੋਂਦੇ ਰਹਿੰਦੇ, ਚਮਕਾਂਦੇ ਰਹਿੰਦੇ । ਜਦੋਂ ਦਫ਼ਤਰ ਜਾਣ ਦਾ ਵੇਲਾ ਹੁੰਦਾ, ਡਰਾਈਵਰ ਮੋਟਰ ਨੂੰ ਬਰਾਮਦੇ ਦੇ ਸਾਹਮਣੇ ਆ ਕੇ ਖੜੀ ਕਰ ਦਿੰਦਾ। ਹਰ ਰੋਜ਼ ਵਕਤ ਤੇ ਸਰਦਾਰ ਅੰਦਰੋਂ ਨਿਕਲਦਾ, ਮੋਟਰ ਵਿਚ ਬੈਠਦਾ ਤੇ ਉਡਾਕੇ ਜਿਵੇਂ ਡਰਾਈਵਰ ਉਸਨੂੰ ਲੈ ਜਾਂਦਾ।

ਛੁਟੀ ਵਾਲੇ ਰੋਜ਼ ਵੀ ਕੋਠੀ ਵਿਚ ਬਣਾਏ ਇਕ ਦਫ਼ਤਰ ਦੇ ਕਮਰੇ ਵਿਚ ਬੈਠਾ ਸਰਦਾਰ ਜਾਂ ਦਫ਼ਤਰ ਦਾ ਕੰਮ ਕਰਦਾ ਰਹਿੰਦਾ, ਜਾਂ ਪੜ੍ਹਦਾ ਰਹਿੰਦਾ ਜਾਂ ਮਿਲਣ ਵਾਲਿਆਂ ਨੂੰ ਮਿਲਦਾ ਰਹਿੰਦਾ। ਝਟ ਝਟ ਬਾਅਦ ਟੈਲੀਫੂਨ ਖੜਕਦੀ ਤੇ ਉਹ ਕਿਤਨਾ ਕਿਤਨਾ ਚਿਰ ਗਿਟਮਿਟ ਗਿਟਮਿਟ ਅੰਗਰੇਜ਼ੀ ਵਿਚ ਗੱਲਾਂ ਕਰਦਾ ਰਹਿੰਦਾ। ਲਾਲ ਰੰਗ ਦੇ ਲੰਮੇ ਕੋਟ ਤੇ ਸੁਨਹਿਰੀ ਤਿੱਲੇ ਦੇ ਜੜੇ ਪਟਿਆਂ ਵਾਲੇ ਚਪੜਾਸੀ ਬਾਹਰ ਆ ਕੇ ਖਲੋਤੇ ਰਹਿੰਦੇ । ਕੋਟ, ਪਤਲੂਨ, ਨਕਟਾਈਆਂ

ਕੱਸੀ ਦਫ਼ਤਰ ਦੇ ਬਾਬੂ ਆਂਦੇ; ਕੁਝ ਲਿਖਦੇ ਰਹਿੰਦੇ, ਕੁਝ ਮਸ਼ੀਨ ਤੇ ਉਂਗਲੀਆਂ ਮਾਰ ਟਾਈਪ ਕਰਦੇ ਰਹਿੰਦੇ।

ਇਕ ਰੋਜ਼ ਦਫ਼ਤਰ ਵਾਲੇ ਕਮਰੇ ਦੀ ਜਮਾਦਾਰ ਸਫ਼ਾਈ ਕਰ ਰਿਹਾ ਸੀ। ਕਿਸੇ ਬਹਾਨੇ ਚੰਬੇਲੀ ਨੇ ਅੰਦਰ ਜਾ ਕੇ ਵੇਖਿਆ: ਚੱਪਾ ਚੱਪਾ ਮੋਟਾ ਹੇਠ ਫਰਸ਼ ਤੇ ਕਾਲੀਨ ਵਿਛਿਆ ਹੋਇਆ ਸੀ। ਨੰਗੇ ਪੈਰ ਚੰਬੇਲੀ ਨੇ ਅੰਦਰ ਕਦਮ ਰਖਿਆ ਤਾਂ ਉਹਨੂੰ ਇੰਝ ਲਗਾ ਜਿਵੇਂ ਉਹਦੇ ਪੈਰ ਕਾਲੀਨ ਦੇ ਵਿਚ ਧੱਸ ਰਹੇ ਸਨ। ਜਿਸ ਕੁਰਸੀ ਤੇ ਸਰਦਾਰ ਬੈਠਦਾ, ਜਿਸ ਪਾਸੇ ਬੈਠਣ ਵਾਲੇ ਨੂੰ ਮੂੰਹ ਕਰਨਾ ਹੁੰਦਾ ਉਸੇ ਪਾਸੇ ਉਹ ਘੁੰਮ ਜਾਂਦੀ। ਟਾਈਪ ਕਰਨ ਦੀ ਮਸ਼ੀਨ, ਟੈਲੀਫ਼ੂਨ ਦਾ ਉਹ ਹਿੱਸਾ ਜਿਸ ਵਿਚ ਕੋਈ ਬੋਲੇ ਤੇ ਆਵਾਜ਼ ਦੂਰ ਦੂਰ ਪਹੁੰਚ ਜਾਂਦੀ ਏ। ਟੈਲੀਫ਼ੂਨ ਦਾ ਉਹ ਹਿੱਸਾ ਜਿਸ ਨੂੰ ਕੰਨ ਨਾਲ ਲਾਉ ਤਾਂ ਕਿਥੋਂ ਦੀ ਕਿਥੇ ਦੀ ਆਵਾਜ਼ ਸੁਣਾਈ ਦੇਣ ਲਗ ਪੈਂਦੀ ਏ। ਸਾਹਮਣੇ ਮੇਜ਼ ਤੇ ਰੰਗ ਰੰਗ ਦੀਆਂ ਕਲਮਾਂ ਨਸ, ਪਿੰਸਲਾਂ ਸਨ, ਲਾਟੂਆਂ ਵਰਗੀਆਂ ਸਿਆਹੀ ਦੀਆਂ ਦਵਾਤਾਂ ਸਨ।

ਉਸ ਦੁਪਹਿਰ ਆਪਣੇ ਕੁਆਰਟਰ ਵਿਚ ਬੈਠੀ ਚੰਬੇਲੀ ਸੋਚਦੀ ਰਹੀ, ਸੋਚਦੀ ਰਹੀ। ਆਪਣੇ ਚੌਂਕੇ ਨੂੰ ਉਸ ਨਵੇਂ ਸਿਰਿਉਂ ਲੇਪਣ ਦਿਤਾ। ਆਪਣੀ ਚਾਰਪਾਈ ਦੀ ਦਾਵਣ ਨੂੰ ਖਿਚਿਆ। ਆਪਣੇ ਖ਼ਾਵੰਦ ਦੀ ਚਾਰਪਾਈ ਦੀ ਦਾਵਣ ਨੂੰ ਖਿਚਿਆ। ਛਤ ਦੇ ਇਕ ਕੋਨੇ ਵਿਚ ਕਦੋਂ ਦੇ ਲਗ ਰਹੇ ਜਾਲਿਆਂ ਨੂੰ ਲਾਹਿਆ। ਸੰਦੂਕ ਪਿਛੇ ਚੱਪਾ ਚੱਪਾ ਜੰਮੀ ਮਿਟੀ ਨੂੰ ਝਾੜਿਆ। ਤੋਰੀਆਂ ਦੇ, ਘੀਏ ਦੇ, ਖੀਰੇ ਦੇ, ਅੱਲਾਂ ਦੇ ਇਕ ਨੁੱਕਰ ਵਿਚ ਲਟਕੇ ਹੋਏ ਬੀਜਾਂ ਨੂੰ ਪਟਾਰੀ ਵਿਚ ਸਾਂਭਿਆ। ਰੋਸ਼ਨਦਾਨ ਦੇ ਸ਼ੀਸ਼ਿਆਂ ਤੇ ਜੰਮੀ ਸਾਲਾਂ ਦੀ

ਕਾਲਖ ਨੂੰ ਮਾਂਜਿਆ ਤੇ ਫੇਰ ਉਸ ਨੂੰ ਉਂਝ ਦਾ ਉਂਝ ਖੁਲ੍ਹਾ ਰਹਿਣ ਦਿਤਾ। ਉਸਨੇ ਕਈ ਵਾਰ ਸੁਣਿਆ ਸੀ ਰੋਸ਼ਨਦਾਨ ਹਮੇਸ਼ ਖੁਲ੍ਹੇ ਰਹਿਣੇ ਚਾਹੀਦੇ ਹਨ। ਫੇਰ ਉਸ ਬਾਮ ਨਲਕੇ ਹੇਠ ਬੈਠੀ ਆਪਣੇ ਪੈਰਾਂ ਦੀ ਮੈਲ ਨੂੰ ਉਸ ਮਲ ਮਲ ਕੇ ਲਾਹਿਆ। ਆਪਣੇ ਨਹੁੰਆਂ ਨੂੰ ਸਾਫ ਕੀਤਾ। ਵਾਲਾਂ ਨੂੰ ਤੇਲ ਲਾ ਕੇ ਵਾਹਿਆ। ਅੱਖਾਂ ਵਿਚ ਕਜਲਾ ਪਾਇਆ। ਚਾਂਦੀ ਦੇ ਗਹਿਣਿਆਂ ਨਾਲ ਲੱਦੀ, ਪੰਜੇਬਾਂ ਪਾਈ ਅੰਦਰ-ਬਾਹਰ ਛਮ ਛਮ ਕਰਦੀ ਰਹੀ।

ਅਗਲੇ ਰੋਜ਼ ਇਕ ਕਿਆਰੀ ਵਿਚ ਚੰਬੇਲੀ ਸਾਗ ਤੋੜ ਰਹੀ ਸੀ। ਪਹਿਲੇ ਸਕੂਲ ਦੀ ਬੱਸ ਆਈ, ਬੱਚੇ ਨੂੰ ਲੈਕੇ ਚਲੀ ਗਈ। ਫੇਰ ਸਰਦਾਰ ਦੀ ਮੋਟਰ ਸ਼ੂੰਕਦੀ ਹੋਈ ਨਿਕਲੀ। ਫੇਰ ਸਰਦਾਰਨੀ ਹਸਪਤਾਲ ਦੀ ਮੋਟਰ ਵਿੱਚ ਬੈਠ ਕੇ ਤੁਰ ਗਈ। ਆਖ਼ਰੀ ਮੋਟਰ ਮਸਾਂ ਅਜੇ ਅਖੀਉਂ ਉਹਲੇ ਹੋਈ ਸੀ ਕਿ ਚੰਬੇਲੀ ਨੇ ਵੇਖਿਆ ਸਾਹਮਣੇ ਸੜਕ ਤੇ ਉਹਦਾ ਖ਼ਾਵੰਦ, ਮਾਲੀ, ਆ ਰਿਹਾ ਸੀ – ਸਿਰ ਤੇ ਉਂਝ ਦੀ ਉਂਝ ਟਮਾਟਰਾਂ ਦੀ ਟੋਕਰੀ ਚੁਕੀ। ਅਜੇ ਮੂੰਹ ਝਾਖੜਾ ਸੀ ਕਿ ਉਹ ਵਾਧੂ ਟਮਾਟਰਾਂ ਨੂੰ ਵੇਚਣ ਲਈ ਮੰਡੀ ਲੈ ਗਿਆ ਸੀ। ਪਰ ਮੰਡੀ ਵਾਲਿਆਂ ਨੇ ਅਜ ਹੜਤਾਲ ਕੀਤੀ ਹੋਈ ਸੀ। ਤੇ ਉਹ ਆਪਣੀ ਟੋਕਰੀ ਨੂੰ ਪੰਜ ਮੀਲ ਸਿਰ ਤੇ ਚੁਕੀ ਮੋੜ ਲਿਆਇਆ ਸੀ ਜਿਵੇਂ ਸਿਰ ਤੇ ਚੁਕੀ ਸਵੇਰੇ ਲੈ ਗਿਆ ਸੀ।

ਚੰਬੇਲੀ ਦਾ ਖ਼ਾਵੰਦ ਦੂਰੋਂ ਗੱਲਾਂ ਕਰਦਾ ਕਰਦਾ ਕਿਆਰੀ ਵਿਚ ਹੀ ਆ ਬੈਠਾ ਤੇ ਫੇਰ ਢੇਰ ਚਿਰ ਤ੍ਰੀਮਤ-ਖ਼ਾਵੰਦ ਉਥੇ ਹੀ ਬੈਠੇ ਗੱਲਾਂ ਕਰਦੇ ਰਹੇ।

ਚੰਬੇਲੀ ਚਾਰ ਗੰਦਲਾਂ ਤੋੜਦੀ ਤੇ ਫੇਰ ਗੱਲਾਂ ਮਾਰਨ

ਬੈਠ ਜਾਂਦੀ। ਚੰਬੇਲੀ ਦਾ ਖ਼ਾਵੰਦ ਲਕੜੀ ਦੇ ਟੁਕੜੇ ਨਾਲ ਮੁੜ ਮੁੜ ਕਿਆਰੀ ਦੀ ਇਕ ਮੁਠ ਮਿਟੀ ਨੂੰ ਉਥਲਦਾ, ਮੁੜ ਮੁੜ ਉਸ ਨੂੰ ਦਬਾਂਦਾ, ਤੇ ਪੋਲੇ ਪੋਲੇ ਆਪਣੀ ਤ੍ਰੀਮਤ ਦੇ ਸਵਾਲਾਂ ਦੇ ਜਵਾਬ ਦਈ ਜਾਂਦਾ।

ਇੰਝ ਉਹ ਗੱਲਾਂ ਕਰ ਰਹੇ ਸਨ ਕਿ ਉਨ੍ਹਾਂ ਦਾ ਕੁੱਤਾ "ਮੋਤੀ" ਸਰਦਾਰ ਦੇ ਕੁੱਤੇ "ਫ਼ਰਿਹਾਦ" ਨਾਲ ਖੇਡਦਾ ਹੋਇਆ ਆਇਆ ਤੇ ਸਾਹਮਣੇ ਘਾਹ ਦੇ ਮੈਦਾਨ ਤੇ ਦੋਵੇਂ ਕਲੋਲਾਂ ਕਰਨ ਲਗ ਪਏ। "ਫਰਿਹਾਦ", ਸਰਦਾਰ ਦਾ ਕੁੱਤਾ, ਨਿਵਾਰ ਦੇ ਪਲੰਘ ਤੇ ਸੌਂਦਾ ਸੀ। ਉਸਦੇ ਰੇਸ਼ਮ ਵਰਗੇ ਵਾਲਾਂ ਨੂੰ ਬੁਰਸ਼ਾਂ ਨਾਲ ਸਾਫ਼ ਕੀਤਾ ਜਾਂਦਾ ਸੀ। ਹਰ ਰੋਜ਼ ਉਸਦਾ ਖਾਣਾ ਵੱਖ ਪਕਦਾ ਸੀ। ਇਕ ਵਾਰ ਜਦੋਂ "ਫਰਿਹਾਦ" ਬੀਮਾਰ ਹੋ ਗਿਆ ਸੀ ਤੇ ਮਵੇਸ਼ੀਆਂ ਦੇ ਹਸਪਤਾਲ ਦਾ ਡਾਕਟਰ ਦਿਨ ਵਿਚ ਦੋ ਦੋ ਫੇਰੇ ਕੋਠੀ ਦੇ ਪਾਂਦਾ ਸੀ। ਤੇ "ਫਰਿਹਾਦ" ਮਾਲੀ ਦੇ ਕੁੱਤੇ "ਮੋਤੀ" ਨਾਲ ਖੇਡ ਰਿਹਾ ਸੀ, ਜਿਵੇਂ ਮਾਂ-ਪਿਉ-ਜਾਏ ਖੇਡਦੇ ਹਨ। ਇਕ ਦੂਜੇ ਨੂੰ ਲਾਡ ਕਰ ਰਹੇ ਸਨ। ਇਕ ਦੂਜੇ ਦੀ ਗਰਦਨ ਵਿਚ ਗਰਦਨ ਵਲਾਂਦੇ ਸਨ। ਰਲਕੇ ਗਾਡੀ ਚੂਹਿਆਂ ਦੇ ਪਿਛੇ ਦੌੜਦੇ ਸਨ। ਤੇ ਫਿਰ ਖੇਡਦੇ ਹੋਏ ਮੁੜ ਆਂਦੇ ਸਨ। ਆਕੇ ਫੇਰ ਕਲੋਲਾਂ ਕਰਨ ਲਗ ਜਾਂਦੇ ਸਨ।

ਚੰਬੇਲੀ ਨੂੰ ਯਾਦ ਆਇਆ ਇਕ ਵਾਰ "ਫਰਿਹਾਦ" ਆਪਣੇ ਬਰਤਨ ਵਿਚ ਖਾਣਾ ਖਾ ਰਿਹਾ ਸੀ ਕਿ ਮੋਤੀ ਉਹਦੇ ਵਲ ਗਿਆ। "ਫਰਿਹਾਦ" ਨੇ ਇਕ ਪਾਸੇ ਹਟਕੇ "ਮੋਤੀ" ਦਾ ਸਵਾਗਤ ਕੀਤਾ। ਪਰ "ਫਰਿਹਾਦ" ਨੂੰ ਰਾਤਬ ਖਲਾ ਰਹੇ ਨੌਕਰ ਨੇ "ਮੋਤੀ" ਨੂੰ ਜ਼ੋਰ ਦਾ ਠੁਡਾ ਕਢ

ਮਾਰਿਆ ਸੀ। ਤੇ ਉਸ ਦਿਨ ਦਾ ਮੋਤੀ ਇਤਨਾ ਭੈੜਾ ਕਈ ਵਾਰ ਖੰਘਦਾ ਸੀ।

ਇੰਝ ਕਿਆਰੀ ਵਿਚ ਬੈਠੇ ਤ੍ਰੀਮਤ-ਖ਼ਾਵੰਦ ਵਿਹਲੀਆਂ ਗੱਲਾਂ ਕਰ ਰਹੇ ਸਨ ਕਿ ਸਰਦਾਰਨੀ ਹਸਪਤਾਲ ਤੋਂ ਕੰਮ ਕਰਕੇ ਵਾਪਸ ਵੀ ਆ ਗਈ।

ਇਕ ਐਤਵਾਰ ਬਾਹਰ ਘਾਹ ਦੇ ਮੈਦਾਨ ਵਿਚ ਚੰਬੇਲੀ ਬੂਟੀ ਚੁਣ ਰਹੀ ਸੀ ਕਿ ਸਰਦਾਰ ਦਾ ਕੋਈ ਦੋਸਤ ਉਸਨੂੰ ਮਿਲਣ ਆਇਆ। ਇਸ ਦੋਸਤ ਦੀ ਮੋਟਰ ਸਰਦਾਰ ਦੀ ਮੋਟਰ ਤੋਂ ਵੀ ਇਕ ਗਿੱਠ ਵਡੀ ਸੀ। ਕਿਤਨਾ ਚਿਰ ਗੋਲ ਕਮਰੇ ਦੇ ਭਾਰੀ ਪਰਦਿਆਂ ਪਿਛੇ ਬੈਠੇ ਉਹ ਗਲਾਂ ਕਰਦੇ ਰਹੇ। ਕੁਝ ਖਾਣ ਲਈ ਅੰਦਰ ਗਿਆ। ਕੁਝ ਪੀਣ ਲਈ ਅੰਦਰ ਗਿਆ। ਤੇ ਫੇਰ ਕੁਝ ਚਿਰ ਬਾਅਦ ਉਹ ਬਾਹਰ ਨਿਕਲੇ। ਮੋਟਰ ਵਿਚ ਬੈਠਣ ਤੋਂ ਪਹਿਲੇ ਸਰਦਾਰ ਦੋਸਤ ਨੂੰ ਆਪਣਾ ਬਾਗ਼ ਵਿਖਾਉਣ ਲਗ ਪਿਆ। ਗੁਲਾਬ ਦੇ ਕਾਲੀਆਂ ਪਤੀਆਂ ਵਾਲੇ ਫੁਲ, ਰੰਗ-ਬਰੰਗੀਆਂ ਬੁਕ ਬੁਕ ਜਿਡੀਆਂ ਮੋਟੀਆਂ ਗੁਲਦਾਊਦੀਆਂ, ਵੰਨ-ਸਵੰਨੇ ਸਵੰਟ ਪੀ, ਏਡਾ ਵਡਾ ਘਾਹ ਦਾ ਮੈਦਾਨ ਜਿਸ ਵਿਚ ਸਰਦਾਰ ਕਹਿੰਦਾ ਹਰ ਰੋਜ਼ ਬੂਟੀ ਨੂੰ ਸਾਫ਼ ਕੀਤਾ ਜਾਂਦਾ ਸੀ। ਤੇ ਇੰਝ ਗਲਾਂ ਕਰਦੇ ਕਰਦੇ ਸਰਦਾਰ ਤੇ ਉਹਦਾ ਦੋਸਤ ਚੰਬੇਲੀ ਕੋਲੋਂ ਗੁਜ਼ਰੇ। ਚੰਬੇਲੀ ਨੇ ਉਠਕੇ ਸਤਿਕਾਰ ਵਿਚ ਹਥ ਜੋੜੇ, 'ਨਮਸਤੇ' ਕਿਹਾ। ਸਰਦਾਰ ਆਪਣੇ ਘਾਹ ਦੀ, ਆਪਣੇ ਫੁਲਾਂ ਦੀ ਕਹਾਣੀ ਕਰਦਾ ਗੁਜ਼ਰ ਗਿਆ। ਚੰਬੇਲੀ ਵਲ ਕਿਸੇ ਵੀ ਧਿਆਨ ਨ ਦਿਤਾ।

ਚੰਬੇਲੀ ਆਪਣੇ ਸਰਦਾਰ ਦੇ ਹਲਕੇ ਨੀਲੇ ਸਾਫ਼ੇ ਵਲ

ਵੇਖਦੀ ਰਹੀ, ਉਸਦੇ ਰੂਹੜੇ ਨੀਲੇ ਸੂਟ ਵਲ ਵੇਖਦੀ ਰਹੀ, ਉਸਦੇ ਲਿਸ਼ ਲਿਸ਼ ਕਰਦੇ ਕਾਲੇ ਬੂਟਾਂ ਵਲ ਵੇਖਦੀ ਰਹੀ ਤੇ ਉਹ ਕਿਤਨੀ ਦੂਰ ਨਿਕਲ ਗਏ।

ਸਰਦਾਰ ਦਾ ਬੱਚਾ ਕਦੀ ਕਿਧਰੇ ਫਿਰਦਾ ਫਿਰਾਂਦਾ ਜੇ ਨੌਕਰਾਂ ਦੇ ਕੁਆਟਰਾਂ ਵਲ ਆ ਜਾਂਦਾ ਤਾਂ ਚੰਬੇਲੀ ਕਿਤਨਾ ਕਿਤਨਾ ਚਿਰ ਉਸ ਨੂੰ ਗੱਲਾਂ ਲਾਈ ਰਖਦੀ। ਨਿਕੀਆਂ ਨਿਕੀਆਂ ਗੱਲਾਂ ਉਸ ਨੂੰ ਉਸਦੇ ਖਾਣੇ ਦੀ ਬਾਬਤ, ਉਹਦੇ ਕਪੜਿਆਂ ਦੀ ਬਾਬਤ, ਉਸ ਦੀ ਮਾਂ ਦੀ ਬਾਬਤ, ਉਸਦੇ ਪਿਉ ਦੀ ਬਾਬਤ, ਪੁਛਦੀ ਰਹਿੰਦੀ। ਤੇ ਬੱਚਾ ਵੀ ਚੰਬੇਲੀ ਨਾਲ ਗਲਾਂ ਕਰਦਾ ਰਹਿੰਦਾ, ਕਰਦਾ ਰਹਿੰਦਾ ਜਦੋਂ ਤੀਕ ਉਸਨੂੰ ਕੋਠੀ ਵਿਚੋਂ ਦੋ ਚਾਰ ਵਾਰੀ ਅਵਾਜ਼ ਨਾ ਪੈ ਜਾਂਦੀ।

ਫੇਰ ਚੰਬੇਲੀ ਨੇ ਆਪਣੇ ਕੁਆਰਟਰ ਦੇ ਸਾਹਮਣੇ ਟਾਹਲੀ ਦੇ ਦਰਖ਼ਤ ਨਾਲ ਪੀਂਘ ਪਾਈ। ਜਿਸ ਦਿਨ ਦੀ ਪੀਂਘ ਪਈ ਸਕੂਲ ਤੋਂ ਆ ਕੇ ਸਾਰੀ ਸਾਰੀ ਸ਼ਾਮ ਬੱਚਾ ਪੀਂਘ ਨੂੰ ਚਿਮਟਿਆ ਰਹਿੰਦਾ। ਚੰਬੇਲੀ ਕਦੀ ਉਸ ਨੂੰ ਝੂਟੇ ਦੇਂਦੀ ਰਹਿੰਦੀ। ਕਦੀ ਕੁਆਰਟਰ ਦੀ ਮੁਹਾਠ ਤੇ ਬੈਠੀ ਗੋਲ ਗੁਦਲੀਆਂ ਗਲ੍ਹਾਂ ਵਾਲੇ ਬੱਚੇ ਨੂੰ ਵੇਖਦੀ ਰਹਿੰਦੀ।

ਸਰਦਾਰ ਨੂੰ ਜਦੋਂ ਬੱਚੇ ਦੇ ਪੀਂਘ ਦੇ ਇਸ ਸ਼ੌਕ ਦੀ ਖ਼ਬਰ ਮਿਲੀ ਤਾਂ ਹਫ਼ਤੇ ਦੇ ਅੰਦਰ ਅੰਦਰ ਘਾਹ ਦੇ ਮੈਦਾਨ ਦੇ ਇਕਲਵੰਜੇ ਨਵੀਂ ਕਿਸਮ ਦਾ ਇਕ ਝੂਲਾ ਪਵਾ ਦਿਤਾ ਗਿਆ। ਇਸ ਨਵੀਂ ਪੀਂਘ ਨੂੰ ਬੱਚਾ ਆਪਣੇ ਦੋਸਤਾਂ ਨਾਲ ਵਿਹਲੇ ਵੇਲੇ ਝੂਟਣ ਲਗ ਪੈਂਦਾ। ਤੇ ਉਸ ਨੇ ਨੌਕਰਾਂ ਦੇ ਕੁਆਰਟਰਾਂ ਵਲ ਜਾਣਾ ਬੰਦ ਕਰ ਦਿਤਾ।

ਇਕ ਐਤਵਾਰ ਸਰਦਾਰ ਖ਼ਾਲੀ ਸੀ ਜਿਵੇਂ। ਸਰਦੀਆਂ

ਦਿਨ ਸਨ। ਚਿਟਕਾ ਵਾਹ ਵਾਹ ਲਗ ਰਿਹਾ ਸੀ। ਤੇ ਸਰਦਾਰ ਬਾਹਰ ਘਾਹ ਦੇ ਮੈਦਾਨ ਵਿਚ ਆ ਬੈਠਾ। ਸਰਦਾਰ ਦੇ ਆਣ ਤੋਂ ਪਹਿਲੇ ਇਕ ਰੰਗ-ਬਰੰਗਾ ਛਾਤਾ ਲਾਇਆ ਗਿਆ, ਦਰੀ ਵਿਛਾਈ ਗਈ, ਇਕ ਪਾਸੇ ਇਕ ਪਰਦਾ ਲਿਆਕੇ ਰਖਿਆ ਗਿਆ। ਤੇ ਸਰਦਾਰ ਕੁਰਸੀ ਫਿਰਾ ਕੇ ਕਦੀ ਛਾਤੇ ਦੀ ਛਾਂ ਹੇਠ ਹੋ ਜਾਂਦਾ, ਕਦੀ ਬਾਹਰ ਨਿਕਲ ਆਂਦਾ। ਮੋਟਰਾਂ ਵਿੱਚ ਬੈਠੇ ਲੋਕੀ ਉਂਝ ਦੇ ਉਂਝ ਉਹਨੂੰ ਮਿਲਣ ਆਂਦੇ ਰਹੇ ਤੇ ਉਹ ਉਂਝ ਦਾ ਉਂਝ ਉਨ੍ਹਾਂ ਨਾਲ ਆਹਿਸਤਾ ਆਹਿਸਤਾ ਗੱਲਾਂ ਕਰਦਾ ਰਿਹਾ।

ਆਪਣੇ ਕੁਆਰਟਰ ਦੀ ਮੁਹਾਠ ਤੇ ਬੈਠੀ ਚੰਬੇਲੀ ਕਿਤਨਾ ਚਿਰ ਘਾਹ ਦੇ ਮੈਦਾਨ ਵਲ ਵੇਖਦੀ ਰਹੀ।

ਫੇਰ ਉਸਨੇ ਆਪਣੇ ਖ਼ਾਵੰਦ ਤੋਂ ਪੁਛਿਆ, ਕਦੀ ਉਸਨੇ ਸਰਦਾਰ ਨਾਲ ਗੱਲ ਕੀਤੀ ਸੀ।

ਉਸਦੇ ਖ਼ਾਵੰਦ ਨੇ ਕਦੀ ਸਰਦਾਰ ਨਾਲ ਗੱਲ ਨਹੀਂ ਸੀ ਕੀਤੀ।

ਫੇਰ ਉਸਨੇ ਆਪਣੇ ਖ਼ਾਵੰਦ ਤੋਂ ਪੁਛਿਆ, ਕਦੀ ਉਸ ਨੇ ਆਪਣੇ ਸਰਦਾਰ ਦੀ ਆਵਾਜ਼ ਸੁਣੀ ਸੀ।

ਉਸਦੇ ਖ਼ਾਵੰਦ ਨੇ ਕਦੀ ਸਰਦਾਰ ਦੀ ਆਵਾਜ਼ ਨਹੀਂ ਸੁਣੀ ਸੀ।

ਹਾਂ, ਇਕ ਵਾਰ ਜਦੋਂ ਮਾਲੀ ਉਹਦੇ ਦਫ਼ਤਰ ਵਿਚ ਮੇਜ਼ ਤੇ ਫੁਲ ਲਾ ਰਿਹਾ ਸੀ, ਸਰਦਾਰ ਨੇ ਅਖ਼ਬਾਰ ਤੋਂ ਅੱਖਾਂ ਚੁਕ ਮਾਲੀ ਵਲ ਵੇਖਿਆ ਸੀ ਤੇ ਫੇਰ ਅਖ਼ਬਾਰ ਦਾ ਸਫ਼ਾ ਉਲਟਿਆ ਸੀ। ਚੰਬੇਲੀ ਕਹਿੰਦੀ, ਸਰਦਾਰ ਨੇ ਸਫ਼ਾ ਪਰਤਣ ਲਈ ਅੱਖ ਚੁਕੀ ਸੀ। ਮਾਲੀ ਕਹਿੰਦਾ, ਨਹੀਂ, ਸਰਦਾਰ ਨੇ ਸ਼ਲਾਘਾ

ਭਰੀਆਂ ਨਜ਼ਰਾਂ ਨਾਲ ਮਾਲੀ ਵਲ ਤਕਿਆ ਸੀ ਖ਼ਾਸ ਤੌਰ ਤੇ ਉਨ੍ਹਾਂ ਫੁਲਾਂ ਨੂੰ ਵੇਖ ਕੇ। ਮਾਲੀ ਦੇ ਫੁਲ ਵੀ ਤੇ ਅਜਿਹੇ ਸਨ ਕਿ ਸਾਰੀ ਸਿਵਲ ਲਾਈਨ ਵਿੱਚ ਇਹੋ ਜਹੇ ਫੁਲ ਕਿਸੇ ਦੀ ਕੋਠੀ ਵਿਚ ਨਹੀਂ ਸਨ ਲਗੇ ਹੋਏ।

ਤੇ ਫੇਰ ਕਿਤਨਾ ਚਿਰ ਚੰਬੇਲੀ ਤੇ ਉਹਦਾ ਖ਼ਾਵੰਦ ਆਪਣੇ ਫੁਲਾਂ ਦੀਆਂ ਗੱਲਾਂ ਕਰਦੇ ਰਹੇ, ਸਬਜ਼ੀਆਂ ਦੀਆਂ ਗੱਲਾਂ ਕਰਦੇ ਰਹੇ। ਚੰਬੇਲੀ ਆਪਣੇ ਖ਼ਾਵੰਦ ਦੇ ਹਥਾਂ ਦੀ ਸਫ਼ਾਈ ਤੇ ਹੈਰਾਨ ਰਹਿ ਰਹਿ ਜਾਂਦੀ। ਇਤਨੀ ਬਰਕਤ ਸੀ ਉਹਦੇ ਪੋਟਿਆਂ ਵਿੱਚ! ਜਿਹੜਾ ਬੀਜ ਵੀ ਕਦੀ ਉਹ ਪਾਂਦਾ, ਭਾਵੇਂ ਅਗੇਤਰਾ ਹੋਏ ਭਾਵੇਂ ਪਛੇਤਰਾ ਹੋਏ, ਜ਼ਰੂਰ ਫੁਟਦਾ, ਜ਼ਰੂਰ ਵਧਦਾ, ਜ਼ਰੂਰ ਫੁਲਦਾ, ਜ਼ਰੂਰ ਫਲਦਾ। ਤੇ ਚੰਬੇਲੀ ਨੂੰ ਯਾਦ ਆਂਦੇ ਆਪਣੇ ਪਿਤਾ ਦੇ ਸ਼ਬਦ : ਕਿਰਸਾਨ ਦੇ ਹਥ ਵਿੱਚ ਬਰਕਤ ਹੋਣੀ ਚਾਹੀਦੀ ਏ। ਤੇ ਇਹ ਬਰਕਤ ਆਂਦੀ ਏ ਸੁੱਚਮ ਤੋਂ, ਸਚੇ ਜੀਵਨ ਤੋਂ। ਤੇ ਚੰਬੇਲੀ ਖੁਸ਼ ਸੀ। ਉਸਦਾ ਖ਼ਾਵੰਦ ਦੇਵਤਿਆਂ ਵਰਗਾ ਇਨਸਾਨ ਸੀ। ਨ ਕਦੀ ਉਸ ਨੇ ਦਾਰੂ ਪੀਤਾ ਸੀ, ਨ ਕਦੀ ਉਸ ਬੀੜੀ ਪੀਤੀ ਸੀ, ਨ ਕਦੀ ਉਹ ਹੋਰਨਾਂ ਵਾਂਗ ਅਧੀ-ਅਧੀ ਰਾਤ ਗਏ ਤੀਕ ਬਾਹਰ ਰਿਹਾ ਸੀ।

ਤੇ ਚੰਬੇਲੀ ਖੁਸ਼ ਸੀ, ਬੜੀ ਖੁਸ਼ ਸੀ।

ਚੰਬੇਲੀ ਦੇ ਇਸ ਸ਼ਾਂਤ ਅਡੋਲ ਜੀਵਨ ਵਿੱਚ ਕਦੀ ਕਦੀ ਛਲ ਪੈਂਦੀ। ਕਦੀ ਕਦੀ ਜਦੋਂ ਉਹਦਾ ਚਿਤ ਕਰਦਾ, ਸਰਦਾਰਨੀ ਕੋਲ ਬਹਿਕੇ ਗੱਲਾਂ ਕਰੇ, ਤੇ ਉਹ ਸਤ ਪੜਦਿਆਂ ਵਿਚ ਅੰਦਰ ਕਿਤੇ ਲੁਕੀ ਹੁੰਦੀ। ਕਦੀ ਕਦੀ ਜਦੋਂ ਉਹਦਾ ਜੀਅ ਕਲਦਾ, ਸਰਦਾਰ ਦੇ ਬੱਚੇ ਨੂੰ ਬਾਹਵਾਂ ਵਿੱਚ ਲੈਕੇ ਚੁੰਮ

ਲਵੇ ਤੇ ਉਹਦੇ ਉਜਲੇ, ਰੇਸ਼ਮ ਦੇ, ਹਥ-ਲਾਇਆਂ-ਮੈਲੇ—ਹੁੰਦੇ ਕਪੜਿਆਂ ਵਲ ਵੇਖ ਕੇ, ਉਹ ਝਕ ਜਾਂਦੀ, ਰੁਕ ਜਾਂਦੀ। ਕਦੀ ਕਦੀ ਜਦੋਂ ਉਹ ਘਾਹ ਦੇ ਮੈਦਾਨ ਵਿਚੋਂ ਬੂਟੀ ਕਢ ਰਹੀ ਹੁੰਦੀ ਤੇ ਸਰਦਾਰ ਉਹਦੇ ਕੋਲੋਂ ਲੰਘਦਾ, ਉਹਦਾ ਦਿਲ ਕਰਦਾ ਇਕ ਵਾਰ, ਨਜ਼ਰਾਂ ਹੀ ਨਜ਼ਰਾਂ ਵਿਚ ਭਾਵੇਂ, ਸਰਦਾਰ ਉਹਦੇ ਕੰਮ ਦੀ ਸ਼ਲਾਘਾ ਕਰ ਦਏ, ਉਹਦੇ ਖ਼ਾਵੰਦ ਨੂੰ ਚੰਗਾ ਕਹਿ ਦਏ, ਨਵੇਂ ਖਿੜੇ ਫੁਲਾਂ ਦਾ ਜ਼ਿਕਰ ਹੋ ਜਾਏ।

ਪਰ ਸਰਦਾਰ ਕੁਝ ਇਤਨਾ ਹੋਰ ਹੋਰ, ਕੁਝ ਇਤਨਾ ਉੱਚਾ ਉੱਚਾ, ਕੁਝ ਇਤਨਾ ਸਾਫ਼ ਸਾਫ਼, ਕੁਝ ਇਤਨਾ ਚੁਪ ਚੁਪ, ਕੁਝ ਇਤਨਾ ਪਰ੍ਹੇ ਪਰ੍ਹੇ, ਕੁਝ ਇਤਨਾ ਫਰਕ ਫਰਕ ਸੀ। ਚੰਬੇਲੀ ਨੂੰ ਕੁਝ ਸਮਝ ਨ ਪੈਂਦੀ।

ਇਕ ਵਾਰ ਬਾਹਰ ਘਾਹ ਦੇ ਮੈਦਾਨ ਤੇ ਬੈਠਾ, ਸਰਦਾਰ ਨੂੰ ਕੁਝ ਇਸ ਤਰ੍ਹਾਂ ਸਵਾਦ ਆ ਇਆ, ਹਰ ਐਤਵਾਰ, ਹਰ ਛੁਟੀ ਵਾਲੇ ਰੋਜ਼ ਉਹ ਬਾਹਰ ਹੀ ਬੈਠਦਾ। ਜੇ ਕੰਮ ਕਰਨਾ ਹੁੰਦਾ ਤਾਂ ਕੰਮ ਕਰਦਾ ਰਹਿੰਦਾ, ਜੇ ਪੜ੍ਹਨਾ ਹੁੰਦਾ ਤਾਂ ਪੜ੍ਹਦਾ ਰਹਿੰਦਾ, ਜੇ ਮਿਲਣਾ ਕਿਸੇ ਨੂੰ ਹੁੰਦਾ ਤੇ ਉਥੇ ਹੀ ਮੁਲਾਕਾਤ ਹੋ ਜਾਂਦੀ। ਹਰ ਐਤਵਾਰ, ਹਰ ਛੁਟੀ ਵਾਲੇ ਰੋਜ਼ ਰੰਗ ਬਰੰਗਾ ਛਾਤਾ ਲਗਦਾ, ਦਰੀ ਵਿਛਦੀ, ਪਰਦਾ ਰਖਿਆ ਜਾਂਦਾ। ਤੇ ਸਰਦਾਰ ਕੁਰਸੀ ਘੁਮਾਂਦਾ ਕਦੀ ਛਾਤੇ ਹੇਠ ਹੁੰਦਾ, ਕਦੀ ਬਾਹਰ ਧੁਪ ਵਿੱਚ ਆ ਜਾਂਦਾ।

ਤੇ ਚੰਬੇਲੀ ਹੈਰਾਨ ਹੁੰਦੀ, ਇਹ ਸਰਦਾਰ ਕੈਸਟਰਾਇਲ ਦੇ ਬੂਟੇ ਹੇਠ ਕਿਉਂ ਨਹੀਂ ਬੈਠਦਾ ਸੀ। ਕੈਸਟਰਾਇਲ ਦੇ ਬੂਟੇ ਹੇਠ, ਧੁਪ ਦੀ ਧੁਪ ਸੀ, ਛਾਂ ਦੀ ਛਾਂ ਸੀ, ਕੈਸਟਰਾ-ਇਲ ਦੇ ਝਾੜ ਦਾ ਪਰਦੇ ਦਾ ਪਰਦਾ ਸੀ, ਨਾਲ ਫੁਲਾਂ

ਦੀਆਂ ਕਿਆਰੀਆਂ ਸਨ । ਕੈਸਟਰਾਇਲ ਦੇ ਬੂਟੇ ਤੇ ਰੰਗ ਰੰਗ ਦੇ ਪੰਛੀ ਆਕੇ ਬੈਠਦੇ ਸਨ । ਕੈਸਟਰਾਇਲ ਦੇ ਫੁਲ ਕਿਤਨੇ ਪਿਆਰੇ ਸਨ !

ਚੰਬੇਲੀ ਹੈਰਾਨ ਹੁੰਦੀ ਰਹਿੰਦੀ, ਹੁੰਦੀ ਰਹਿੰਦੀ ।

ਕਈ ਵਾਰ ਚੰਬੇਲੀ ਆਪ ਕੈਸਟਰਾਇਲ ਦੇ ਬੂਟੇ ਹੇਠ ਜਾ ਬੈਠਦੀ । ਆਪਣੇ ਖਾਵੰਦ ਨੂੰ ਸੱਦ ਸੱਦ ਕੇ ਪੁਛਦੀ ਰਹਿੰਦੀ—ਜਾ ਰਹੀਆਂ ਸਰਦੀਆਂ ਦੀ ਦੁਪਹਿਰ ਕੈਸਟਰਾਇਲ ਹੇਠ ਬੈਠਣ ਵਿਚ ਕਿਤਨਾ ਮਜ਼ਾ ਏ ! ਤੇ ਉਸ ਦਾ ਖਾਵੰਦ ਚੰਬੇਲੀ ਦੀ ਹਾਂ ਵਿੱਚ ਹਾਂ ਮਿਲਾਂਦਾ ਰਹਿੰਦਾ ।

ਉਨ੍ਹਾਂ ਹੀ ਸਰਦੀਆਂ ਵਿੱਚ ਹੋਲੀ ਦੀ ਇਕ ਛੁੱਟੀ ਸੀ । ਹੋਲੀ ਲੋਕੀ ਕਈ ਦਿਨਾਂ ਤੋਂ ਮਨਾ ਰਹੇ ਸਨ, ਛੁਟੀ ਖਾਸ ਤੌਰ ਤੇ ਉਸ ਦਿਨ ਸੀ । ਸਰਦਾਰ, ਹਮੇਸ਼ ਵਾਂਗ, ਛੁੱਟੀ ਵਾਲੇ ਰੋਜ਼ ਬਾਹਰ ਆ ਬੈਠਾ । ਛਾਤਾ ਹਮੇਸ਼ ਵਾਂਗ ਲਾਇਆ ਗਿਆ, ਪਰਦਾ ਹਮੇਸ਼ ਵਾਂਗ ਰਖਿਆ ਗਿਆ, ਦਰੀ ਹਮੇਸ਼ ਵਾਂਗ ਵਿਛਾਈ ਗਈ । ਭਾਵੇਂ ਛੁੱਟੀ ਸੀ, ਸਰਦਾਰ ਸਵੇਰ ਦਾ ਆਪਣੇ ਕੰਮ ਵਿੱਚ ਮਗਨ ਸੀ । ਕਦੀ ਕੁਝ ਪੜ੍ਹ ਰਿਹਾ ਸੀ, ਕਦੀ ਕੁਝ ਲਿਖ ਰਿਹਾ ਸੀ, ਕਦੀ ਮੁਲਾਕਾਤੀ ਆ ਰਹੇ ਸਨ ।

ਚੰਬੇਲੀ ਦਾ ਖ਼ਾਵੰਦ ਸਵੇਰ ਦਾ ਰੰਗ ਦੀਆਂ ਪੜੀਆਂ ਬੰਨ੍ਹ ਬਾਹਰ ਕਿਤੇ ਗਿਆ ਹੋਇਆ ਸੀ । ਮਸਾਂ ਅਜੇ ਸੌਂ ਕੇ ਉਹ ਉਠਿਆ ਸੀ ਕਿ ਚੰਬੇਲੀ ਨੇ ਸਰਘੀ ਵੇਲੇ ਉਠਕੇ ਬਣਾਏ ਰੰਗਾਂ ਨਾਲ ਉਹਨੂੰ ਲਥ-ਪਥ ਕਰ ਛਡਿਆ ਤੇ ਹਸਦਾ ਖੇਡਦਾ ਉਂਝ ਦਾ ਉਂਝ ਉਹ ਬਾਹਰ ਨਿਕਲ ਗਿਆ ਸੀ ।

ਤੇ ਕਲ-ਮੁਕੱਲੀ ਆਪਣੇ ਕੁਆਰਟਰ ਵਿੱਚ ਖਲੋਤੀ ਵੰਞੇਲੀ ਸਾਹਮਣੇ ਸੜਕ ਤੇ ਹੋਲੀ ਦੀ ਰੌਣਕ ਵੇਖਣ ਲੱਗ

ਪਈ। ਬਾਹਰੋਂ ਸਾਈਕਲਾਂ ਤੇ ਦੁਧ ਲੈ ਕੇ ਆਉਂਦੇ ਹਰ ਪੇਂਡੂ ਨੂੰ ਖੜਾ ਕਰ ਲੀਤਾ ਜਾਂਦਾ, ਤੇ ਹਸਦੇ-ਖੇਡਦੇ ਉਹ ਰੰਗ ਪਵਾ ਕੇ ਅਗੇ ਤੁਰ ਜਾਂਦੇ। ਕਈਆਂ ਦੇ ਕਪੜੇ ਅਗੇ ਹੀ ਰੰਗੇ ਹੁੰਦੇ, ਉਨ੍ਹਾਂ ਤੇ ਹੋਰ ਰੰਗ ਪਾਇਆ ਜਾਂਦਾ, ਜਿਹੜੇ ਜਾਣ ਬੁਝ ਕੇ ਫਟੇ ਹੋਏ ਕਪੜੇ ਪਾਕੇ ਆਏ ਲਗਦੇ, ਉਨ੍ਹਾਂ ਤੇ ਰੰਗ ਵਿੱਚ ਮਿਲਾਏ ਤੇਲ ਦੀਆਂ ਪਚਕਾਰੀਆਂ ਮਾਰੀਆਂ ਜਾਂਦੀਆਂ। ਇਕ ਟਰੱਕ ਆਇਆ, ਮੁੰਡਿਆਂ ਨੇ ਹਥ ਦੇ ਕੇ ਟਰੱਕ ਨੂੰ ਖੜਾ ਕਰ ਲਿਆ। ਪਹਿਲੇ ਡਰਾਈਵਰ ਨੂੰ ਬਾਹਰ ਕਢ ਕੇ ਰੰਗਿਆ ਗਿਆ, ਫੇਰ ਰੰਗ ਦੀਆਂ ਬਾਲਟੀਆਂ ਚੁਕੀ, ਪਚਕਾਰੀਆਂ ਸੰਭਾਲੀ, ਮੁੰਡੇ ਟਰੱਕ ਤੇ ਚੜ੍ਹ ਗਏ, ਤੇ ਹਸਦੇ-ਗਾਂਦੇ ਤੁਰਦੀ ਟਰੱਕ ਤੋਂ ਰਾਹ-ਗੁਜ਼ਰੂਆਂ ਨੂੰ ਰੰਗ ਦੀਆਂ ਪਚਕਾਰੀਆਂ ਮਾਰਨ ਲਗ ਪਏ। ਇਕ ਪਾਰਟੀ ਜਾਂਦੀ, ਸੜਕ ਤੇ ਇਕ ਹੋਰ ਪਾਰਟੀ ਆ ਜਾਂਦੀ। ਊਰ ਊਰ ਕਰਦੇ ਲੋਕੀ ਇਕ ਮਹੱਲੇ ਵਿਚੋਂ ਨਿਕਲਦੇ ਦੂਜੇ ਵਿਚ ਵੜ ਜਾਂਦੇ। ਜਿਹੜੀ ਮੋਟਰ ਗੁਜ਼ਰਦੀ ਉਸਦੇ ਸਭ ਦੇ ਸਭ ਸ਼ੀਸ਼ੇ ਬੰਦ ਹੁੰਦੇ। ਇਕ ਟਾਂਗਾ ਆਇਆ, ਵਿੱਚ ਦੁਧ ਚਟੇ ਕਪੜੇ ਪਾਈ ਇਕ ਲਾਲਾ ਤੇ ਉਹਦੀ ਲਲਾਇਣ ਬੈਠੇ ਸਨ। ਲਲਾਇਣ ਖਪਦੀ ਰਹੀ, ਕ੍ਰਿਝਦੀ ਰਹੀ, ਲਖ ਲਖ ਗਾਲ੍ਹਾਂ ਕਢਦੀ ਰਹੀ, ਮੁੰਡਿਆਂ ਨੇ ਲਾਲਾ ਜੀ ਨੂੰ ਟਾਂਗੇ ਵਿਚ ਲਾਹ, ਰੰਗਾਂ ਨਾਲ ਨੁਹਾ ਦਿਤਾ। ਤੇ ਜਦੋਂ ਟਾਂਗਾ ਤੁਰਿਆ, ਲਲਾਇਣ ਉਤੇ ਵੀ ਪਚਕਾਰੀਆਂ ਮਾਰਕੇ ਉਹਦੇ ਰੇਸ਼ਮੀ ਸੂਟ ਦਾ ਸਤਿਆਨਾਸ ਕਰ ਦਿਤਾ। ਫੇਰ ਇਕ ਪਾਰਟੀ ਢੋਲਕੀਆਂ ਛੈਣੇ ਕੁਟਦੀ, ਨਚਦੀ, ਗਾਂਦੀ ਹੋਈ ਆਈ। ਜਿਨ੍ਹਾਂ ਕਪੜੇ ਪਾਏ ਹੋਏ ਸਨ, ਉਨ੍ਹਾਂ ਦੇ ਕਪੜੇ ਸੌ ਸੌ ਰੰਗਾਂ ਵਿੱਚ ਰੰਗੇ ਹੋਏ ਸਨ, ਜਿਹੜੇ ਨੰਗੇ ਸਨ, ਉਨ੍ਹਾਂ ਦੇ ਸਰੀਰ ਤੇ ਸੌ ਸੌ ਰੰਗ ਮਲੇ ਹੋਏ ਸਨ। ਤੇ ਅਜੇ ਹੋਰ ਪਏ ਇਕ ਦੂਜੇ ਤੇ ਉਹ ਰੰਗ

ਪਾਂਦੇ ਸਨ, ਰਾਹ ਗੁਜ਼ਰੂਆਂ ਨੂੰ ਰੰਗਦੇ ਸਨ। ਢੋਲਕ ਵਾਲਾ ਦਬ ਦਬ ਢੋਲਕ ਕੁਟਦਾ, ਛੈਣਿਆਂ ਵਾਲੇ ਜ਼ੋਰ ਜ਼ੋਰ ਦੇ ਛੈਣੇ ਬਜਾਂਦੇ, ਨਚਣ ਵਾਲੇ ਨਚ ਨਚ ਕੇ ਬੇਹਾਲ ਹੁੰਦੇ, ਗਾਣ ਵਾਲਿਆਂ ਦੇ ਗਾ ਗਾ ਕੇ ਗਲੇ ਬੈਠ ਰਹੇ ਸਨ। ਪਰ ਤਾਂ ਵੀ ਲੋਕੀ ਗਾ ਰਹੇ ਸਨ, ਪਰ ਤਾਂ ਵੀ ਲੋਕੀ ਨਚ ਰਹੇ ਸਨ, ਪਰ ਤਾਂ ਵੀ ਲੋਕੀ ਹਸ ਰਹੇ ਸਨ, ਪਰ ਤਾਂ ਵੀ ਲੋਕੀ ਖੇਡ ਰਹੇ ਸਨ।

ਤੇ ਆਪਣੇ ਕੁਆਰਟਰ ਦੀ ਮੁਹਾਠ ਤੇ ਖਲੋਤੀ ਕੱਲ-ਮੁਕੱਲੀ ਚੰਬੇਲੀ ਦੇ ਹਥਾਂ ਨੂੰ ਕੁਝ ਕੁਝ ਹੁੰਦਾ, ਉਹਦੀਆਂ ਬਾਹਵਾਂ ਜਿਵੇਂ ਕਲਵਲ ਕਰ ਉਠੀਆਂ। ਉਹਦੇ ਅੰਦਰ ਰੰਗ ਦੀ ਬਾਲਟੀ ਭਰੀ ਹੋਈ ਸੀ, ਗੁਲਾਲ ਦੀਆਂ ਪੁੜੀਆਂ ਰਖੀਆਂ ਸਨ। ਉਸਨੂੰ ਸਮਝ ਨ ਆਂਦੀ, ਉਹ ਕਿਸ ਤੇ ਰੰਗ ਪਾਏ, ਉਹ ਕਿਸ ਨਾਲ ਹੋਲੀ ਖੇਡੇ। ਸਾਹਮਣੇ ਘਾਹ ਦੇ ਮੈਦਾਨ ਵਿਚ ਸਰਦਾਰ ਬੈਠਾ ਹੋਇਆ ਸੀ, ਸਤਰੰਗੇ ਛਾਤੇ ਹੇਠ, ਕੀਮਤੀ ਦਰੀ ਉਤੇ, ਰੇਸ਼ਮੀ ਪਰਦੇ ਦੇ ਉਹਲੇ। ਤੇ ਸਰਦਾਰਨੀ ਤੇ ਉਹਦਾ ਬੱਚਾ ਸਵੇਰ ਦੇ ਅੰਦਰ ਵੜੇ ਹੋਏ ਸਨ। ਚਿਕਾਂ ਪਿਛੇ ਦਰਵਾਜ਼ੇ, ਦਰਵਾਜ਼ਿਆਂ ਪਿਛੇ ਪਰਦੇ, ਪਰਦਿਆਂ ਪਿਛੇ ਕਮਰੇ, ਕਮਰਿਆਂ ਪਿਛੇ ਹੋਰ ਕਮਰੇ। ਚੰਬੇਲੀ ਦੀ ਜਿਥੇ ਪਹੁੰਚ ਨਹੀਂ ਸੀ, ਬਿਲਕੁਲ ਨਹੀਂ ਸੀ। ਚੰਬੇਲੀ ਸੋਚਦੀ ਰਹੀ, ਸੋਚਦੀ ਰਹੀ। ਉਸਨੂੰ ਇੰਝ ਲਗਦਾ ਸਰਦਾਰ, ਸਰਦਾਰਨੀ, ਉਨ੍ਹਾਂ ਦਾ ਬੱਚਾ ਜਿਵੇਂ ਟਿੱਬੇ ਸਨ, ਅਹਿਲ, ਅਟੱਲ, ਦੂਰ ਬਹੁਤ ਦੂਰ, ਉਸਦੀ ਪਹੁੰਚ ਤੋਂ ਬਾਹਰ। ਜਿਵੇਂ ਚੰਬੇਲੀ ਤੇ ਉਹਦਾ ਖ਼ਵੰਦ-ਮਾਲੀ, ਟੋਏ ਸਨ, ਜਿਹਤੇ ਭਰੀਣ ਵਿਚ ਹੀ ਨਹੀਂ ਸਨ ਆਂਦੇ। ਤੇ ਸਾਹਮਣੇ ਸੜਕ ਤੇ ਲੋਕੀ ਨਚ ਨਚ, ਗਾ ਗਾ, ਰੰਗਾਂ ਨੂੰ ਉਛਾਲ ਉਛਾਲ ਬੇਹਾਲ ਹੋ ਰਹੇ ਸਨ। ਰਾਹ ਗੁਜ਼ਰੂਆਂ ਤੇ ਰੰਗ ਪਾ ਪਾ ਥਕਦੇ ਤੇ

ਇਕ ਦੂਜੇ ਤੇ ਪਾਣਾ ਸ਼ੁਰੂ ਕਰ ਦਿੰਦੇ, ਆਪਸ ਵਿੱਚ ਪਾ ਪਾ ਬਰਦੇ ਤੇ ਹਵਾ ਵਿਚ ਪਚਕਾਰੀਆਂ ਛੋੜਨੀਆਂ ਸ਼ੁਰੂ ਕਰ ਦਿੰਦੇ। ਡੰਗਰਾਂ ਦੇ ਪਾਣੀ ਪੀਣ ਲਈ ਚਰੱਈ ਵਿੱਚ ਉਨ੍ਹਾਂ ਨੇ ਰੰਗ ਘੋਲ ਲਿਆ ਸੀ। ਬਦਮਸਤ, ਨਸ਼ੇ ਵਿਚ ਬੇਹਾਲ ਲੋਕਾਂ ਨੂੰ ਇੰਝ ਹੋਲੀ ਖੇਡਦਾ ਵੇਖ, ਚੰਬੇਲੀ ਨੂੰ ਜਿਵੇਂ ਇਕ ਲੋਰ ਜਿਹਾ ਆ ਗਿਆ, ਉਹਦੀਆਂ ਅਖਾਂ ਇਕ ਸਰੂਰ ਜਹੇ ਵਿੱਚ ਜਿਵੇਂ ਅਕੜ ਗਈਆਂ। ਇਕ ਖਿਨ ਦੇ ਖਿਨ ਲਈ ਉਹ ਆਪਣੇ ਕੁਆਰਟਰ ਦੇ ਅੰਦਰ ਗਈ। ਫੇਰ ਉਂਝ ਦਾ ਉਂਝ ਬੂਹੇ ਨੂੰ ਖੁਲ੍ਹਾ ਛਡ ਬਾਹਰ ਨਿਕਲ ਆਈ। ਅਗਲੇ ਝਟ ਚੰਬੇਲੀ ਨੇ ਰੇਸ਼ਮੀ ਪਰਦੇ ਦੇ ਪਿਛੇ ਘਾਹ ਦੇ ਮੈਦਾਨ ਤੇ, ਸਤਰੰਗੇ ਛਾਤੇ ਹੇਠ ਕੰਡ ਕੀਤੀ ਬੈਠੇ ਸਰਦਾਰ ਨੂੰ ਮੋਢਿਆਂ ਤੋਂ ਫੜ, ਉਹਦੇ ਮੂੰਹ ਤੇ, ਗਰਦਨ ਤੇ, ਛਾਤੀ ਤੇ, ਸਾਫੇ ਤੇ, ਕਮੀਜ਼ ਤੇ ਗੁਲਾਲ ਹੀ ਗੁਲਾਲ ਕਰ ਦਿਤਾ। ਸਰਦਾਰ ਚੀਖਦਾ ਰਿਹਾ, ਖਫਾ ਹੁੰਦਾ ਰਿਹਾ, 'ਬਦਤਮੀਜ਼' 'ਬਦਤਮੀਜ਼' ਕਹਿੰਦਾ ਰਿਹਾ, ਨੌਕਰ-ਚਾਕਰ, ਸਰਦਾਰਨੀ, ਉਨ੍ਹਾਂ ਦਾ ਬੱਚਾ ਸਭ ਕੋਠੀ ਵਿਚੋਂ ਦੌੜਦੇ ਹੋਏ ਆਏ, ਹੈਰਾਨ ਵੇਖ ਰਹੇ ਸਨ। ਪਰ ਚੰਬੇਲੀ ਪੁੜੇ ਵਿਚੋਂ ਰੰਗ ਕਢ ਕਢ ਮਲਦੀ ਗਈ ਮਲਦੀ ਗਈ। ਤੇ ਜਦੋਂ ਉਹਦਾ ਰੰਗ ਖ਼ਤਮ ਹੋਇਆ, ਦੌੜਦੀ ਹੋਈ, ਹਫਦੀ ਹੋਈ, ਸਾਹੋ-ਸਾਹ ਆਪਣੇ ਕੁਆਰਟਰ ਵਿੱਚ ਆਕੇ ਚੁਫਾਲ ਮੰਜੀ ਤੇ ਢਹਿ ਪਈ, ਠੰਢੀ ਯਖ, ਇੰਝ ਜਿਵੇਂ ਕੋਈ ਝੱਖੜ ਕਿਸੇ ਅਹਿਲ ਟਿੱਬੇ ਨੂੰ ਹਿਲਾ ਕੇ ਸ਼ਾਂਤ ਹੋ ਜਾਂਦਾ ਹੈ।

——

ਭੈਣ ਦਾ ਭਰਾ

ਹੁਸ਼ਨਾਕ ਸਿੰਘ ਉਸਦਾ ਨਾਂ ਸੀ।

ਉਂਝ ਬਚਪਨ ਤੋਂ ਅਸੀਂ ਉਸਨੂੰ "ਭੈਣ ਦਾ ਭਰਾ" ਕਹਿਕੇ ਸਦਦੇ ਆ ਰਹੇ ਸਾਂ। ਅਸੀਂ ਘਰ ਵਿੱਚ ਉਸਨੂੰ ਇਸ ਨਾਂ ਤੋਂ ਸਦਦੇ ਸਾਂ, ਬਾਹਰ ਵੀ ਉਸਦਾ ਇਹੀ ਨਾਂ ਮਸ਼ਹੂਰ ਹੋ ਗਿਆ। ਸਕੂਲ ਦੇ ਬੱਚੇ, ਮਹੱਲੇ ਦੀਆਂ ਔਰਤਾਂ, ਬਜ਼ਾਰ ਦੇ ਦੁਕਾਨਦਾਰ, ਛਾਬੜੀਆਂ ਵਾਲੇ, ਸਾਰੇ ਉਸਨੂੰ "ਭੈਣ ਦਾ ਭਰਾ" ਕਰਕੇ ਹੀ ਬੁਲਾਂਦੇ ਸਨ।

ਗਲ ਇੰਝ ਹੋਈ, ਬਚਪਨ ਵਿੱਚ ਜਦੋਂ ਸਾਡ ਘਰ ਹੁਸ਼ਨਾਕ ਸਿੰਘ ਆਇਆ, ਹਰ ਗੱਲ ਵਿੱਚ ਆਪਣੀ ਭੈਣ ਦਾ ਜ਼ਿਕਰ ਉਹ ਘੜੀਸ ਲਿਆਂਦਾ। ਭਾਵੇਂ ਕੋਈ ਖਾ ਰਿਹਾ

ਹੋਵੇ, ਭਾਵੇਂ ਕੋਈ ਖੇਡ ਰਿਹਾ ਹੋਵੇ, ਭਾਵੇਂ ਕੋਈ ਪੜ੍ਹ ਰਿਹਾ ਹੋਵੇ, ਕੋਈ ਨ ਕੋਈ ਗੱਲ ਉਹ ਆਪਣੀ ਭੈਣ ਦੀ ਲੈ ਕੇ ਬਹਿ ਜਾਂਦਾ। ਮਿਧ ਮਿਧ ਕੇ ਉਹਨੂੰ ਪਿਆ ਮਿਧਦਾ, ਚਸਕੇ ਲਾ ਲਾ, ਮੁੜ ਮੁੜ ਸੁਆਦ ਲੈ ਲੈ ਕੇ ਆਪਣੀ ਭੈਣ ਦੀਆਂ ਕਹਾਣੀਆਂ ਕਰਦਾ ਰਹਿੰਦਾ। ਤੇ ਅਸੀਂ ਉਸਦਾ ਨਾਂ "ਭੈਣ ਦਾ ਭਰਾ" ਪਾ ਦਿਤਾ।

ਹੁਸ਼ਨਾਕ ਸਿੰਘ ਆਪਣੀ ਭੈਣ ਦਾ ਇਕੋ ਇਕ ਭਰਾ ਸੀ। ਦੋਵੇਂ ਭੈਣ ਭਰਾ ਉਪਰ-ਤਲੇ ਦੇ ਸਨ। ਇਕੱਠੇ ਖੇਡ, ਇਕੱਠੇ ਖਾ, ਇਕੱਠੇ ਹੱਸ ਵਡੇ ਹੋਏ ਸਨ। ਹੁਸ਼ਨਾਕ ਸਿੰਘ ਦਾ ਪਿਤਾ ਪਹਾੜੀ ਇਲਾਕੇ ਵਿੱਚ ਸਾਡੀ ਇਕ ਜ਼ਿਮੀਂ ਤੇ ਕਿਰਸਾਨ ਸੀ। ਇਕ ਵਾਰ ਅਸੀਂ ਲੋਕ ਆਪਣੀ ਜ਼ਿਮੀਂ ਵੇਖਣ ਗਏ। ਸਾਡੇ ਪਿਤਾ ਜੀ ਨੂੰ ਹੁਸ਼ਨਾਕ ਸਿੰਘ ਡਾਢਾ ਚੰਗਾ ਲਗਾ। ਜਿਤਨੇ ਦਿਨ ਅਸੀਂ ਉਥੇ ਰਹੇ ਹੁਸ਼ਨਾਕ ਮੇਰੇ ਨਾਲ ਕੁਝ ਇਸ ਤਰ੍ਹਾਂ ਹਿਲ ਮਿਲ ਗਿਆ ਕਿ ਆਉਂਦਿਆਂ ਵਾਰੀ ਅਸੀਂ ਉਸਨੂੰ ਨਾਲ ਲੈ ਆਏ। ਹੁਸ਼ਨਾਕ ਸਿੰਘ ਇਤਨਾ ਸੋਹਣਾ, ਇਤਨਾ ਸਿਆਣਾ, ਇਤਨਾ ਚੰਚਲ ਬੱਚਾ ਸੀ ਕਿ ਸਾਡੇ ਪਿਤਾ ਜੀ ਨੇ ਸੋਚਿਆ ਉਸਨੂੰ ਉਹ ਆਪਣੇ ਬੱਚਿਆਂ ਵਾਂਗ ਪੜ੍ਹਾਉਣਗੇ। ਪਿੰਡ ਵਿੱਚ ਤਾਂ ਵਧ ਤੋਂ ਵਧ ਉਸਨੇ ਚਾਰ ਜਮਾਤਾਂ ਪਾਸ ਕਰਨੀਆਂ ਸਨ, ਫੇਰ ਆਪਣੇ ਪਿਤਾ ਦੇ ਨਾਲ ਹਲ ਵਾਹਣਾ ਸ਼ੁਰੂ ਕਰ ਦਿੰਦਾ।

ਹੁਸ਼ਨਾਕ ਸਿੰਘ ਸਾਡੇ ਨਾਲ ਸ਼ਹਿਰ ਆ ਗਿਆ। ਪਿਛੇ ਉਹਦੀ ਭੈਣ ਇਕੱਲੀ ਰਹਿ ਗਈ। ਘੁਘੀਆਂ ਦੇ ਇਕ ਮਾਸੂਮ ਜੋੜੇ ਵਾਂਗ ਖੇਡਦੇ ਹੋਏ ਅਸੀਂ ਉਨ੍ਹਾਂ ਨੂੰ ਪਹਿਲੀ ਵਾਰ ਵੇਖਿਆ ਸੀ। ਹੁਣ ਇਕ ਵਿਛੜੀ ਕੂੰਜ ਵਾਂਗ ਉਹ ਆਪਣੇ ਵੀਰ ਨੂੰ

ਯਾਦ ਕਰਦੀ ਰਹਿੰਦੀ ਤੇ ਹਰ ਆਏ-ਗਏ ਹਥ ਉਹਨੂੰ ਸੁਨੇਹੇ ਭੇਜਦੀ ਰਹਿੰਦੀ, ਸੁਗਾਤਾਂ ਭੇਜਦੀ ਰਹਿੰਦੀ।

ਹੁਸ਼ਨਾਕ ਸਿੰਘ ਜਿਉਂ ਜਿਉਂ ਵਡਾ ਹੁੰਦਾ ਤਿਉਂ ਤਿਉਂ ਉਹਨੂੰ ਆਪਣੀ ਭੈਣ ਜ਼ਿਆਦਾ ਯਾਦ ਆਂਦੀ। ਅਸੀਂ ਉਸਨੂੰ ਜਦੋਂ ਬਹੁਤਾ ਤੰਗ ਕਰਦੇ ਉਹ ਇਕੱਲਾ ਬੈਠਾ ਆਪ-ਮੁਹਾਰਾ ਆਪਣੀ ਭੈਣ ਦੀਆਂ ਗੱਲਾਂ ਕਰਦਾ ਰਹਿੰਦਾ। ਜਦੋਂ ਉਸਨੂੰ ਲਿਖਣਾ-ਪੜ੍ਹਨਾ ਆਇਆ, ਆਪਣੀ ਭੈਣ ਨੂੰ ਚਿਠੀਆਂ ਲਿਖਦਾ, ਉਹਦੀਆਂ ਭੇਜੀਆਂ ਸੁਗਾਤਾਂ ਨੂੰ ਸਾਂਭ ਸਾਂਭ ਕੇ ਰਖਦਾ।

ਸਾਡੇ ਨਾਲ ਘਰ ਦੇ ਬਾਕੀ ਬੱਚਿਆਂ ਵਾਂਗ ਰਹਿੰਦਾ, ਖਾਂਦਾ ਪੀਂਦਾ, ਪੜ੍ਹਦਾ ਖੇਡਦਾ ਹੁਸ਼ਨਾਕ ਸਿੰਘ ਇਤਨਾ ਹੁਸ਼ਿਆਰ ਹੋ ਗਿਆ ਕਿ ਹਰ ਕੰਮ ਵਿੱਚ ਸਾਨੂੰ ਸਭ ਨੂੰ ਪਿਛੇ ਛਡਦਾ। ਤੇ ਸਾਨੂੰ ਬੱਚਿਆਂ ਨੂੰ ਉਸ ਗੋਚਰੇ ਲਖ ਕੰਮ ਪਏ ਰਹਿੰਦੇ। ਕਦੀ ਅਸੀਂ ਉਸਤੋਂ ਸਬਕ ਪੁਛਣਾ ਹੁੰਦਾ, ਕਦੀ ਸਵਾਲਾਂ ਦੀ ਨਕਲ ਮਾਰਨੀ ਹੁੰਦੀ, ਕਦੀ ਖੇਡ ਵਿੱਚ ਉਸਦਾ ਅੰਤ੍ਰੀ ਬਣਕੇ ਜਿੱਤਣਾ ਹੁੰਦਾ, ਤੇ ਕਦੀ ਉਹਦਾ ਗਾਣਾ ਸੁਣ ਸੁਣ ਅਸੀਂ ਸਾਰੇ ਝੂਮਦੇ ਰਹਿੰਦੇ।

ਹੁਸ਼ਨਾਕ ਸਿੰਘ ਦੀ ਭੇਣ ਪਿੰਡ ਵਿਚ ਰਹਿੰਦੀ, ਜਦੋਂ ਵਧਣ ਤੇ ਆਈ ਤਾਂ ਇਕ ਵੇਲ ਵਾਂਗ ਵਡੀ ਹੋ ਗਈ। ਇਕ ਵਾਰ ਹੁਸ਼ਨਾਕ ਸਿੰਘ ਨੂੰ ਸ਼ਹਿਰ ਮਿਲਣ ਆਈ। ਜਿਵੇਂ ਅਸਮਾਨੋਂ ਲਬੀ ਕੋਈ ਪਰੀ ਹੋਵੇ; ਹਥ ਲਾਇਆਂ ਮੈਲੀ ਹੁੰਦੀ। ਉਹਦੀਆਂ ਮੋਟੀਆਂ ਮੋਟੀਆਂ ਕਾਲੀਆਂ ਨਿਰਛਲ ਅਖੀਆਂ ਅਸੀਂ ਸਾਰੇ ਵੇਖ ਵੇਖ ਨ ਰੱਜਦੇ। ਗਲੀ ਵਿਚੋਂ ਲੰਘਦੀ ਤਾਂ ਅੱਲੇ-ਮਹੱਲੇ ਦੀਆਂ ਔਰਤਾਂ ਖਲੋ ਖਲੋ ਉਹਨੂੰ ਤਕਦੀਆਂ। ਹੁਸ਼ਨਾਕ ਸਿੰਘ ਤੋਂ ਡੇਢ ਸਾਲ ਵਡੀ ਸੀ ਤੇ

ਉਹ ਮਸਾਂ ਅਜੇ ਸਤਵੀਂ ਜਮਾਤ ਵਿਚ ਪੜ੍ਹਦਾ ਸੀ।

ਹੁਸ਼ਨਾਕ ਸਿੰਘ ਦੀ ਭੈਣ ਤਾਂ ਚਾਰ ਦਿਨ ਸ਼ਹਿਰ ਰਹਿ ਕੇ ਫੇਰ ਆਪਣੇ ਪਿੰਡ ਵਾਪਸ ਚਲੀ ਗਈ ਪਰ ਪਿਛੇ ਕਹਾਣੀਆਂ ਛਡ ਗਈ ਆਪਣੇ ਮਾਸੂਮ ਹੁਸਨ ਦੀਆਂ। ਕਿਸੇ ਨੂੰ ਕਿਸੇ ਖ਼ੂਬਸੂਰਤ ਅੱਖ ਦਾ ਜ਼ਿਕਰ ਕਰਨਾ ਹੁੰਦਾ ਤਾਂ ਹੁਸ਼ਨਾਕ ਸਿੰਘ ਦੀ ਭੈਣ ਦੀਆਂ ਅੱਖਾਂ ਨਾਲ ਮਿਸਾਲ ਦਿੰਦਾ, ਕਿਸੇ ਨੂੰ ਗੋਰੇ ਰੰਗ ਤੇ ਗੁਲਾਬੀ ਭਾਹ ਦਾ ਚਰਚਾ ਕਰਨਾ ਹੁੰਦਾ ਤਾਂ ਹੁਸ਼ਨਾਕ ਸਿੰਘ ਦੀ ਭੈਣ ਯਾਦ ਆਂਦੀ, ਕਿਸੇ ਨੇ ਕਿਸੇ ਦੇ ਕੱਦ ਨੂੰ ਸਲਾਹੁਣਾ ਹੁੰਦਾ, ਬੁੱਤ ਨੂੰ ਸਲਾਹੁਣਾ ਹੁੰਦਾ ਤਾਂ ਹੁਸ਼ਨਾਕ ਸਿੰਘ ਦੀ ਭੈਣ ਦੇ ਮਿਆਰ ਤੋਂ ਅਗਲੇ ਨੂੰ ਮਾਪਿਆ ਜਾਂਦਾ।

ਤੇ ਲੋਕੀ ਸੋਚਦੇ, ਸੱਚਾ ਹੁਸ਼ਨਾਕ ਸਿੰਘ ਹਰ ਵੇਲੇ "ਭੈਣ ਭੈਣ" ਕਰਦਾ ਰਹਿੰਦਾ ਸੀ। ਆਖ਼ਰ ਸੀਤਾ (ਹੁਸ਼ਨਾਕ ਸਿੰਘ ਦੀ ਭੈਣ ਦਾ ਨਾਂ) ਸੀ ਵੀ ਚਰਚਾ ਦੇ ਲਾਇਕ।

ਜਿਤਨੀ ਸੀਤਾ ਸੋਹਣੀ ਸੀ, ਉਤਨੀ ਹੀ ਸੀਤਾ ਸੁਘੜ ਸੀ। ਘਰ ਦਾ ਹਰ ਕੰਮ ਆਪਣੇ ਹਥੀਂ ਕਰਦੀ। ਸੀਣਾ, ਪਰੋਣਾ, ਉਣਨਾ, ਕਸੀਦਾ ਕਢਣਾ ਸਭ ਕੁਝ ਉਹਨੂੰ ਆਂਦਾ ਸੀ। ਤੇ ਹੁਸ਼ਨਾਕ ਸਿੰਘ ਨੂੰ ਅਜਿਹੀਆਂ ਚੀਜ਼ਾਂ ਬਣਾ ਬਣਾ ਕੇ ਭੇਜਦੀ ਕਿ ਸ਼ਹਿਰਨਾਂ ਹਥ ਲਾ ਲਾ ਉਸ ਦੀ ਭੈਣ ਦੀ ਮਿਹਨਤ ਦੀ ਪ੍ਰਸੰਸਾ ਕਰਦੀਆਂ ਰਹਿੰਦੀਆਂ।

ਹੁਸ਼ਨਾਕ ਸਿੰਘ ਇਤਨੇ ਸਾਲਾਂ ਤੋਂ ਸਾਡੇ ਘਰ ਰਹਿੰਦਾ, ਸਾਡੇ ਨਾਲ, ਸਾਡੇ ਆਂਢੀਆਂ-ਗੁਆਂਢੀਆਂ ਨਾਲ, ਸਾਡੇ ਰਿਸ਼ਤੇਦਾਰਾਂ ਨਾਲ ਇੰਝ ਰਚ ਮਿਚ ਗਿਆ ਕਿ ਨ ਉਹਨੂੰ ਕਦੀ ਲਗਿਆ ਕਿ ਉਹ ਇਕ ਮਾਮੂਲੀ ਕਿਰਸਾਨ ਦਾ ਪੁੱਤਰ ਸੀ

ਜਿਹਦੀ ਆਪਣੀ ਕੋਈ ਜ਼ਿਮੀਂ ਨਹੀਂ ਸੀ, ਨ ਸਾਨੂੰ ਕਦੀ ਇਕ ਝਟ ਲਈ ਵੀ ਖ਼ਿਆਲ ਆਇਆ ਕਿ ਉਹ ਸਾਡੇ ਵਿਚੋਂ ਇਕ ਨਹੀਂ ਸੀ।

ਹਰ ਇਮਤਿਹਾਨ ਵਿੱਚ ਹੁਸ਼ਨਾਕ ਸਿੰਘ ਅੱਵਲ ਨੰਬਰ ਤੇ ਰਹਿੰਦਾ। ਹਰ ਦੌੜ ਵਿੱਚ ਹੁਸ਼ਨਾਕ ਸਿੰਘ ਸਭ ਤੋਂ ਅਗੇ ਹੁੰਦਾ। ਹਰ ਕੰਮ ਜੋ ਉਹ ਕਰਦਾ ਉਸਦਾ ਸਭ ਤੋਂ ਵਧੀਆ ਹੁੰਦਾ। ਹਰ ਗੱਲ ਵਿਚ ਅਸੀਂ ਉਸ ਤੋਂ ਮਾਰ ਖਾ ਜਾਂਦੇ। ਪਰ ਇਕ ਆਪਣੀ ਭੈਣ ਦਾ ਜ਼ਿਕਰ ਸੀ ਜਿਸ ਤੋਂ ਉਹਦੇ ਕੋਲੋਂ ਰਿਹਾ ਨ ਜਾਂਦਾ। ਕਈ ਵਾਰ ਜਦੋਂ ਉਹ ਆਪਣੇ ਤੇ ਜ਼ਿਆਦਾ ਜ਼ਬਤ ਕਰਦਾ ਤਾਂ ਓਦਰ ਕੇ ਛਮ ਛਮ ਉਹਦੀਆਂ ਅੱਖੀਆਂ ਵਿਚੋਂ ਆਪ-ਮੁਹਾਰੇ ਅਥਰੂ ਵਗਦੇ ਰਹਿੰਦੇ। ਬਿਨਾਂ ਕਾਰਨ ਉਸਨੂੰ ਚੁਪ ਚੁਪ ਉਦਾਸ ਉਦਾਸ ਵੇਖ ਅਸੀਂ ਸੀਤਾ ਦੀ ਕੋਈ ਗੱਲ ਛੇੜ ਦਿੰਦੇ, ਇਕਦਮ ਉਹ ਖਿੜ ਪੁੜ ਜਾਂਦਾ ਤੇ ਕਿਤਨਾ ਕਿਤਨਾ ਚਿਰ ਫੇਰ ਆਪਣੀ ਭੈਣ ਦੀਆਂ ਗੱਲਾਂ ਕਰਦਾ ਰਹਿੰਦਾ। ਪਹਿਲੇ ਜਦੋਂ ਅਸੀਂ ਉਹਨੂੰ "ਭੈਣ ਦਾ ਭਰਾ" ਕਹਿਕੇ ਸਦਦੇ ਸਾਂ ਤਾਂ ਉਹਨੂੰ ਬੁਰਾ ਲਗਦਾ ਸੀ, ਪਰ ਫੇਰ ਉਸ ਨੇ ਪਰਵਾਹ ਕਰਨੀ ਛੱਡ ਦਿਤੀ ਤੇ ਹੁਣ ਸ਼ਾਇਦ ਇੰਝ ਸਦਵਾ ਕੇ ਉਹ ਖੁਸ਼ ਹੁੰਦਾ ਸੀ।

ਸਕੂਲ ਜਦੋਂ ਛੁਟੀਆਂ ਹੁੰਦੀਆਂ, ਹਮੇਸ਼ ਹੁਸ਼ਨਾਕ ਸਿੰਘ ਆਪਣੇ ਪਿੰਡ ਜਾਂਦਾ। ਤੇ ਜਦੋਂ ਛੁਟੀਆਂ ਖ਼ਤਮ ਹੁੰਦੀਆਂ, ਲਖ ਕਹਾਣੀਆਂ ਉਹ ਆਪਣੇ ਪਿੰਡ ਦੀਆਂ, ਆਪਣੇ ਮਾਪਿਆਂ ਦੀਆਂ, ਆਪਣੀ ਭੈਣ ਦੀਆਂ ਨਾਲ ਲਿਆਂਦਾ। ਹੁਸ਼ਨਾਕ ਸਿੰਘ ਨੂੰ ਕਹਾਣੀਆਂ ਕਰਨ ਦਾ ਬੜਾ ਸ਼ੌਕ ਸੀ। ਹਰ ਵੇਲੇ ਗੱਲਾਂ ਕਰਦਾ ਰਹਿੰਦਾ। ਗੱਲਾਂ ਕਰ ਕਰ ਕੇ ਕਦੀ ਥੱਕਦਾ ਨਾਂਹ।

ਮੇਰੀ ਮਾਂ ਜੀ ਪਿਛੋਂ ਪਿੰਡ ਦੇ ਰਹਿਣ ਵਾਲੇ ਹਨ ਉਨ੍ਹਾਂ ਨੂੰ ਖਾਸ ਤੌਰ ਤੇ ਹੁਸ਼ਨਾਕ ਸਿੰਘ ਦਾ ਸੁਭਾ ਚੰਗਾ ਲਗਦਾ ਸੀ। ਦੋਵੇਂ ਬੈਠੇ ਕਿਤਨਾ ਕਿਤਨਾ ਚਿਰ ਗੱਲਾਂ ਕਰਦੇ ਰਹਿੰਦੇ। ਸਰਦੀਆਂ ਵਿੱਚ ਅੰਗੀਠੀ ਦੇ ਕੋਲ ਦੋਵੇਂ ਆਹਮੋ-ਸਾਹਮਣੇ ਬੈਠਦੇ। ਬਾਕੀ ਲੋਕ ਸਭ ਉਠ ਕੇ ਤੁਰ ਜਾਂਦੇ ਪਰ ਇਹ ਦੋਵੇਂ ਗੱਲਾਂ ਕਰਦੇ ਰਹਿੰਦੇ।

ਮੇਰੀ ਵਡੀ ਭੈਣ ਦੀ ਸ਼ਾਦੀ ਹੋਣੀ ਨੀਯਤ ਹੋਈ ਤੇ ਹੁਸ਼ਨਾਕ ਸਿੰਘ ਜ਼ਿਮੀਂ ਤੇ ਪੈਰ ਨ ਲਾਂਦਾ। ਸਾਰਾ ਸਾਰਾ ਦਿਨ ਕੰਮ ਵਿੱਚ ਲਗਾ ਰਹਿੰਦਾ। ਸਭ ਤੋਂ ਵਧੀਕ ਦੌੜ-ਭਜ ਉਸ ਨੇ ਕੀਤੀ। ਮੇਰੀ ਭੈਣ ਦਾ ਦਾਜ ਜਦੋਂ ਤਿਆਰ ਹੋਇਆ ਤੇ ਉਹਨੂੰ ਵੇਖ ਵੇਖ ਫਿਰ ਪਿਆ ਉਹ ਵੇਖਦਾ ਤੇ ਉਹਦੀਆਂ ਅੱਖਾਂ ਜਿਵੇਂ ਬੋਲ ਬੋਲ ਕੇ ਕਹਿ ਰਹੀਆਂ ਹੁੰਦੀਆਂ, ਮੈਂ ਆਪਣੀ ਭੈਣ ਸੀਤਾ ਦਾ ਇਨ ਬਿਨ ਇਹੋ ਜਿਹਾ ਦਾਜ ਬਣਵਾਵਾਂਗਾ। ਮੇਰੀ ਭੈਣ ਦੀ ਜਦੋਂ ਜੰਞ ਆਈ, ਉਸਨੂੰ ਸਜਾਇਆ ਗਿਆ, ਤਾਂ ਉਹਦੇ ਵਲ ਵੇਖਕੇ ਹੁਸ਼ਨਾਕ ਸਿਘ ਦੀਆਂ ਨਜ਼ਰਾਂ ਵਿਚ ਜੋ ਕੁਝ ਸੀ ਉਸਨੂੰ ਬੁਝਦੇ ਹੋਏ ਮੇਰੀ ਭੈਣ ਨੇ ਉਸਨੂੰ ਪੋਲੇ ਜਹੇ ਕੋਲ ਬੁਲਾ ਕੇ ਕਿਹਾ, "ਜਦੋਂ ਸੀਤਾ ਦੀ ਜੰਞ ਆਵੇਗੀ ਉਸਨੂੰ ਮੈਂ ਆਪ ਜਾਕੇ ਇਸੇ ਤਰ੍ਹਾਂ ਸਜਾਵਾਂਗੀ।"

ਛੁਟੀਆਂ ਵਿੱਚ ਜਦੋਂ ਆਪਣੇ ਪਿੰਡ ਜਾਂਦਾ, ਹੁਸ਼ਨਾਕ ਸਿੰਘ ਆਪਣੀ ਭੈਣ ਨੂੰ ਪੜ੍ਹਨਾ ਲਿਖਣਾ ਸਿਖਾਂਦਾ ਰਹਿੰਦਾ। ਤੇ ਹੁਣ ਉਹਦੇ ਹਥਾਂ ਦੀਆਂ ਲਿਖੀਆਂ ਚਿਠੀਆਂ ਇਹਨੂੰ ਆਣੀਆਂ ਸ਼ੁਰੂ ਹੋ ਗਈਆਂ।

ਸਾਡੇ ਘਰ ਵਿੱਚ ਹਰ ਕੰਮ ਲਈ ਨੌਕਰ ਸਨ। ਪਰ

ਹੁਸ਼ਨਾਕ ਸਿੰਘ ਕਈ ਜ਼ਿਮੇਵਾਰੀਆਂ ਆਪ ਹੀ ਆਪਣੇ ਸਿਰ ਲੈ ਲੈਂਦਾ ਤੇ ਉਨ੍ਹਾਂ ਨੂੰ ਹਮੇਸ਼ ਚੰਗੀ ਤਰ੍ਹਾਂ ਨਿਬਾਹੁੰਦਾ। ਮੱਝ ਗਾਂ ਦੀ ਧਾਰ ਕੱਢਣ ਦਾ ਕੰਮ ਉਹਨੇ ਸੰਭਾਲਿਆ ਹੋਇਆ ਸੀ। ਭਾਵੇਂ ਗਰਮੀਆਂ ਹੋਣ ਭਾਵੇਂ ਸਰਦੀਆਂ, ਦੋਵੇਂ ਵੇਲੇ ਉਹ ਸਮੇਂ ਸਿਰ ਧਾਰ ਕਢਦਾ ਤੇ ਕਿਤਨਾ ਕਿਤਨਾ ਚਿਰ ਆਕੇ ਮੇਰੀ ਮਾਂ ਨਾਲ ਡੰਗਰਾਂ ਦੀਆਂ ਗੱਲਾਂ ਕਰਦਾ ਰਹਿੰਦਾ। ਗਰਮੀਆਂ ਵਿੱਚ ਉਤੇ ਛਤ ਦੇ ਪਲੰਘ ਵਿਛਾਉਣ ਵਿੱਚ ਨੌਕਰ ਦੀ ਮਦਦ ਕਰਦਾ ਤੇ ਕਦੀ ਇਕ ਦਿਨ ਵੀ ਉਸਨੇ ਨਾਗਾ ਨਹੀਂ ਕੀਤਾ ਸੀ। ਸਵੇਰੇ ਸਵੇਰੇ ਬਾਹਰੋਂ ਬਰਾਮਦੇ ਵਿਚੋਂ ਅਖ਼ਬਾਰ ਚੁਕ ਕੇ ਹਮੇਸ਼ ਪਿਤਾ ਜੀ ਨੂੰ ਲਿਆ ਦਿੰਦਾ। ਉਧਰੋਂ ਅਖ਼ਬਾਰ ਵਾਲਾ ਆਂਦਾ ਇਧਰ ਇਹ ਬਿਸਤਰ ਵਿਚੋਂ ਨਿਕਲ ਜਾਂਦਾ ਭਾਵੇਂ ਕਿਤਨੀ ਵੀ ਠੰਢ ਕਿਉਂ ਨਾ ਹੋਵੇ।

ਛੇ ਮਹੀਨੇ ਸਤਵੀਂ ਦੀ ਪੜ੍ਹਾਈ ਹੋ ਚੁਕੀ ਸੀ ਕਿ ਹੁਸ਼ਨਾਕ ਸਿੰਘ ਨੂੰ ਇਕ ਉਸਤਾਦ ਨੇ ਸਲਾਹ ਦਿਤੀ ਕਿ ਉਹ ਸਤਵੀਂ ਅਠਵੀਂ ਦਾ ਇਕੱਠਾ ਇਮਤਿਹਾਨ ਦੇ ਲਵੇ। ਹੁਸ਼ਨਾਕ ਸਿੰਘ ਨੂੰ ਇਹ ਗੱਲ ਭਾਵੀ ਚੰਗੀ ਲਗੀ। ਤੇ ਉਸਨੇ ਦੋਹਾਂ ਜਮਾਤਾਂ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਅਖ਼ੀਰ ਹਸਦੇ ਖੇਡਦੇ ਉਹ ਅਠਵੀਂ ਜਮਾਤ ਦੇ ਇਮਤਿਹਾਨ ਵਿਚ ਜਾ ਬੈਠਾ। ਜਦੋਂ ਨਤੀਜਾ ਨਿਕਲਿਆ ਹੁਸ਼ਨਾਕ ਸਿੰਘ ਫੇਰ ਸਭ ਤੋਂ ਅਗੇ ਸੀ। ਸਗੋਂ ਇਸ ਵਾਰ ਉਸਨੇ ਵਜ਼ੀਫ਼ਾ ਜਿਤ ਲਿਆ।

ਹੁਣ ਹੁਸ਼ਨਾਕ ਸਿੰਘ ਇਕ ਜਮਾਤ ਮੈਥੋਂ ਅਗੇ ਹੋ ਗਿਆ ਸੀ। ਨੌਵੀਂ ਵਿਚ ਉਹ ਆਪ ਪੜ੍ਹਦਾ ਸੀ ਤੇ ਮੈਨੂੰ ਵੀ

ਪੜ੍ਹਾਂਦਾ ਸੀ। ਜਿਸ ਸਫ਼ਾਈ ਨਾਲ ਉਹ ਅੰਗਰੇਜ਼ੀ ਬੋਲਦਾ ਤੇ ਜਿਸ ਆਸਾਨੀ ਨਾਲ ਉਹ ਅੰਗਰੇਜ਼ੀ ਲਿਖਦਾ ਉਸਦੇ ਸਾਰੇ ਦੇ ਸਾਰੇ ਉਸਤਾਦ ਮੂੰਹ ਵਿਚ ਉਂਗਲਾਂ ਪਾਕੇ ਵੇਖਦੇ ਰਹਿੰਦੇ। ਸਭ ਕਹਿੰਦੇ ਉਹ ਦਸਵੀਂ ਵਿਚ ਫੇਰ ਵਜ਼ੀਫ਼ਾ ਲਵੇਗਾ ਤੇ ਕੋਈ ਬਹੁਤ ਵਡਾ ਆਦਮੀ ਬਣਕੇ ਰਵੇਗਾ।

ਛੁਟੀਆਂ ਵਿੱਚ ਆਪਣੇ ਪਿੰਡ ਵਾਪਸ ਜਾਂਦਾ, ਪਹਿਲੇ ਉਸਨੇ ਆਪਣੀ ਭੈਣ ਨੂੰ ਹਿੰਦੀ ਸਿਖਾਈ, ਫੇਰ ਉਰਦੂ ਪੜ੍ਹਨਾ-ਲਿਖਣਾ ਸਿਖਾਇਆ ਤੇ ਹੁਣ ਉਹਨੂੰ ਅੰਗਰੇਜ਼ੀ ਪੜ੍ਹਾਂਦਾ ਰਹਿੰਦਾ। ਉਹਦੀ ਭੈਣ ਅਗੋਂ ਪਿੰਡ ਦੀਆਂ ਆਪਣੀਆਂ ਸਹੇਲੀਆਂ ਨੂੰ ਪੜ੍ਹਨਾ ਲਿਖਣਾ ਦਸਦੀ। ਤੇ ਪਿੰਡ ਵਿਚ ਹੁਸ਼ਨਾਕ ਸਿੰਘ ਦੀ ਤਰੱਕੀ ਦਾ ਚਰਚਾ ਹਰ ਜ਼ਬਾਨ ਤੇ ਰਹਿਣ ਲੱਗ ਪਿਆ।

ਨੌਵੀਂ ਵਿਚ ਗਰਮੀਆਂ ਦੀਆਂ ਛੁਟੀਆਂ ਤੋਂ ਜਦੋਂ ਵਾਪਸ ਆਇਆ ਤਾਂ ਹੁਸ਼ਨਾਕ ਸਿੰਘ ਖਬਰਾਂ ਦੀ ਜਿਵੇਂ ਪਟਾਰੀ ਹੋਵੇ; ਚਾਈਂ ਚਾਈਂ ਉਸਨੇ ਸਾਡੇ ਸਾਰੇ ਘਰ ਵਾਲਿਆਂ ਨੂੰ ਦਸਿਆ, ਉਹਦੀ ਭੈਣ ਸੀਤਾ ਦੀ ਸ਼ਾਦੀ ਹੋਣ ਵਾਲੀ ਸੀ। ਸੀਤਾ ਦਾ ਵਿਆਹ ਰਿਆਸਤ ਦੇ ਰਾਜੇ ਨਾਲ ਹੋ ਰਿਹਾ ਸੀ। ਰਾਜਾ ਸਾਹਿਬ ਨੇ ਆਪ ਇਸਦੀ ਫਰਮਾਇਸ਼ ਕੀਤੀ ਸੀ ਤੇ ਬੜੀਆਂ ਬੜੀਆਂ ਸਿਫ਼ਾਰਸ਼ਾਂ ਪਵਾਈਆਂ ਸਨ। ਉਸਦਾ ਪਿਤਾ ਤੇ ਨਹੀਂ ਮੰਨਦਾ ਸੀ ਪਰ ਫੇਰ ਪੰਚਾਇਤ ਦੇ ਕਹਿਣ ਤੇ ਉਸ ਇਕਰਾਰ ਕਰ ਦਿੱਤਾ।

ਹੁਸ਼ਨਾਕ ਸਿੰਘ ਨੇ ਇਹ ਖ਼ਬਰ ਸਭ ਆਪਣੇ ਦੋਸ਼ਤਾਂ ਨੂੰ ਦੱਸੀ, ਸਭ ਆਪਣੇ ਜਮਾਤੀਆਂ ਨੂੰ ਦੱਸੀ। ਅਲੇ-ਮਹੱਲੇ ਵਾਲਿਆਂ ਨਾਲ ਗਲੀ ਕੁਛਾਂ ਵਿਚ ਖਲੋਤਾ ਆਪਣੀ ਭੈਣ ਦੇ ਵਿਆਹ ਦੀਆਂ ਗੱਲਾਂ ਕਰਦਾ ਰਹਿੰਦਾ।

ਤੇ ਹੁਸ਼ਨਾਕ ਸਿੰਘ ਨੇ ਨਿੱਕੀਆਂ ਨਿੱਕੀਆਂ ਤਿਆਰੀਆਂ ਆਪਣੀ ਭੈਣ ਦੇ ਵਿਆਹ ਦੀਆਂ ਸ਼ੁਰੂ ਕਰ ਦਿਤੀਆਂ। ਮੇਰੀ ਮਾਂ ਕੋਲ ਬੈਠਾ ਨਿੱਕੇ ਨਿੱਕੇ ਇੰਤਜ਼ਾਮ ਸੋਚਦਾ ਰਹਿੰਦਾ। ਤੇ ਉਹ ਹਮੇਸ਼ ਇਹ ਕਹਿਕੇ ਉਹਨੂੰ ਟਾਲਦੇ, "ਬੱਚਾ! ਇਨ੍ਹਾਂ ਗੱਲਾਂ ਦਾ ਫਿਕਰ ਤੇਰੇ ਪਿਤਾ ਨੂੰ ਹੋਣਾ ਚਾਹੀਦਾ ਹੈ।" ਜੋ ਪੈਸਾ-ਧੇਲਾ ਹੁਸ਼ਨਾਕ ਸਿੰਘ ਦੇ ਹੱਥ ਲਗਦਾ ਉਹ ਅਜਕਲ ਆਪਣੀ ਭੈਣ ਲਈ ਸੁਗਾਤਾਂ ਖ਼ਰੀਦ ਖ਼ਰੀਦ ਇਕੱਠੀਆਂ ਕਰਦਾ ਰਹਿੰਦਾ। ਉਸ ਨੇ ਇਕ ਫਾਊਂਟੈਨ ਪੈੱਨ ਖ਼ਰੀਦਿਆ, ਇਕ ਉੱਚੀ ਅੱਡੀ ਵਾਲੀ ਗੁਰਗਾਬੀ ਖ਼ਰੀਦੀ, ਧੁਪਾਂ ਵਿਚ ਪਾਣ ਵਾਲੀਆਂ ਕਾਲੀਆਂ ਐਨਕਾਂ ਖ਼ਰੀਦੀਆਂ ਤੇ ਹੋਰ ਕਿਤਨਾ ਨਿਕ-ਸੁਕ ਇਕੱਠਾ ਕਰ ਲਿਆ।

ਤੇ ਅਰਮਾਨਾਂ ਨਾਲ ਭਰਿਆ ਭਰਿਆ ਉਸ ਦਿਨ ਦੀ ਉਹ ਇੰਤਜ਼ਾਰ ਕਰਨ ਲਗ ਪਿਆ ਜਿਸ ਦਿਨ ਉਹਨੇ ਆਪਣੇ ਪਿੰਡ ਵਾਪਸ ਜਾਣਾ ਸੀ। ਮੇਰੀ ਵਡੀ ਭੈਣ ਨੂੰ ਉਸ ਚਿਠੀਆਂ ਪਾ ਪਾ ਕੇ ਉਸਦੇ ਸਹੁਰਿਓਂ ਬੁਲਵਾਇਆ।

ਅਖ਼ੀਰ ਹੁਸ਼ਨਾਕ ਸਿੰਘ ਆਪਣੀਆਂ ਸੁਗਾਤਾਂ ਸੰਭਾਲ, ਇਕ ਹਫ਼ਤੇ ਦੀਆਂ ਛੁਟੀਆਂ ਲੈ, ਪਿੰਡ ਭੈਣ ਦੇ ਵਿਆਹ ਤੇ ਤੁਰ ਗਿਆ। ਅਸੀਂ ਸਭ ਨੇ ਪਿਛੋਂ ਪਹੁੰਚਣਾ ਸੀ, ਸ਼ਾਦੀ ਤੋਂ ਇਕ ਰੋਜ਼ ਪਹਿਲੇ, ਜਿਸ ਰੋਜ਼ ਜੰਞ ਆਣੀ ਸੀ।

ਤੇ ਅਸੀਂ ਇਕ ਰੋਜ਼ ਪਹਿਲੇ ਨਾ ਅਪੜ ਸਕੇ। ਰਸਤੇ ਵਿਚ ਇਕ ਨਦੀ ਪੈਂਦੀ ਸੀ ਜੋ ਉਤੇ ਕਿਤੇ ਬਾਰਸ਼ ਹੋਣ ਕਰਕੇ ਚੜ੍ਹੀ ਹੋਈ ਸੀ ਤੇ ਇਕ ਰਾਤ ਇਕ ਦਿਨ ਪੂਰਾ ਸਾਨੂੰ ਰੁਕਣਾ ਪੈ ਗਿਆ।

ਦੂਜੇ ਰੋਜ਼ ਅਸੀਂ ਅਜੇ ਹੁਸ਼ਨਾਕ ਸਿੰਘ ਦੇ ਪਿੰਡ ਤੋਂ ਕੁਝ

ਫ਼ਾਸਲੇ ਤੇ ਸਾਂ ਕਿ ਸਾਹਮਣਿਓਂ ਇਕ ਡੋਲੀ ਆ ਰਹੀ ਅਸੀਂ ਵੇਖੀ। ਸਾਫ਼ੇ ਉਤੇ ਸੁਨਹਿਰੀ ਪਟੇ ਵਾਲਾ ਕੋਈ ਚਪੜਾਸੀ ਕਿਸਮ ਦਾ ਆਦਮੀ ਇਕ ਤਲਵਾਰ ਚੁਕੀ ਅਗੇ ਅਗੇ ਜਾ ਰਿਹਾ ਸੀ। ਪਿਛੇ ਚਾਰ ਕਹਾਰ ਡੋਲੀ ਚੁਕੇ ਹੋਏ ਸਨ।

ਪਿੰਡ ਪੁਜਕੇ ਸਾਨੂੰ ਪਤਾ ਲਗਾ ਉਹੀ ਡੋਲੀ ਤੇ ਹੁਸ਼ਨਾਕ ਸਿੰਘ ਦੀ ਭੈਣ ਦੀ ਸੀ। ਰਾਜਾ ਸਾਹਿਬ ਆਪ ਸ਼ਾਦੀ ਕਰਨ ਨਹੀਂ ਸਨ ਆਏ। ਉਨ੍ਹਾਂ ਆਪਣੀ ਤਲਵਾਰ ਭੇਜੀ ਸੀ ਆਪਣੇ ਇਕ ਅਹਿਲਕਾਰ ਦੇ ਹੱਥ, ਤੇ ਬਸ। ਤਲਵਾਰ ਨਾਲ ਹੀ ਜੰਞ ਢੁਕੀ। ਤਲਵਾਰ ਨਾਲ ਸੀਤਾ ਦੀਆਂ ਲਾਵਾਂ ਹੋਈਆਂ। ਤਲਵਾਰ ਨਾਲ ਹੀ ਫੇਰ ਡੋਲੀ ਨੂੰ ਟੋਰ ਦਿਤਾ ਗਿਆ।

ਹੁਸ਼ਨਾਕ ਸਿੰਘ ਨੇ ਰੋ ਰੋ ਕੇ, ਫ਼ਰਿਆਦਾਂ ਕਰ ਕਰ ਸਾਨੂੰ ਸਾਰੀ ਕਹਾਣੀ ਦੱਸੀ।

ਮੈਂ ਇਸਤੋਂ ਪਹਿਲੇ ਹੁਸ਼ਨਾਕ ਸਿੰਘ ਨੂੰ ਕਦੀ ਇੰਝ ਰੋਂਦਾ ਨਹੀਂ ਸੀ ਵੇਖਿਆ।

ਉਨ੍ਹੀਂ ਪੈਰੀਂ ਅਸੀਂ ਵਾਪਸ ਮੁੜੇ। ਹੁਸ਼ਨਾਕ ਸਿੰਘ ਨੂੰ ਵੀ ਅਸੀਂ ਨਾਲ ਲੈ ਆਏ।

ਸ਼ਹਿਰ ਵਾਪਸ ਆਕੇ ਹੁਸ਼ਨਾਕ ਸਿੰਘ ਨੇ ਫੇਰ ਕਦੀ ਆਪਣੀ ਭੈਣ ਦਾ ਜ਼ਿਕਰ ਨਾ ਕੀਤਾ। ਕਿਸੇ ਨਾਲ ਹੁਣ ਉਹ ਵਾਧੂ ਗੱਲ ਨਾ ਕਰਦਾ। ਉਸਦੀਆਂ ਕਹਾਣੀਆਂ, ਉਸਦੀਆਂ ਖੇਡਾਂ, ਉਸਦੇ ਨਾਟਕ ਸਭ ਖ਼ਤਮ ਹੋ ਗਏ। ਸਾਡੇ ਪਿਤਾ ਜੀ ਨੂੰ ਘੜੀ-ਮੁੜੀ ਕਹਿਕੇ ਉਸ ਨੇ ਭੰਗਤਾਂ ਦੇ ਨੌਕਰ ਨੂੰ ਛੁਟੀ ਦਿਵਾ ਦਿਤੀ ਤੇ ਸਵੇਰੇ ਸ਼ਾਮ, ਮੱਝ, ਗਾਂ, ਘੋੜੀ ਦਾ ਸਾਰੇ ਦਾ ਸਾਰਾ ਕੰਮ ਆਪਣੇ ਹੱਥੀਂ ਕਰਦਾ। ਅਗੇ ਵੀ ਹੁਸ਼ਨਾਕ ਸਿੰਘ ਘਰ ਦਾ ਕੰਮ ਕਰਦਾ ਸੀ ਪਰ ਇੰਝ ਜਿਵੇਂ ਕਿਸੇ ਨੂੰ ਸ਼ੌਕ

ਹੋਵੇ। ਪਰ ਹੁਣ ਉਸਦਾ ਵਤੀਰਾ ਹੋਰ ਹੋ ਗਿਆ ਸੀ। ਹੁਣ ਉਹ ਕੰਮ ਕਰਦਾ ਜਿਵੇਂ ਕਿਸੇ ਦਾ ਕੋਈ ਫ਼ਰਜ਼ ਹੋਵੇ, ਜਿਵੇਂ ਕੋਈ ਮਜ਼ਦੂਰੀ ਕਰ ਰਿਹਾ ਹੋਵੇ।

ਅਸੀਂ ਲੱਖ ਕੋਸ਼ਸ਼ ਕਰਦੇ ਹੁਸ਼ਨਾਕ ਸਿੰਘ ਸਾਡੇ ਨਾਲ ਹੁਣ ਕਦੀ ਨਾ ਖੁਲ੍ਹਦਾ। ਹਮੇਸ਼ ਇਕੱਲਾ ਇਕੱਲਾ, ਚੁਪ ਚੁਪ, ਉਦਾਸ ਉਦਾਸ ਰਹਿੰਦਾ। ਨਾ ਉਸਦਾ ਸਕੂਲ ਦਿਲ ਲਗਦਾ, ਨਾ ਉਸਦਾ ਘਰ ਮਨ ਟਿਕਦਾ।

ਉਸ ਦੇ ਕਪੜੇ ਮੈਲੇ ਹੁੰਦੇ ਤੇ ਮੈਲੇ ਪਾਈ ਰਖਦਾ। ਉਸਦੀ ਜੁੱਤੀ ਫਟਦੀ ਤੇ ਫਟਦੀ ਹੀ ਚਲੀ ਜਾਂਦੀ। ਮੇਰੀ ਮਾਂ ਸਾਨੂੰ ਦਸਦੇ, ਕਈ ਵਾਰ ਉਠਕੇ ਰਾਤੀਂ ਉਨ੍ਹਾਂ ਨੇ ਵੇਖਿਆ ਸੀ, ਹੁਸ਼ਨਾਕ ਸਿੰਘ ਦੀਆਂ ਗਲ੍ਹਾਂ ਉਤੇ, ਸੁਤਿਆਂ ਸੁਤਿਆਂ ਅਥਰੂ ਲਟਕ ਰਹੇ ਹੁੰਦੇ ਸਨ।

ਉਸ ਸਾਲ ਨੌਵੀਂ ਵਿਚ ਹੁਸ਼ਨਾਕ ਸਿੰਘ ਮਸਾਂ ਮਸਾਂ ਪਾਸ ਹੋਇਆ। ਦਸਵੀਂ ਵਿਚ ਪਹਿਲੇ ਸਾਲ ਪਾਸ ਨ ਹੋ ਸਕਿਆ, ਦੂਜੇ ਸਾਲ ਪਾਸ ਨ ਹੋ ਸਕਿਆ, ਤੀਜੇ ਸਾਲ ਫੇਲ੍ਹ ਹੋ ਕੇ ਉਹ ਪਿੰਡ ਵਾਪਸ ਚਲਾ ਗਿਆ, ਜਿਥੇ ਉਹ ਸਾਰਾ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ, ਜਿਵੇਂ ਉਸ ਦਾ ਪਿਤਾ ਸਾਰੀ ਉਮਰ ਕਰਦਾ ਰਿਹਾ ਸੀ। ਉਹੀ ਹਲ, ਉਹੀ ਪੰਜਾਲੀਆਂ, ਉਹੀ ਦਾਣਿਆਂ ਦਾ ਅੱਧ, ਜਿਸ ਉਤੇ ਅਗੇ ਉਹਦੇ ਮਾਪਿਆਂ ਦਾ ਮਸਾਂ ਗੁਜ਼ਾਰਾ ਹੁੰਦਾ ਸੀ ਹੁਣ ਉਸਨੇ ਵੀ ਉਸ ਵਿਚ ਹਿੱਸਾ ਵੰਡਾਣਾ ਸ਼ੁਰੂ ਕਰ ਦਿਤਾ।

— —

ਬੇਜੀ ਵਡੇ

ਸਾਡੇ ਘਰ ਵਿੱਚ ਅਸੀਂ ਆਪਣੀ ਮਾਂ ਨੂੰ 'ਬੇ ਜੀ' ਕਹਿੰਦੇ ਹਾਂ, ਦਾਦੀ ਨੂੰ 'ਬੇ ਜੀ' ਤੇ ਪੜਦਾਦੀ ਨੂੰ 'ਬੇਜੀ ਵਡੇ'।

'ਬੇਜੀ ਵਡੇ' ਸਾਡੇ ਬੜੀ ਸ਼ਾਂਤ, ਅਡੋਲ, ਗੰਭੀਰ ਤਬੀਅਤ ਦੇ ਹਮੇਸ਼ ਤੋਂ ਸੁਣੇ ਹਨ। ਆਪਣੀ ਜਵਾਨੀ ਵਿੱਚ ਵੀ ਕਦੀ ਉਹ ਕੋਈ ਵਾਧੂ ਗੱਲ ਨਹੀਂ ਸਨ ਕਰਦੇ ਹੁੰਦੇ, ਤੇ ਜਿਉਂ ਜਿਉਂ ਉਨ੍ਹਾਂ ਦੀ ਜ਼ਿੰਦਗੀ ਦੀ ਸ਼ਾਮ ਹੁੰਦੀ ਗਈ ਇਕ ਕਲੀ ਵਾਂਗ ਜਿਵੇਂ ਉਹ ਆਪਣੇ-ਆਪ ਨੂੰ ਸਾਂਭਦੇ ਸਲੀਟਦੇ, ਮੁੰਦਦੇ, ਬੰਦ ਹੁੰਦੇ ਗਏ। ਹਰ ਵੇਲੇ ਭਜਨ ਪਾਠ ਵਿੱਚ ਲਗੇ ਰਹਿੰਦੇ, ਜਾਂ ਨਿਕੇ ਨਿਕੇ ਘਰ ਦੇ ਕੰਮ ਆਪ-ਮੁਹਾਰੇ ਕਰਦੇ ਰਹਿੰਦੇ। ਨਿਕੇ ਨਿਕੇ ਕੰਮ ਜੋ ਨ ਨੌਕਰਾਂ ਦੇ ਧਿਆਨ ਵਿੱਚ ਆਂਦੇ ਨ ਹੋਰ ਘਰ ਵਾਲੇ ਕਿਸੇ ਦਾ ਜਿਨ੍ਹਾਂ ਵਲ ਖ਼ਿਆਲ ਜਾਂਦਾ।

ਇਹ ਗੱਲ ਬੜੇ ਚਿਰ ਦੀ ਹੈ, ਸਾਡੇ 'ਬੇਜੀ ਵਡੇ' ਉਦੋਂ ਕੇਵਲ 'ਬੇਜੀ' ਹੀ ਸਨ। ਮੈਂ ਤੇ ਮੇਰੇ ਹੋਰ ਭੈਣ-ਭਰਾ ਅਜੇ ਅਸੀਂ ਜਨਮੇ ਨਹੀਂ ਸਾਂ।

ਅਚਾਨਕ ਤਿੰਨ ਚਾਰ ਦਿਨ ਬੀਮਾਰ ਰਹਿਕੇ ਉਨ੍ਹਾਂ ਦੀ ਸਭ ਤੋਂ ਛੋਟੀ, ਸਭ ਤੋਂ ਸੋਹਣੀ, ਸਭ ਤੋਂ ਸੁਖੀ ਧੀ ਦਾ ਖ਼ਾਵੰਦ ਮਰ ਗਿਆ। ਸਾਰੇ ਟਬਰ, ਬਰਾਦਰੀ, ਸ਼ਰੀਕੇ ਵਿੱਚ ਹਾਹਾਕਾਰ ਮੱਚ ਗਈ। ਜਵਾਨ-ਜਹਾਨ ਇਸ ਮੌਤ ਤੇ ਘਰ ਵਾਲਿਆਂ ਨੇ ਪਿਟ ਪਿਟ ਕੇ ਟੋਟੇ ਲਾਹ ਸੁੱਟੇ। ਜੋ ਕੋਈ ਵੀ ਉਨ੍ਹਾਂ ਦੀ ਵਿਧਵਾ ਹੋ ਗਈ ਧੀ ਦੀ ਕਹਿਰਾਂ ਦੀ ਜਵਾਨੀ ਨੂੰ ਵੇਖਦਾ, ਉਹਦੀਆਂ ਅਖਾਂ ਵਿੱਚ ਅਥਰੂ ਰੋਕਿਆਂ ਨ ਰੁਕਦੇ। ਅਜੇ ਮਾਂ ਆਪਣਾ ਸੁਹਾਗ ਸੁਖੀ ਲੈਕੇ ਬੈਠੀ ਹੋਈ ਸੀ ਕਿ ਧੀ ਵਿਧਵਾ ਹੋ ਗਈ। ਤੇ ਉਹ ਚੁਪ-ਚੁਪੀਤੇ, ਹੱਕੇ ਬੱਕੇ ਸਭ ਕੁਝ ਵੇਖਦੇ ਰਹੇ। ਇਕ ਅਥਰੂ ਉਨ੍ਹਾਂ ਦੀਆਂ ਅਖਾਂ ਵਿੱਚ ਨ ਆਇਆ। ਸਾਹਮਣੇ ਉਨ੍ਹਾਂ ਦੀ ਕੁਖੋਂ ਜਾਈ ਦੀਆਂ ਖੁਸ਼ੀਆਂ ਢੇਰੀ ਹੋਈਆਂ ਪਈਆਂ ਸਨ, ਸਾਹਮਣੇ ਉਨ੍ਹਾਂ ਦੀ ਧੀ ਦੇ ਨਿਕੇ ਨਿਕੇ ਯਤੀਮ ਹੋ ਗਏ ਬੱਚੇ ਵਿਲਕ ਰਹੇਸਨ, ਸਾਹਮਣੇ ਕੋਈ ਖਫ਼ਣ ਦਾ ਪ੍ਰਬੰਧ ਕਰ ਰਹੇ ਸਨ, ਲੋਕੀ ਮਸਾਣਾਂ ਤੇ ਲੱਕੜੀਆਂ ਭਿਜਵਾਣ ਦੀਆਂ ਗੱਲਾਂ ਕਰ ਰਹੇ ਸਨ ਤੇ ਉਹ ਸ਼ਾਂਤ, ਅਡੋਲ, ਚੁਪ-ਚੁਪੀਤੇ ਬਿਟ ਬਿਟ ਵੇਖ ਰਹੇ ਸਨ, ਕਿਤਨਾਂ ਚਿਰ ਇੰਝ ਵਿੰਹਦੇ ਰਹੇ, ਵਿੰਹਦੇ ਰਹੇ। ਫੇਰ ਉਹ ਚੁਪਾਤੇ ਜਹੇ ਉਠੇ, ਵਡੇ ਆਪਣੇ ਪੁਤਰ ਨੂੰ ਬਾਹੋਂ ਫੜ ਬਾਹਰ ਇਕਲਵੰਜੇ ਲੈ ਗਏ, ਤੇ ਆਹਿਸਤਾ ਜਿਹੇ ਉਹਨੂੰ ਕਹਿਣ ਲਗੇ, 'ਕਿਥੇ ਵੇ ਤੇਰਾ ਉਹ ਫੋਲਣਾ ?'

ਉਨ੍ਹਾਂ ਦੇ ਪੁੱਤਰ ਨੂੰ ਕੁਝ ਸਮਝ ਨ ਆਈ।

"ਕਿਥੇ ਵੇ ਤੇਰੀ ਉਹ ਦੋਨਾਲੀ ਬੰਦੂਕ ? ਮੇਰੀ ਇਸ

ਛਾਤੀ ਵਿੱਚ ਕਿਉਂ ਨ ਮਾਰਦਾ.....?''

ਤੇ ਡੌਰ-ਭੌਰ, ਫਟੀਆਂ ਫਟੀਆਂ ਅਖਾਂ ਨਾਲ ਬਿਟ ਬਿਟ ਆਪਣੇ ਪੁੱਤਰ ਵਲ ਉਹ ਵੇਖਦੇ ਰਹੇ, ਜਿਵੇਂ ਉਹਦੀ ਮਜਾਲ ਨਹੀਂ ਸੀ ਕਿ ਆਪਣੀ ਮਾਂ ਦਾ ਕਹਿਣਾ ਉਹ ਮੋੜ ਸਕੇ।

ਪਰ ਇਹ ਗੱਲ ਬੜੇ ਚਿਰ ਦੀ ਹੈ।

ਜਦੋਂ ਮੈਂ ਹੋਸ਼ ਸੰਭਾਲੀ 'ਬੇਜੀ ਵਡੇ' ਸਾਡੇ ਬਹੁਤ ਬੁਢੇ ਹੋ ਗਏ ਸਨ, ਸੁਖੜ ਉਨ੍ਹਾਂ ਤੋਂ ਖਲੋਤਾ ਨਹੀਂ ਸੀ ਜਾਂਦਾ। ਮੋਟੀ ਲੈਕੇ ਟੁਰਦੇ। ਉਨ੍ਹਾਂ ਦੇ ਪੁੱਤਰ ਸਨ, ਪੋਤਰੇ ਸਨ, ਪੋਤਰਿਆਂ ਦੇ ਘਰ ਪੁੱਤਰ ਸਨ। ਇਕ ਵਡਾ ਸਾਰਾ ਜਿਵੇਂ ਬਾਗ਼ ਖਿੜਿਆ ਹੋਵੇ। ਤੇ ਉਨ੍ਹਾਂ ਦੇ ਪਤੀ, ਸਾਡੇ 'ਲਾਲਾ ਜੀ ਵਡੇ', ਆਪਣੀ ਤ੍ਰੀਮਤ ਦੇ ਮੁਕਾਬਲੇ ਵਿੱਚ ਸਿਹਤ ਵਿੱਚ ਵੀ ਚੰਗੇ ਸਨ, ਉਂਝ ਖਾਣ-ਪੀਣ, ਬਾਹਰ ਆਉਣ-ਜਾਣ ਵਿੱਚ ਵੀ ਉਨ੍ਹਾਂ ਦੇ ਕੋਈ ਖ਼ਾਸ ਫ਼ਰਕ ਨਹੀਂ ਸੀ ਆਇਆ।

'ਬੇਜੀ ਵਡੇ' ਤੇ 'ਲਾਲਾ ਜੀ ਵਡੇ' ਸਾਡੇ ਘਰ ਦੇ ਇਕੱਲਵੰਜੇ ਇਕ ਕਮਰੇ ਵਿੱਚ ਰਹਿੰਦੇ ਸਨ; ਜ਼ਿਆਦਾ ਸ਼ੋਰ-ਸ਼ਰਾਬਾ ਉਨ੍ਹਾਂ ਨੂੰ ਚੰਗਾ ਨਹੀਂ ਸੀ ਲਗਦਾ। ਬੱਚਿਆਂ ਦਾ ਮੋਹ ਸਾਰੀ ਉਮਰ ਮਾਣ ਮਾਣ ਕੇ ਜਿਵੇਂ ਉਨ੍ਹਾਂ ਦਾ ਮਨ ਤ੍ਰਿਪਤ ਹੋ ਚੁਕਾ ਸੀ। ਇਕੱਲੇ ਇਕ ਦੂਜੇ ਦੇ ਸੰਗ ਵਿੱਚ ਰਹਿਕੇ ਹੁਣ ਉਹ ਖੁਸ਼ ਸਨ।

ਕਦੀ ਬਾਗ਼ ਦੇ ਕਿਸੇ ਏਕਾਂਤ ਕੋਨੇ ਵਿੱਚ ਬੈਂਚ ਤੇ ਬੈਠੇ ਉਹ ਨਿਕੀਆਂ ਨਿਕੀਆਂ ਗੱਲਾਂ ਕਰ ਰਹੇ ਹੁੰਦੇ, ਕਦੀ ਪਤੀ ਪਤਨੀ ਨੂੰ ਛਿਲ ਛਿਲ ਕੇ, ਕਟ ਕਟ ਕੇ ਫਲ ਖੁਆ ਰਿਹਾ ਹੁੰਦਾ, ਕਦੀ ਪਤਨੀ ਪਤੀ ਕੋਲ ਬੈਠੀ ਆਹਿਸਤਾ ਆਹਿਸਤਾ ਗੁਰਬਾਣੀ ਨੂੰ ਗਾ ਗਾ ਸੁਣਾਂਦੀ ਰਹਿੰਦੀ।

ਗਰਮੀਆਂ ਸਰਦੀਆਂ ਸਵੇਰੇ ਉਠ ਕੇ 'ਬੇਜੀ ਵਡੇ' ਆਪਣੇ ਪਤੀ ਨੂੰ ਆਪਣੇ ਹਥੀਂ ਇਸ਼ਨਾਨ ਕਰਾਉਂਦੇ; ਦਹੀਂ-ਮਲਾਈਆਂ ਪਾ ਪਾ ਕੇ ਉਨ੍ਹਾਂ ਦੇ ਕੇਸ ਧੁਆਂਦੇ। ਅਜੇ ਤੀਕ ਉਨ੍ਹਾਂ ਦੇ ਪਜਾਮੇ ਵਿਚ ਨਾਲਾ ਉਹ ਆਪਣੇ ਹਥੀਂ ਪਾਂਦੇ ਸਨ। ਉਨ੍ਹਾਂ ਦੇ ਸਾਫੇ ਨੂੰ ਆਪਣੇ ਹਥੀਂ ਚੁਣਦੇ ਸਨ। ਉਨ੍ਹਾਂ ਦੀ ਜੁਤੀ ਨੂੰ ਕੋਈ ਹੋਰ ਸਾਫ਼ ਨਹੀਂ ਸੀ ਕਰ ਸਕਦਾ। ਖਾਣਾ ਆਪਣੇ ਸਾਹਮਣੇ ਉਨ੍ਹਾਂ ਲਈ ਪਰੋਸ ਕੇ ਲਿਆਉਂਦੇ ਤੇ ਕੋਲ ਬੈਠ ਆਹਿਸਤਾ ਆਹਿਸਤਾ ਖੁਆਉਂਦੇ, ਕਦੀ ਕੋਈ ਕੌਲੀ ਅਗੇ ਕਰ ਦਿੰਦੇ, ਕਦੀ ਕਿਸੇ ਚੀਜ਼ ਵਲ ਉਨ੍ਹਾਂ ਦਾ ਧਿਆਨ ਦੁਆਂਦੇ, ਹਰ ਰੋਜ਼ ਦਹੀਂ ਦੀਆਂ ਤਰੀਫਾਂ ਕਰਦੇ, ਹਰ ਰੋਜ਼ ਮਾਸ ਨੂੰ ਸਲਾਹੁੰਦੇ ਰਹਿੰਦੇ।

'ਲਾਲਾ ਜੀ ਵਡੇ' ਐਨਕ ਲਾ ਕੇ ਆਹਿਸਤਾ ਆਹਿਸਤਾ ਅਖ਼ਬਾਰ ਪੜ੍ਹਦੇ ਤੇ ਫੇਰ ਕਿਤਨਾ ਕਿਤਨਾ ਚਿਰ ਆਪਣੀ ਤ੍ਰੀਮਤ ਨੂੰ ਇਕ ਇਕ ਖ਼ਬਰ ਸੁਣਾਂਦੇ ਰਹਿੰਦੇ। ਇਬਤਿਹਾਰ ਤਕ ਜਿਹੜੇ ਨਵੇਂ ਛਪਦੇ 'ਬੇਜੀ ਵਡਿਆਂ' ਨੂੰ ਪਤਾ ਹੁੰਦੇ। ਹਰ ਰੋਜ਼ ਸ਼ਾਮੀਂ 'ਬੇਜੀ ਵਡੇ' ਸਾਈਂ ਲੋਕਾਂ ਦੇ ਗੁਰਦੁਆਰੇ ਇਸਤਰੀ ਸਤਸੰਗ ਵਿੱਚ ਜਾਂਦੇ ਤੇ ਵਾਪਸ ਆਕੇ ਇਕ ਇਕ ਪਰਸੰਗ, ਇਕ ਇਕ ਉਪਦੇਸ਼ ਆਪਣੇ ਪਤੀ ਨੂੰ ਦਸਦੇ ਤੇ ਹਰ ਰੋਜ਼ ਕਹਿੰਦੇ ਇਹ ਸਤਸੰਗ ਕੀ ਹੋਇਆ ਜਿਥੇ ਮਰਦ ਨ ਜਾ ਸਕਣ।

ਫੇਰ ਇਕ ਵਾਰ "ਬੇਜੀ ਵਡੇ" ਬੀਮਾਰ ਪੈ ਗਏ। ਪਹਿਲੇ ਕੁਝ ਚਿਰ ਤਾਂ ਅਸੀਂ ਕਿਸੇ ਨੇ ਵੀ ਕੋਈ ਖ਼ਾਸ ਖ਼ਿਆਲ ਨ ਕੀਤਾ; ਬਸ ਜਾ ਕੇ ਉਨ੍ਹਾਂ ਨੂੰ ਤੱਕ-ਸੁਣ ਆਂਦੇ। ਫਿਰ ਇਕ ਦਮ ਉਨ੍ਹਾਂ ਦਾ ਬੁਖ਼ਾਰ ਵਧ ਗਿਆ। ਤੇ ਇਕ ਦੁਪਹਿਰ ਮੈਨੂੰ ਸਾਡੇ 'ਲਾਲਾ ਜੀ ਵਡਿਆ' ਨੇ ਬੁਲਾਇਆ। ਮੈਂ ਉਨ੍ਹਾਂ ਵਲ ਜਦੋਂ ਗਿਆ ਅਗੇ ਕਮਰੇ ਦੇ ਬਾਹਰ ਉਹ ਮੈਨੂੰ ਉਡੀਕ

ਰਹੇ ਸਨ । "ਬੱਚਿਆ ! ਰਤਨ ਕੌਰ ਤੇ ਹਥੋਂ ਗਈ", ਮੈਨੂੰ ਵੇਖਦਿਆਂ ਸਾਰ ਉਨ੍ਹਾਂ ਨੇ ਜਿਵੇਂ ਗਿੜਗਿੜਾ ਕੇ ਕਿਹਾ, "ਬੱਚਿਆ ! ਰਤਨ ਕੌਰ ਤੇ ਹਥੋਂ ਗਈ, ਜਾ ਕੇ ਸਿਵਲ ਸਰਜਨ ਨੂੰ ਸਦ ਲਿਆ।" ਤੇ ਮੈਂ ਵੇਖਿਆ, ਮੋਤੀਆਂ ਵਰਗੇ ਹੰਝੂ ਉਨ੍ਹਾਂ ਦੀਆਂ ਮਧਮ ਪੈ ਰਹੀਆਂ ਅਖੀਆਂ ਵਿਚੋਂ ਪੋਲੇ ਜਹੇ ਤਿਲ੍ਹਕ ਕੇ ਉਨ੍ਹਾਂ ਦੀ ਦੁਧ-ਚਿਟੀ ਦਾੜ੍ਹੀ ਵਿਚ ਅਲੋਪ ਹੋ ਗਏ ।

ਇਕ ਸਿਵਲ ਸਰਜਨ, ਅਸੀਂ ਆਪਣੀ "ਬੇਜੀ ਵਡਿਆਂ" ਲਈ ਸ਼ਹਿਰ ਦੇ ਕੁਲ ਵਡੇ ਡਾਕਟਰ ਇਕੱਠੇ ਕਰ ਲਏ। ਕਈ ਦਵਾਈਆਂ ਦਿਤੀਆਂ ਗਈਆਂ, ਕਈ ਮੁਆਇਨੇ ਹੋਏ, ਕਈ ਮੁਲਾਹਜ਼ੇ ਕੀਤੇ ਗਏ, ਖੰਗਾਰਾਂ ਦੇ, ਥੁੱਕ ਦੇ, ਖੂਨ ਦੇ । ਫੇਰ ਉਨ੍ਹਾਂ ਦੇ ਫੇਫੜਿਆਂ ਦੀ ਤਸਵੀਰ ਲਾਹੀ ਗਈ । ਜਿਹੜਾ ਡਾਕਟਰ ਵੀ ਵੇਖਦਾ ਉਹਦੀ ਹੈਰਾਨੀ ਦੀ ਕੋਈ ਹੱਦ ਨ ਰਹਿੰਦੀ । 'ਬੇਜੀ ਵਡੇ' ਤਾਂ ਤਪਦਿਕ ਦੇ ਮਰੀਜ਼ ਸਨ । ਤੇ ਡਾਕਟਰ ਹੈਰਾਨ ਸਨ ਕਿ ਉਹ ਅਜ ਤਕ ਜ਼ਿੰਦਾ ਕਿਵੇਂ ਸਨ । ਉਨ੍ਹਾਂ ਦੇ ਫੇਫੜੇ ਬਿਲਕੁਲ ਖਾਧੇ ਜਾ ਚੁਕੇ ਸਨ । ਜਿਹੜਾ ਡਾਕਟਰ ਵੀ ਬੋਲਦਾ ਇਹੀ ਕਹਿੰਦਾ, ਉਨ੍ਹਾਂ ਨੂੰ ਅਜ ਤੋਂ ਛੇ ਮਹੀਨੇ ਪਹਿਲੇ ਮਰ ਜਾਣਾ ਚਾਹੀਦਾ ਸੀ ।

"ਬੇਜੀ ਵਡਿਆਂ" ਨੂੰ ਤੇ ਅਸੀਂ ਕੁਝ ਨਾ ਦਸਿਆ ਪਰ ਉਨ੍ਹਾਂ ਦੀ ਮਰਜ਼ ਦਾ "ਲਾਲਾ ਜੀ ਵਡਿਆਂ" ਤੋਂ ਲੁਕਾ ਨਾ ਹੋ ਸਕਿਆ । ਜਦੋਂ ਵੀ ਕੋਈ ਡਾਕਟਰ ਆਉਂਦਾ ਲਖ ਲਖ ਸਵਾਲ ਤੇ ਉਹਨੂੰ ਆਪ ਉਹ ਕਰਨ ਲਗ ਪੈਂਦੇ । ਤੇ ਉਨ੍ਹਾਂ ਦੇ ਹੱਥਾਂ ਵਿਚ ਜੰਮੇ, ਪਲੇ, ਪੜ੍ਹੇ ਸ਼ਹਿਰ ਦੇ ਕਿਸ ਡਾਕਟਰ

ਦੀ ਮਜ਼ਾਲ ਸੀ ਕਿ ਉਨ੍ਹਾਂ ਨੂੰ ਧੋਖੇ ਵਿਚ ਰਖੇ।

ਟੀਕੇ ਦੇ ਦੇ ਕੇ, ਦਵਾਈਆਂ ਦੇ ਦੇ ਕੇ ਡਾਕਟਰਾਂ ਨੇ 'ਬੇਜੀ ਵਡਿਆਂ' ਦਾ ਬੁਖ਼ਾਰ ਹਲਕਾ ਕਰ ਲਿਆ। ਇਕ ਵਾਰ ਬੁਖ਼ਾਰ ਹਲਕਾ ਹੋ ਆਇਆ ਤੇ ਉਹ ਪਲੰਘ ਤੋਂ ਉਠ ਖਲੋਤੇ। ਸਾਡੀ ਨਾਰਾਜ਼ਗੀ, ਸਾਡੀਆਂ ਅਰਜ਼ਾਂ, ਸਾਡੀਆਂ ਮਿਨਤਾਂ ਕਿਸੇ ਗਲ ਨੂੰ ਨ ਸੁਣਦੇ। ਬਸ ਇਹੀ ਕਹਿੰਦੇ—ਮੈਂ ਹੁਣ ਚੰਗੀ ਭਲੀ ਹਾਂ, ਆਖ਼ਰ ਕਿਤਨੇ ਦਿਨ ਹੋਰ ਮੈਂ ਇੰਝ ਬੇਠੀ ਰਹਾਂ? 'ਲਾਲਾ ਜੀ ਵਡਿਆਂ' ਦਾ ਹਾਲ ਕੁਝ ਨਹੀਂ ਰਿਹਾ। ਵਿਚਾਰੇ ਰੁਲ ਗਏ ਨੇ ਮੇਰੀ ਬੀਮਾਰੀ ਵਿਚ।

ਤੇ ਅਸੀਂ ਹੈਰਾਨ ਸਾਂ, ਡਾਕਟਰ ਹੈਰਾਨ ਸਨ, ਸ਼ਰਮਿੰਦਾ ਸਨ, 'ਬੇਜੀ ਵਡੇ' ਦਿਨਾਂ ਵਿਚ ਚੰਗੇ ਭਲੇ ਹੋ ਗਏ। ਤੇ ਹਮੇਸ਼ ਵਾਂਗ 'ਲਾਲਾ ਜੀ ਵਡਿਆਂ' ਦਾ ਖ਼ਿਆਲ ਰਖਣ ਲਗ ਗਏ। ਹਮੇਸ਼ ਵਾਂਗ ਸਵੇਰੇ ਉਠਕੇ ਨੌਕਰ ਤੋਂ ਪਾਣੀ ਗਰਮ ਰਖਵਾਂਦੇ, ਹਮੇਸ਼ ਵਾਂਗ ਆਪਣੇ ਹਥੀਂ ਉਨ੍ਹਾਂ ਨੂੰ ਇਸ਼ਨਾਨ ਕਰਵਾਂਦੇ, ਹਮੇਸ਼ ਵਾਂਗ ਉਨ੍ਹਾਂ ਲਈ ਬਦਾਮ ਛਿਲਦੇ, ਹਮੇਸ਼ ਵਾਂਗ ਉਨ੍ਹਾਂ ਲਈ ਮਲਾਈ ਲਿਆਂਦੇ, ਹਮੇਸ਼ ਵਾਂਗ ਖਾਣਾ ਪਰੋਸਦੇ ਤੇ ਆਪਣੇ ਸਾਹਮਣੇ ਉਨ੍ਹਾਂ ਨੂੰ ਖਵਾਂਦੇ। ਕਈ ਵਾਰ ਬਾਗ਼ ਵਿੱਚ ਕਲ-ਮੁਕੱਲੇ ਜਦੋਂ ਉਹ ਦੋਵੇਂ ਨਿਕੀਆਂ-ਨਿਕੀਆਂ ਗੱਲਾਂ ਕਰਦੇ ਟਹਿਲ ਰਹੇ ਹੁੰਦੇ, ਦੂਰ ਆਪਣਿਆਂ ਵਰਾਂਡਿਆਂ ਵਿਚੋਂ ਵੇਖਕੇ ਅਸੀਂ ਹੈਰਾਨ ਹੁੰਦੇ, ਸਾਡੇ ਘਰ ਕਿਸੇ ਹੋਰ ਕੰਮ ਆਏ ਡਾਕਟਰਾਂ ਦੀ ਅਸਚਰਜਤਾ ਦੀ ਹਦ ਨ ਰਹਿੰਦੀ। ਸ਼ਹਿਰ ਦਾ ਸਭ ਤੋਂ ਵਡਾ ਡਾਕਟਰ ਜਦੋਂ ਵੀ ਮੈਨੂੰ ਮਿਲਦਾ ਕੰਨਾਂ ਨੂੰ ਹਥ ਲਾਂਦਾ। ਕਹਿੰਦਾ ਇਸਤੋਂ ਵਧੇਰੇ ਮੁਅਜ਼ਜ਼ਾ ਉਸਨੇ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਸੀ ਵੇਖਿਆ।

ਉਨ੍ਹਾਂ ਦੇ ਫੇਫੜੇ ਛਾਣਨੀ ਵਾਂਗ ਚੀਨਾ ਚੀਨਾ ਹੋ ਚੁਕੇ ਸਨ। ਤੇ ਫਿਰ ਵੀ ਸਾਡੇ 'ਬੇਜੀ ਵਡੇ' ਜ਼ਿੰਦਾ ਸਨ।

ਤੇ 'ਬੇਜੀ ਵਡੇ' ਚੰਗੇ ਭਲੇ ਸਨ; ਨ ਉਨ੍ਹਾਂ ਨੂੰ ਕਦੀ ਜ਼ੁਕਾਮ ਹੁੰਦਾ, ਨ ਉਨ੍ਹਾਂ ਨੂੰ ਕਦੀ ਖੰਘ ਆਂਦੀ, ਨ ਉਨ੍ਹਾਂ ਦਾ ਕਦੀ ਮਥਾ ਤਤਾ ਹੋਇਆ, ਨ ਉਨ੍ਹਾਂ ਕਦੀ ਬਕਣ ਦੀ ਬਕਾਇਤ ਕੀਤੀ। ਨਿਤ ਦਾ ਆਪਣਾ ਨਿਯਮ ਚੰਗੀ ਤਰ੍ਹਾਂ ਉਹ ਪੂਰਾ ਕਰਦੇ। ਹਰ ਵੇਲੇ ਆਪਣੇ ਪਤੀ ਦੀ ਹਰ ਨਿਕੀ ਨਿਕੀ ਲੋੜ ਦਾ ਖ਼ਿਆਲ ਕਰਦੇ।

'ਬੇਜੀ ਵਡੇ' ਤੇ ਚੰਗੇ ਭਲੇ ਸਨ ਪਰ 'ਲਾਲਾ ਜੀ ਵਡੇ' ਜਦੋਂ ਦਾ ਉਨ੍ਹਾਂ ਨੇ ਆਪਣੀ ਤ੍ਰੀਮਤ ਦੀ ਇਸ ਮੁਹਲਕ ਬੀਮਾਰੀ ਦਾ ਨਾਂ ਸੁਣਿਆ, ਹਰ ਵੇਲੇ ਫਿਕਰਾਂ ਵਿਚ ਗ਼ਲਤਾਨ ਰਹਿੰਦੇ। ਜਿਥੇ ਬੈਠਦੇ ਸੋਚਾਂ ਵਿਚ ਡੁਬੇ ਰਹਿੰਦੇ। ਚੁਪਾਤੇ ਜਿਹੇ ਬਾਹਰ ਨਿਕਲ ਜਾਂਦੇ ਤੇ ਡਾਕਟਰਾਂ ਤੋਂ ਤਾਕਤ ਦੀਆਂ ਦਵਾਈਆਂ ਲਿਆ ਲਿਆ ਕੇ ਕਿਸੇ ਨ ਕਿਸੇ ਬਹਾਨੇ ਉਨ੍ਹਾਂ ਨੂੰ ਖਵਾਂਦ ਰਹਿੰਦੇ ਡਾਕਟਰ ਹਮੇਸ਼ ਉਨ੍ਹਾਂ ਨੂੰ ਕਹਿੰਦੇ, ਉਹ ਮੁਫ਼ਤ ਦੇ ਪੈਸੇ ਖ਼ਰਾਬ ਕਰਦੇ ਹਨ, ਮਰੀਜ਼ ਦੇ ਫੇਫੜੇ ਜਿਵੇਂ ਹੈਸਨ ਹੀ ਨਹੀਂ ਤੇ ਫੇਫੜਿਆਂ ਤੋਂ ਬਿਨਾਂ ਕੋਈ ਕਿਵੇਂ ਜ਼ਿੰਦਾ ਰਹਿ ਸਕਦਾ ਹੈ?

ਪਰ ਉਹ ਤੇ ਜ਼ਿੰਦਾ ਸਨ। ਇਨ-ਬਿਨ ਉਸੇ ਤਾਕਤ ਨਾਲ ਉਹ 'ਲਾਲਾ ਜੀ ਵਡਿਆਂ' ਦੇ ਕੇਸ ਮਲ ਮਲ ਕੇ ਧੋਂਦੇ, ਇਨ-ਬਿਨ ਉਸੇ ਰਸ ਨਾਲ ਉਹ ਉਨ੍ਹਾਂ ਨੂੰ ਪਾਠ ਕਰਕੇ ਸੁਣਾਂਦੇ, ਇਨ-ਬਿਨ ਉਸੇ ਸੁਘੜਤਾ ਨਾਲ ਉਹ ਉਨ੍ਹਾਂ ਦੀ ਦਸਤਾਰ ਨੂੰ ਚੁਣਦੇ, ਉਨ੍ਹਾਂ ਦੀ ਗੁਰਗਾਬੀ ਨੂੰ ਝਾੜਦੇ, ਪਾਲਸ਼ ਕਰਦੇ, ਲਿਸ਼ਕਾਂਦੇ।

ਇਕ ਰੋਜ਼ ਮੈਂ ਤੇ ਮੇਰੀ ਮਾਂ ਉਨ੍ਹਾਂ ਕੋਲ ਬੈਠੇ ਸਾਂ। ਸ਼ਹਿਰ ਦੀ ਸਾਡੀ ਜਾਣ ਪਛਾਣ ਇਕ ਬੁੱਢੀ ਔਰਤ ਦੇ ਮਰਨ ਦਾ ਜ਼ਿਕਰ ਛਿੜਿਆ ਤੇ ਮੇਰੀ ਮਾਂ ਨੇ ਕਿਹਾ, "ਚੰਗਾ ਹੈ ਅਪਣੇ ਪਤੀ ਦੇ ਹਥਾਂ ਵਿਚ ਤੁਰ ਗਈ ਏ।" ਇਸ ਗੱਲ ਨਾਲ 'ਬੇਜੀ ਵਡੇ' ਸਹਿਮਤ ਨਹੀਂ ਸਨ। "ਨਾਂ ਬੱਚੀਏ!" ਉਹ ਸਮਝਾਣ ਲਗ ਪਏ, "ਨਾਂ ਬੱਚੀਏ! ਮਰਦ ਨੂੰ ਇਸ ਉਮਰ ਵਿਚ ਆਕੇ ਤ੍ਰੀਮਤ ਦੀ ਸਭ ਤੋਂ ਵਧੀਕ ਲੋੜ ਹੁੰਦੀ ਏ। ਆਪਣੇ ਉਮਰ ਭਰ ਦੇ ਸਾਥੀ ਦੀ ਸੇਵਾ ਕਰਨਾ, ਇਸ ਵਰਗੀ ਖੁਸ਼ੀ ਦੁਨੀਆਂ ਵਿਚ ਹੋਰ ਕੋਈ ਨਹੀਂ। ਮੈਂ ਤੇ ਹਥ ਜੋੜਦੀ ਹਾਂ ਰਬ ਕਿਸੇ ਦੀ ਵੀ ਤ੍ਰੀਮਤ ਨ ਖੋਹੇ। ਪਤਨੀ ਉਹ ਜਿਹੜੀ ਪਤੀ ਦੇ ਆਖ਼ਰੀ ਦਮਾਂ ਤਕ ਉਹਦਾ ਸਾਥ ਦੇਵੇ।" ਤੇ ਅਸੀਂ ਵੇਖਿਆ, ਗੱਲਾਂ ਕਰਦੇ ਕਰਦੇ ਇਕ ਨੂਰ ਜਿਹਾ, ਇਕ ਰੌਣਕ ਜਹੀ ਉਨ੍ਹਾਂ ਦੇ ਚਿਹਰੇ ਤੇ ਆ ਗਈ। ਉਨ੍ਹਾਂ ਦੀਆਂ ਅੱਖਾਂ ਇਕ ਨਸ਼ੇ, ਇਕ ਸਰੂਰ ਜਿਹੇ ਵਿਚ ਜਿਵੇਂ ਮਖ਼ਮੂਰ ਹੋ ਗਈਆਂ। ਤੇ ਫਰ ਕਿਤਨਾ ਚਿਰ ਸਿਰ ਨੂੰ ਉਹ ਹਿਲਾਂਦੇ ਰਹੇ, ਹਿਲਾਂਦੇ ਰਹੇ ਜਿਵੇਂ ਜੀਵਨ ਦਾ ਤਤ ਉਨ੍ਹਾਂ ਨੇ ਛੰਡ ਕੇ ਬਾਹਰ ਕਢ ਛਡਿਆ ਹੋਏ।

'ਬੇਜੀ ਵਡਿਆਂ' ਦੇ ਸੱਤ ਤੇ ਵੀਹ ਖੈਰੀਂ ਸਨ, ਪਰ 'ਲਾਲਾਜੀ ਵਡੇ' ਜਦੋਂ ਕਦੀ ਵੀ ਇਕੱਲੇ ਹੁੰਦੇ ਜਿਥੇ ਕਿਥੇ ਵੀ ਬੈਠਦੇ ਝੂਰਦੇ ਰਹਿੰਦੇ। ਉਨ੍ਹਾਂ ਦੀ ਕਈ ਕਈ ਵਾਰ ਰਾਤ ਨੂੰ ਨੀਂਦ ਖੁਲ੍ਹ ਜਾਂਦੀ ਤੇ ਉਹ ਉਠ ਉਠ ਕੇ ਵੇਖਦੇ, ਉਨ੍ਹਾਂ ਦੀ ਸਾਥਣ ਦੇ ਸਵਾਸ ਤੇ ਚਲ ਰਹੇ ਸਨ। ਹਰ ਰੋਜ਼ ਭੈੜੇ ਭੈੜੇ ਉਨ੍ਹਾਂ ਨੂੰ ਸੁਫ਼ਨੇ ਆਉਂਦੇ, ਤੇ ਰਾਤ ਦੀ ਇਕੱਲ ਵਿਚ ਬੇਸੁਧ ਸੁਤੀ ਆਪਣੇ ਜੀਵਨ ਭਰ ਦੀ ਹਮਰਾਜ਼ ਨੂੰ ਉਹ ਇਕ ਟਕ ਵੇਖਦੇ ਰਹਿੰਦੇ, ਵੇਖਦੇ ਰਹਿੰਦ। ਵਸ ਲਗਦੇ ਪਤਨੀ ਤੋਂ

ਪਹਿਲੋਂ ਅਜ ਕਲ ਉਹ ਉਠ ਜਾਂਦੇ ਤੇ ਮੋਤੀਏ ਦੀਆਂ ਸਜਰੀਆਂ ਖਿੜੀਆਂ ਕਲੀਆਂ ਨੂੰ ਚੁਣ ਚੁਣ ਕੇ ਉਨ੍ਹਾਂ ਦੇ ਸਰਹਾਣੇ ਕੋਲ ਲਿਆ ਰਖਦੇ । 'ਬੇਜੀ ਵਡੇ' ਸੁਰੀਧਾਂ ਵਿਚ ਮੱਤੇ ਜਦੋਂ ਉਠਦੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਆਪਣੀ ਅਲ੍ਹੜ ਜਵਾਨੀ ਦੀਆਂ ਕਈ ਹਸੀਨ ਯਾਦਾਂ ਘੁੰਮਣ ਲਗ ਪੈਂਦੀਆਂ ।

'ਲਾਲਾਜੀ ਵਡਿਆਂ' ਨੇ ਇਸ ਰੱਲ ਨੂੰ ਅਜਿਹਾ ਦਿਲ ਨਾਲ ਲਾਇਆ ਕਿ ਉਨ੍ਹਾਂ ਦੀ ਨੀਂਦਰ ਜਾਂਦੀ ਰਹੀ, ਭੁੱਖ ਜਾਂਦੀ ਰਹੀ, ਉਨ੍ਹਾਂ ਦੇ ਹੰਗਾਮ ਸਿੱਥਲ ਪੈ ਗਏ, ਤੇ ਫੇਰ ਉਹ ਬੀਮਾਰ ਹੋ ਮੰਜੀ ਤੇ ਢਹਿ ਪਏ ।

'ਬੇਜੀ ਵਡੇ' ਰਾਤ ਰਾਤ ਭਰ ਜਾਗਦੇ । ਜਿਤਨਾ ਚਿਰ 'ਲਾਲਾਜੀ ਵਡੇ' ਬੀਮਾਰ ਰਹੇ ਉਨ੍ਹਾਂ ਦੇ ਪਲੰਘ ਕੋਲੋਂ ਨ ਹਿਲੇ । ਉਨ੍ਹਾਂ ਦੀਆਂ ਰੰਦੀਆਂ ਚਾਦਰਾਂ ਬਦਲਦੇ, ਉਨ੍ਹਾਂ ਦੀਆਂ ਛਿਨ ਛਿਨ ਗਿੱਲੀਆਂ ਹੁੰਦੀਆਂ ਅਖੀਆਂ ਨੂੰ ਪੂੰਝਦੇ, ਆਪਣੇ ਹਥੀਂ ਉਨ੍ਹਾਂ ਨੂੰ ਦਵਾਈਆਂ ਪਲਾਂਦੇ, ਆਪਣੇ ਹਥੀਂ ਉਨ੍ਹਾਂ ਨੂੰ ਰਸ ਕਢ ਕਢ ਕੇ ਦਿੰਦੇ । ਉਨ੍ਹਾਂ ਦੇ ਸਿਰ ਵਿਚ ਮਖਣ ਝਸਦੇ, ਉਨ੍ਹਾਂ ਦੀਆਂ ਲੱਤਾਂ ਨੂੰ ਦਬਾਂਦੇ, ਉਨ੍ਹਾਂ ਦੀ ਛਾਤੀ ਦੀ ਮਾਲਸ਼ ਕਰਦੇ ।

ਤੇ ਫੇਰ ਜਦੋਂ 'ਲਾਲਾਜੀ ਵਡੇ' ਪੂਰੇ ਹੋਏ । 'ਤੇਰਾ ਭਾਣਾ ਮੀਠਾ ਲਾਗੇ' ਮੁੜ ਮੁੜ ਇਹ ਤੁਕ ਪੜ੍ਹਦੇ 'ਬੇਜੀ ਵਡੇ' ਸਾਰਾ ਵਕਤ ਸ਼ਾਂਤ ਅਡੋਲ ਉਨ੍ਹਾਂ ਦੀ ਦਿਹ ਕੋਲ ਬੈਠੇ ਰਹੇ । ਸ਼ਾਮੀਂ ਸਸਕਾਰ ਲਈ ਨਾਲ ਗਏ । ਸਾਰਾ ਕੰਮ ਪੂਰੀ ਮਰਿਆਦਾ ਨਾਲ ਉਨ੍ਹਾਂ ਕਰਵਾਇਆ । ਆਪਣੇ ਸਾਹਮਣੇ ਘਿਉ ਪਵਾਇਆ, ਆਪਣੇ ਸਾਹਮਣੇ ਲੰਬੂ ਲ਼ਵਾਇਆ ਤੇ ਜਿਤਨਾ ਚਿਰ ਅਰਥੀ ਸੜਦੀ ਰਹੀ ਸ਼ਹਿਰ ਦੇ ਸਭ ਤੋਂ ਚੰਗੇ

ਰਾਗੀ ਜਥੇ ਕੋਲੋਂ ਸਾਹਮਣੇ ਬੈਠਕੇ ਕੀਰਤਨ ਸੁਣਦੇ ਰਹੇ। ਘਰ ਆ ਕੇ ਉਨ੍ਹਾਂ ਨੇ ਗ਼ਰੀਬ ਗੁਰਬੇ ਨੂੰ ਬਖ਼ਸ਼ਸ਼ਾਂ ਕੀਤੀਆਂ। ਅਖੰਡ ਪਾਠ ਰਖਵਾਇਆ। ਫੇਰ ਚੌਥੇ ਦੀ ਰਸਮ ਹੋਈ। ਫੇਰ ਉਨ੍ਹਾਂ ਦੇ 'ਫੁਲ' ਹਰਦੁਆਰ ਭਿਜਵਾਏ ਗਏ।

ਜਿਸ ਰੋਜ਼ ਤੇਰ੍ਹਵਾਂ ਖ਼ਤਮ ਹੋਇਆ, ਲੋਕੀ ਜਦੋਂ ਉਠ ਕੇ ਸਾਰੇ ਜਾ ਚੁਕੇ, ਅਸੀਂ 'ਬੇਜੀ ਵਡਿਆਂ' ਨੂੰ ਆਪਣੇ-ਆਪ ਨਾਲ ਕਹਿੰਦੇ ਸੁਣਿਆਂ, "ਹੁਣ ਮੈਂ ਸੁਰਖ਼ਰੂ ਹੋਈ ਹਾਂ।"

ਤੇ ਉਹ ਸੋਟੀ ਫੜੀ ਆਹਿਸਤਾ ਆਹਿਸਤਾ ਆਪਣੇ ਕਮਰੇ ਵਿਚ ਚਲੇ ਗਏ। ਹਥ ਮੂੰਹ ਧੋਕੇ ਉਹ ਪਲੰਘ ਤੇ ਜਾ ਲੇਟੇ। ਉਤੇ ਉਨ੍ਹਾਂ ਨੇ ਚਾਦਰ ਲੈ ਲਈ। ਜਦੋਂ ਅਸੀਂ ਚਾਦਰ ਚੁਕੀ 'ਬੇਜੀ ਵਡੇ' ਸਾਡੇ ਹੇਠ ਕੋਈ ਨਹੀਂ ਸਨ, ਕੇਵਲ ਇਕ ਸਰੀਰ ਸੀ ਜਿਸਦੇ ਫੇਫੜੇ, ਡਾਕਟਰ ਕਹਿੰਦੇ, ਕਿਤਨੇ ਮਹੀਨਿਆਂ ਤੋਂ ਹੈ ਸਨ ਹੀ ਜਿਵੇਂ ਨਹੀਂ।

i Criticism
ii Guidence to human emotions & destiny.
iii Sence of beauty & to mind

ਤਾਈ ਪਾਰਬਤੀ

ਮੂੰਹ ਤੇ ਉਹਨੂੰ ਲੋਕੀ ਤਾਈ ਪਾਰਬਤੀ ਸਦਦੇ ਸਨ, ਪਿਛੋਂ-ਕੰਡੀ ਤਾਈ ਗਲੋਖੜ।

ਇਤਨੀਆਂ ਗੱਲਾਂ ਕਰਦੀ ਸੀ ਉਹ ! ਉਸਨੂੰ ਬਸ ਗੱਲਾਂ ਕਰਨ ਨੂੰ ਮਿਲ ਜਾਣ ਫੇਰ ਭਾਵੇਂ ਰੋਟੀ ਮਿਲੇ ਨ ਮਿਲੇ, ਸੌਣਾਂ ਮਿਲੇ ਨ ਮਿਲੇ। ਸਾਰਾ ਸਾਰਾ ਦਿਨ ਸਾਰੀ ਸਾਰੀ ਰਾਤ ਉਹ ਗੱਲਾਂ ਕਰਦੀ ਖੁਸ਼ ਰਹਿੰਦੀ ਸੀ।

ਸਵੇਰੇ ਉਨਦੀ, ਮੂੰਹ ਵਿੱਚ ਦੰਦਾਸਾ ਪਾ ਬਨੇਰੇ ਤੇ ਬੈਠੀ ਗਵਾਂਢਣ ਨਾਲ ਗੱਲਾਂ ਕਰਦੀ ਰਹਿੰਦੀ। ਕਿਤਨੇ ਸਾਲਾਂ ਤੋਂ ਉਹ ਇੰਝ ਗੱਲਾਂ ਕਰ ਰਹੀ ਸੀ ਤੇ ਅਜੇ ਉਹਦੀਆਂ ਗੱਲਾਂ ਖ਼ਤਮ ਨਹੀਂ ਸਨ ਹੋਈਆਂ। ਨਿਤ ਨਵੇਂ ਕਿੱਸੇ, ਨਿਤ ਨਵੀਆਂ ਕਹਾਣੀਆਂ। ਜਦੋਂ ਧੁਪਾਂ ਚੰਗੀਆਂ ਚੜ੍ਹ ਆਂਦੀਆਂ,

ਨਦੀ ਤੇ ਨਹਾਣ ਲਈ ਉਹ ਜਾਂਦੀ। ਪਿੰਡ ਦੀਆਂ ਬਾਕੀ ਔਰਤਾਂ ਆਂਦੀਆਂ, ਨਹਾਂਦੀਆਂ, ਨਹਾਕੇ ਚਲੀਆਂ ਜਾਂਦੀਆਂ, ਪਰ ਉਹ ਕੰਢੇ ਤੇ ਬੈਠੀ ਗੱਲਾਂ ਕਰਦੀ ਰਹਿੰਦੀ, ਕਰਦੀ ਰਹਿੰਦੀ। ਦਿਨੇ ਕਸੀਦੇ ਕਢਦੀਆਂ, ਚਰਖੇ ਚਲਾਂਦੀਆਂ ਔਰਤਾਂ ਵਿੱਚ ਉਹ ਜਾ ਬਲ੍ਹਾ ਮਾਰਦੀ। ਉਹਦੀਆਂ ਗੱਲਾਂ ਸੁਣ ਸੁਣ, ਹਸ ਹਸ ਕੇ ਸਭਨਾਂ ਦੇ ਪੇਟਾਂ ਵਿੱਚ ਪੀੜ ਪੈ ਪੈ ਜਾਂਦੀ ਪਰ ਉਹ ਰਜਦੀ ਨਾਂਹ, ਤੇ ਕਈ ਕਈ ਵਾਰ ਤੇ ਸਾਰੇ ਦਾ ਸਾਰਾ ਪਿੰਡ ਇਕੱਠਾ ਕਰ ਲੈਂਦੀ, ਗੱਲਾਂ ਕਰਦੀ ਕੋਠੇ ਨੂੰ ਸਿਰ ਤੇ ਚੁਕ ਲੈਂਦੀ। ਤੇ ਇੰਝ ਤ੍ਰਕਾਲਾਂ ਪੈ ਜਾਂਦੀਆਂ। ਬਾਮੀਂ ਉਹਦਾ ਖ਼ਾਵੰਦ ਘਰ ਹੁੰਦਾ, ਪੁੱਤਰ-ਧੀ ਘਰ ਹੁੰਦੇ, ਉਨ੍ਹਾਂ ਨਾਲ ਗੱਲਾਂ ਕਰਦੀ ਕਰਦੀ ਉਹਦੀ ਰਾਤ ਹੋ ਜਾਂਦੀ। ਰਾਤ ਡੂੰਘੀ ਹੁੰਦੀ ਜਾਂਦੀ। ਉਹ ਗੱਲਾਂ ਕਰਦੀ ਰਹਿੰਦੀ ਤੇ ਉਹ ਤਿਨੋਂ ਸੌਂ ਜਾਂਦੇ। ਤੇ ਹਰ ਰੋਜ਼ ਜਦੋਂ ਗੱਲਾਂ ਕਰਦੀ ਕਰਦੀ ਉਹਨੂੰ ਉਨ੍ਹਾਂ ਦੇ ਘੜੋਕਿਆਂ ਦੀ ਆਵਾਜ਼ ਆਂਦੀ ਤਾਂ ਉਹ ਕਹਿੰਦੀ, "ਖਾਉ ਖਸਮਾਂ ਨੂੰ! ਮੈਂ ਗੱਲ ਪਈ ਕਰਦੀ ਹਾਂ ਤੇ ਇਹ ਸੁਕੀਨ, ਨੀਂਦਰਾਂ ਦੇ ਭੁਖੇ, ਵੇਖੋ ਨਾਂ....." ਤੇ ਹਰ ਰੋਜ਼ ਇੰਝ ਖਪਦੀ ਕ੍ਰਿਝਦੀ, ਆਪਣੇ-ਆਪ ਨਾਲ ਗੱਲਾਂ ਕਰਦੀ ਉਹਦੀਆਂ ਅਖਾਂ ਮੁੰਦ ਜਾਂਦੀਆਂ।

ਤਾਈ ਪਾਰਬਤੀ ਨੇ ਆਪਣੀ ਜਵਾਨੀ ਵਿੱਚ ਉਪਰ-ਤਲੀ ਇਕ ਧੀ ਤੇ ਇਕ ਪੁੱਤਰ ਜੰਮਿਆ ਤੇ ਬਸ। ਹੁਣ ਉਹਦੀ ਧੀ ਜਵਾਨ ਸੀ, ਪੁੱਤਰ ਜਵਾਨ ਸੀ। ਧੀ ਚੌਕੇ ਦਾ, ਘਰ ਦਾ, ਕੰਮ-ਕਾਜ ਸਭ ਸੰਭਾਲ ਰਖਦੀ। ਪੁੱਤਰ ਦਸ ਜਮਾਤਾਂ ਪਾਸ ਸੀ ਤੇ ਆਪਣੇ ਪਿਉ ਦੇ ਦਫ਼ਤਰ ਕਲਰਕ ਭਰਤੀ ਹੋ ਗਿਆ ਸੀ।

ਤਾਈ ਪਾਰਬੱਤੀ ਨੂੰ ਕੋਈ ਫਿਕਰ-ਫਾਕਾ ਨਹੀਂ ਸੀ।

ਬਸ ਗੱਲਾਂ ਕਰਦੀ ਸੀ ਤੇ ਖ਼ੁਸ਼ ਰਹਿੰਦੀ ਸੀ। ਉਹਨੂੰ ਗੱਲਾਂ ਕਰਨ ਵਾਲਾ ਕੋਈ ਮਿਲ ਜਾਏ, ਗੱਲਾਂ ਸੁਣਨ ਵਾਲਾ ਕੋਈ ਮਿਲ ਜਾਏ, ਉਹਦੀਆਂ ਅੱਖਾਂ ਵਿਚ ਇਕਦਮ ਇਕ ਚਮਕ ਜਹੀ ਆ ਜਾਂਦੀ ਸੀ, ਉਹਦੇ ਮੱਥੇ ਤੇ ਰੌਣਕ ਖੇਡਣ ਲਗ ਪੈਂਦੀ ਸੀ, ਉਹਨੂੰ ਚਾਰ ਚੰਨ ਚੜ੍ਹ ਜਾਂਦੇ ਸਨ।

ਗੱਲਾਂ ਕਰਦੀ ਉਹਨੂੰ ਸਭ ਕੁਝ ਭੁੱਲ ਜਾਂਦਾ ਸੀ। ਨ ਉਸਨੂੰ ਸਮੇਂ ਦਾ ਖ਼ਿਆਲ ਰਹਿੰਦਾ ਨ ਟਿਕਾਣੇ ਦੀ ਹੋਸ਼ ਰਹਿੰਦੀ ਸੀ। ਗਲੀ ਵਿੱਚ ਕਿਸੇ ਨਾਲ ਗੱਲ ਕਰਨ ਲਈ ਖਲੋਂਦੀ, ਘੰਟਾ ਘੰਟਾ, ਡੇਢ ਡੇਢ ਘੰਟਾ ਉਥੇ ਹੀ ਖਲੋਤੀ ਰਹਿੰਦੀ। ਕਿਸੇ ਦੇ ਘਰ ਦੁਧ ਲਈ ਜਾਗ ਲੈਣ ਜਾਂਦੀ, ਸ਼ਾਮੀਂ ਦੀ ਗਈ ਅਧੀ ਰਾਤ ਪਾ ਆਂਦੀ, ਪਿਛੇ ਉਡੀਕ ਉਡੀਕ ਧੀ ਉਹਦੀ ਥਕ ਲਥਦੀ।

ਇਕ ਰੋਜ਼ ਰਾਤ ਨੂੰ ਸੌਣ ਲਈ ਉਹ ਲੇਟੇ ਗੱਲਾਂ ਕਰ ਰਹੇ ਸਨ ਕਿ ਬਾਹਰ ਗਲੀ ਵਿੱਚ ਪੰਚਾਇਤ ਦੇ ਆਉਣ ਦੀ ਆਵਾਜ਼ ਆਈ। ਅਗੇ ਵੀ ਦੋ ਚੱਕਰ ਇਹ ਲੋਕੀ ਲਾ ਗਏ ਸਨ। ਪਿੰਡ ਵਿੱਚ ਨਵੇਂ ਖੁਲ੍ਹੇ ਸਕੂਲ ਲਈ ਚੰਦੇ ਦੀ ਉਗਰਾਹੀ ਹੋ ਰਹੀ ਸੀ। ਤਾਈ ਪਾਰਬਤੀ ਨੇ ਪੰਚਾਇਤ ਦਾ ਖੜਾਕ ਸੁਣਦਿਆਂ ਹੀ ਛੇਤੀ ਛੇਤੀ ਆਪਣੇ ਖ਼ਾਵੰਦ ਨੂੰ ਅੰਦਰ ਹਨੇਰੀ ਕੋਠੜੀ ਵਿੱਚ ਛੁਪ ਜਾਣ ਲਈ ਕਿਹਾ ਤੇ ਆਪ ਉਠਕੇ ਬਾਹਰੋਂ ਕੋਠੜੀ ਨੂੰ ਕੁੰਡੀ ਲਾ ਦਿੱਤੀ। ਫੇਰ ਉਸ ਨੇ ਬਾਹਰ ਡਿਉਢੀ ਦਾ ਦਰਵਾਜ਼ਾ ਖੋਲ੍ਹਿਆ। ਪੰਚਾਇਤ ਦੇ ਲੋਕੀ ਆਏ। ਤਾਈ ਪਾਰਬੱਤੀ ਨੇ ਪੱਕਾ ਜਿਹਾ ਮੂੰਹ ਬਣਾ ਕੇ ਕਿਹਾ, "ਬਾਊ ਹੋਰੀ ਤੇ ਅਜੇ ਦਫ਼ਤਰੋਂ ਹੀ ਨਹੀਂ ਮੁੜੇ।"

ਤੇ ਪੰਚਾਇਤ ਵਾਲੇ ਖੜੇ-ਖੜੋਤੇ ਵਾਪਸ ਟੁਰ ਪਏ। ਇੰਝ ਪੰਜ ਸਤ ਗੱਲਾਂ-ਕਰਨ-ਸੁਣਨ ਵਾਲੇ ਆਦਮੀਆਂ ਨੂੰ ਵਾਪਸ ਜਾਂਦਾ ਵਖ ਜਿਵੇਂ ਤਾਈ ਪਾਰਬਤੀ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਹ ਉਨ੍ਹਾਂ ਨਾਲ ਗੱਲਾਂ ਲਗ ਪਈ। ਆਪਣੇ ਖ਼ਾਵੰਦ ਦੇ ਦਫ਼ਤਰ ਦੀਆਂ ਗੱਲਾਂ, ਉਹਦੇ ਬੱਚਿਆਂ ਦੀਆਂ ਗੱਲਾਂ। ਗੱਲਾਂ ਕਰਦੀ ਕਰਦੀ ਉਸਨੇ ਪੰਚਾਇਤ ਨੂੰ ਬਠਾ ਲਿਆ। ਤੇ ਇਸ ਰੌਣਕ ਵਿੱਚ, ਇਸ ਗਹਿਮਾ ਗਹਿਮੀ ਵਿੱਚ ਇਕ ਮਜਲਸ ਇਕ ਤਰ੍ਹਾਂ ਜਮ ਗਈ। ਗੱਲਾਂ ਕਰਨ ਜੋ ਬੈਠੀ ਤਾਈ ਪਾਰਬਤੀ ਤਾਂ ਕਰਦੀ ਗਈ ਕਰਦੀ ਗਈ ਇਕ ਨਸ਼ੇ ਵਿੱਚ, ਇਕ ਹੁਲਾਰ ਵਿੱਚ। ਇਕ ਗੱਲ ਖ਼ਤਮ ਕਰਦੀ, ਇਕ ਹੋਰ ਛੇਹ ਲੈਂਦੀ। ਉਹ ਖ਼ਤਮ ਹੁੰਦੀ, ਉਸੇ ਵਿਚੋਂ ਨਵਾਂ ਕਿੱਸਾ ਛੇੜ ਦਿੰਦੀ।

ਅੰਦਰ ਹਨੇਰੀ ਕੋਠੜੀ ਵਿੱਚ ਡਕਿਆ ਉਹਦਾ ਖ਼ਾਵੰਦ ਸੋਚਦਾ ਹੁਣ ਖ਼ਤਮ ਕਰਦੀ ਹੈ, ਹੁਣ ਖ਼ਤਮ ਕਰਦੀ ਹੈ। ਪਰ ਤਾਈ ਪਾਰਬੱਤੀ ਦੀਆਂ ਕਹਾਣੀਆਂ ਸਨ ਕਿ ਇਕ ਵਿਚੋਂ ਇਕ ਨਿਕਲੇ ਚਲੀ ਜਾ ਰਹੀ ਸੀ।

ਤਾਈ ਪਾਰਬੱਤੀ ਨੇ ਫਿਰ ਮੌਸਮ ਦੀਆਂ ਗੱਲਾਂ ਛੇੜ ਦਿਤੀਆਂ : ਬਾਰਸ਼ ਨਹੀਂ ਹੋ ਰਹੀ। ਬਦਲ ਆਂਦੇ ਨੇ, ਘਿਰ ਘਿਰ ਕੇ ਚਲੇ ਜਾਂਦੇ ਨੇ। ਇਹ ਬੱਦਲ ਫ਼ਸਲਾਂ ਲਈ ਖ਼ਰਾਬ ਨੇ। ਕੋਹਰਾ ਜਿਹੜਾ ਸਵੇਰੇ ਪੈਂਦਾ ਏ ਕਣਕ ਨੂੰ ਮਾਰ ਕੇ ਰਖ ਸੁਟੇਗਾ। ਛੋਲੇ ਵੀ ਘਟ ਹੋਣਗੇ ਜੇ ਬਾਰਸ਼ ਨ ਹੋਈ। ਅਗੋ ਮਹਿੰਗਭਾਈ ਇਤਨੀ ਹੈ, ਭਾ ਹੋਰ ਚੜ੍ਹ ਜਾਣਗੇ। ਨੌਕਰੀ ਪੇਸ਼ਾ ਲੋਕਾਂ ਦਾ ਤੇ ਡੰਗ ਟੱਪਣਾ ਮੁਸ਼ਕਲ ਹੋ ਗਿਆ ਏ। ਜ਼ਮਾਨੇ ਨੂੰ ਅਗ ਲਗਦੀ ਜਾ ਰਹੀ ਏ। ਫੇਰ ਵੀ ਵਪਾਰ

ਵਾਲੇ ਚੰਗੇ ਨੇ, ਜ਼ਿਮੀਂਦਾਰ ਚੰਗੇ ਨੇ। ਨੌਕਰੀਆਂ ਵਾਲਿਆਂ ਨੂੰ ਬੜਾ ਖੱਜਲ-ਖ਼ਵਾਰ ਹੋਣਾ ਪੈਂਦਾ ਏ । ਦੋ ਕੌਡੀ ਦਾ ਅਫ਼ਸਰ ਦਿਨ ਵਿਚ ਦਸ ਵਾਰ ਬੁਲਾ ਕੇ ਘੁਰਕੀਆਂ ਦੇ ਸਕਦਾ ਏ, ਆਬਰੂ ਲਾਹ ਸਕਦਾ ਏ। ਇਹ ਜਿਹੜਾ ਅੰਨ ਦਾ ਤੋੜਾ ਦੇਸ਼ ਸਾਡੇ ਵਿੱਚ ਏ ਇਹ ਚੋਰ ਬਾਜ਼ਾਰੀਆਂ ਦਾ ਜ਼ਿਆਦਾ ਪੈਦਾ ਕੀਤਾ ਹੋਇਆ ਏ । ਚੋਰ ਬਾਜ਼ਾਰੀਆਂ ਨੂੰ ਕੁੱਤੇ ਦੀ ਮੌਤ ਮਾਰਨਾ ਚਾਹੀਦਾ ਏ, ਇਕ ਦੋ ਨੂੰ ਕਿਤੇ ਜੇ ਬਾਜ਼ਾਰ ਵਿੱਚ ਫਾਂਸੀ ਤੇ ਲਟਕਾਇਆ ਜਾਏ ਤਾਂ ਬਾਇਦ ਇਨ੍ਹਾਂ ਲੋਕਾਂ ਨੂੰ ਇਬਰਤ ਆਏ। ਮੈਂ ਕਹਿੰਦੀ ਹਾਂ ... ...

ਤੇ ਅੰਦਰ ਹਨੇਰੀ ਕੋਠੜੀ ਵਿੱਚ ਡੱਕੇ ਉਹਦੇ ਖ਼ਾਵੰਦ ਦਾ ਦਿਲ ਡਾਢਾ ਕਾਹਲਾ ਪੈ ਰਿਹਾ ਸੀ । ਲੇਟੇ ਲੇਟੇ ਉਠਕੇ ਉਹ ਅੰਦਰ ਜਾ ਵੜਿਆ ਸੀ। ਪੈਰੋਂ ਨੰਗਾ ਸੀ, ਸਿਰੋਂ ਨੰਗਾ ਸੀ। ਸਰਦੀਆਂ ਦੇ ਦਿਨ ਸਨ । ਤੇ ਫੇਰ ਕੋਠੜੀ ਵਿੱਚ ਪਤਾ ਨਹੀਂ ਕੀ-ਨ-ਕੀ ਗੰਦ-ਮੰਦ ਪਿਆ ਸੀ; ਪੁਰਾਣੇ ਘਰ ਦੇ ਕਪੜੇ, ਟੁਟੇ ਹੋਏ ਬਰਤਨ, ਬੇਕਾਰ ਫ਼ਰਨੀਚਰ, ਤੇ ਹੋਰ ਕਿਤਨਾ ਸਾਰਾ ਬਲਾ-ਬੱਤਰ । ਪਰ ਤਾਈ ਪਾਰਬੱਤੀ ਗੱਲਾਂ ਕਰਦੀ ਜਾ ਰਹੀ ਸੀ, ਕਰਦੀ ਜਾ ਰਹੀ ਸੀ।

... . ਮੈਂ ਕਹਿੰਦੀ ਹਾਂ ਇਹ ਸਕੂਲ ਤੁਸੀਂ ਕਾਹਨੂੰ ਨਵਾਂ ਖੋਹਲ ਦਿਤਾ ਏ । ਅਗੇ ਇਕ ਸਕੂਲ ਥੋੜ੍ਹਾ ਏ ? ਪਿੰਡ ਨੂੰ ਲੋੜ ਤੇ ਜੰਞ ਘਰ ਦੀ ਏ । ਹੁਣ ਮੇਰੀ ਜੀਤਾਂ ਸੁਖ ਨਾਲ ਵਡੀ ਹੋ ਗਈ ਏ। ਮੇਰੀ ਤੇ ਲੋਕਾਂ ਨੇ ਦਲੀਜ਼ ਦੀ ਮਿੱਟੀ ਪੁਟ ਖਾਧੀ ਏ। ਕੋਈ ਦਿਨ ਜੇ ਖ਼ਾਲੀ ਜਾਂਦਾ ਹੋਏ। ਇਕ ਨਵਾਂ ਵਰ ਹਰ ਰੋਜ਼ ਟੁਰਿਆ ਆਂਦਾ ਏ । ਭਾਵੇਂ ਬੀਰਾ ਵਡਾ ਏ, (ਹੁਣ ਤੇ ਮੈਂ ਉਸਨੂੰ ਰਘਬੀਰ ਸਿੰਘ ਸਦਦੀ

ਹਾਂ) ਭਾਵੇਂ ਬੀਰਾ ਵਡਾ ਏ ਪਰ ਵਿਆਹ ਪਹਿਲੇ ਮੈਂ ਧੀ ਦਾ ਹੀ ਕਰਾਂਗੀ । ਇਨ੍ਹਾਂ ਕੁੜੀਆਂ ਨੂੰ ਗਿਠ ਵਾਰ ਆਂਦੀ ਏ। ਅੱਖ ਦੇ ਫੋਰ ਵਿੱਚ ਵਧਕੇ ਕੋਠੇ ਜਿਨੀਆਂ ਹੋ ਜਾਂਦੀਆਂ ਨੇ। ਬੀਰੇ ਮੇ ਦੇ ਸਾਕ ਲਈ ਤੇ ਵਡੇ ਵਡੇ ਰਜਵਾੜੇ ਵੀ ਸਿਫ਼ਾਰਸ਼ਾਂ ਪਵਾਂਦੇ ਨੇ ਪਏ । ਨਿਵੇਕਲਾ ਘਰ ਤੇ ਮੁੰਡਾ ਸਰਕਾਰੀ ਨੌਕਰ । ਤੇ ਨਾਲੇ ਰਘਬੀਰ ਸਿੰਘ ਜਵਾਨ ਕਿਹੋ ਜਿਹਾ ਨਿਕਲਿਆ ਏ ! ਮੈਂ ਕਹਿੰਦੀ ਹਾਂ ਸਾਡੇ ਵੇਲਿਆਂ ਵਿੱਚ ਮੁੰਡੇ ਇਹੋ ਜਿਹੇ ਕਦੋਂ ਹੁੰਦੇ ਸਨ। ਲਿਸ਼ ਲਿਸ਼ ਕਰਦੇ ਬੂਟ ਸਵੇਰੇ ਜਦੋਂ ਪਾ ਕੇ ਜਾਂਦਾ ਹੈ, ਹੇਠ ਜਰਾਬਾਂ, ਹੱਥਾਂ ਤੇ ਦਸਤਾਨੇ, ਉਤੇ ਐਨਕਾਂ ਕਾਲੀਆਂ; ਗਰਮੀਆਂ ਵਿਚ ਧੁਪ ਤੋਂ ਬਚਾਂਦੀਆਂ ਨੇ ਤੇ ਸਰਦੀਆਂ ਵਿੱਚ ਠੰਢ ਨੂੰ ਰੋਕਦੀਆਂ ਨੇ, ਮੈਂ ਤੇ ਉਹਦੇ ਵਲ ਬਸ ਵੇਖਦੀ ਹੀ ਰਹਿੰਦੀ ਹਾਂ ਵੇਖਦੀ ਹੀ ਰਹਿੰਦੀ ਹਾਂ। ਤੇ ਬੀਰੇ ਦਾ ਬਾਊ, ਜਦੋਂ ਸਾਡਾ ਵਿਆਹ ਹੋਇਆ ਇਹਦਾ ਨਕ ਵਗਦਾ ਹੁੰਦਾ ਸੀ । ਹਨੇਰਾ ਪਏ ਮਾਂ ਵਿਚਾਰੀ ਟੋਲਦੀ ਫਿਰਦੀ ਸੀ ਤੇ ਇਹ ਕਿਤੇ ਬੇਰੀਆਂ ਦੇ ਬੇਰ ਤੋੜਦਾ ਫਿਰਦਾ ਸੀ। ਅਜ ਕਲ ਬਾਰਸ਼ ਨਹੀਂ ਹੋ ਰਹੀ । ਸਾ ਵਿਆਹ ਤੇ ਮੀਂਹ ਕਵੇ ਕਿ ਬਸ ਅਜੇ ਹੀ ਅਜ ਏ। ਮਾਰ ਪਕੜ ਕੇ ਚਿੱਕੜ ਹੀ ਚਿੱਕੜ ਚਵ੍ਹਾਂ ਪਾਸੇ ਸੀ । ਮੈਂ ਕਹਿੰਦੀ ਹਾਂ ... ...

ਤੇ ਕੋਠੜੀ ਵਿਚ ਡਕਿਆ ਉਹਦਾ ਖ਼ਾਵੰਦ ਖਲੋਤਾ ਖਲੋਤਾ ਥਕ ਗਿਆ ਸੀ। ਇਕ ਹਨੇਰਾ, ਇਕ ਰੀਂਦੀ ਹਵਾ, ਨ ਕੋਈ ਰੋਸ਼ਨਦਾਨ ਸੀ, ਨ ਕੋਈ ਬਾਰੀ, ਉਹਦਾ ਦਿਲ ਡਾਢਾ ਕਾਹਲਾ ਪੈ ਰਿਹਾ ਸੀ । ਅੰਦਰੋਂ ਅੰਦਰ ਕੁੜ੍ਹ ਰਿਹਾ ਸੀ, ਖਪ ਰਿਹਾ ਸੀ, ਕਿਉਂ ਤ੍ਰੀਮਤ ਦੇ ਆਖੇ ਲਗ ਉਹ

ਅੰਦਰ ਆ ਵੜਿਆ । ਤੇ ਪਟਾਖ਼-ਪਟਾਖ਼ ਗੱਲਾਂ ਕਰਦੀ ਤਾਈ ਪਾਰਬਤੀ ਜਿਵੇਂ ਭੁਲ ਹੀ ਗਈ ਸੀ ਕਿ ਉਹਦਾ ਖ਼ਾਵੰਦ ਅੰਦਰ ਸੜ ਰਹੇ ਪੁਰਾਣੇ ਸਾਮਾਨ ਦੀ ਹਨੇਰੀ ਕੋਠੜੀ ਵਿਚ ਡਕਿਆ ਪਿਆ ਸੀ । ਉਹ ਗੱਲਾਂ ਕਰਦੀ ਗਈ, ਕਰਦੀ ਗਈ ।

... ... ਮੈਂ ਕਹਿੰਦੀ ਹਾਂ ਇਹ ਕਹੀ ਆਖ਼ਰ ਆਂਦੀ ਹੋਈ ਏ ਇਸ ਮੋਤੀ ਹਲਵਾਈ ਨੇ ! ਇਸਨੂੰ ਕੋਈ ਸਚ ਝੂਠ ਕਹਿਣ ਵਾਲਾ ਨਹੀਂ ? ਚਾਰ ਪਕੌੜੇ ਰਖਦਾ ਏ ਤੇ ਦੋ ਪੈਸੇ ਧਰਵਾ ਲੈਂਦਾ ਹੈ, ਨਾ ਕੋਈ ਨਾਲ ਇਮਲੀ ਨਾ ਕੋਈ ਨਾਲ ਚਟਣੀ । ਨਾਲੇ ਇਹ ਮੋਤੀ ਹਲਵਾਈ ਦੀ ਵਹੁਟੀ, ਬਲਖੀ ਰੰਨ, ਫੁਲ-ਚਿੜੀਆਂ ਕਢ, ਸਾਰਾ ਸਾਰਾ ਦਿਨ ਵਿਹੜੇ ਵਿਚ ਸਿਰੋਂ ਨੰਗੀ ਬੈਠੀ ਰਹਿੰਦੀ ਏ । ਉਸਨੂੰ ਆਪਣੀ ਸ਼ਰਮ ਨਹੀਂ ਤੇ ਕੋਈ ਸਮਝਾਣ ਵਾਲਾ ਵੀ ਨਹੀਂ ਸਾਰੇ ਪਿੰਡ ਵਿਚ ? ਨਾਲੇ ਸੁਣਿਆ ਏ ਲਾਜੋ ਅਜ ਕਲ ਪੁੱਤਰ ਲਭਦੀ ਫਿਰਦੀ ਏ । ਕਦੀ ਟੂਣੇ-ਟੋਟਕੇ ਕਰਦੀ ਏ, ਕਦੀ ਗੁਫਾਂ ਦੇ ਸੰਤਾਂ ਕੋਲ ਜਾਂਦੀ ਏ, ਜਿਹੜਾ ਕੋਈ ਹਕੀਮ-ਵੈਦ ਪਿੰਡ ਆਂਦਾ ਏ ਉਹਨੂੰ ਚੰਬੜੀ ਰਹਿੰਦੀ ਏ । ਵੀਹ ਸਾਲ ਵਿਆਹ ਕੀਤਿਆਂ ਹੋ ਗਏ ਨੇ ਤੇ ਇਹ ਨਵਾਂ ਚਾਅ ਪਤਾ ਨਹੀਂ ਕਿਥੋਂ ਉਹਨੂੰ ਆ ਚੜ੍ਹਿਆ ਏ ? ਖਸਮ ਵਿਚਾਰਾ ਸਾਰਾ ਸਾਰਾ ਦਿਨ ਚੁਲ੍ਹੇ-ਕੜਾਹੀ ਵਿਚ ਸਿਰ ਦਿਤੀ ਰਖਦਾ ਏ, ਰੰਨ ਉਧਰ ਪੁੱਤਰ ਪਈ ਜੰਮਦੀ ਏ ? ਮੈਂ ਤੇ ਉਹਨੂੰ ਆਖਿਆ, ਕਿਸੇ ਦਾ ਬੱਚਾ ਲੈ ਕੇ ਝੋਲੀ ਪਾ ਲੈ । ਆਪਣੇ ਰਿਸ਼ਤੇਦਾਰਾਂ ਵਿਚ ਕਿਤਨੇ ਪਏ ਕੁਰਬਲ ਕੁਰਬਲ ਕਰਦੇ ਸੂ । ਨਾਲੇ ਇਕ ਗੱਲ ਹੋਰ ... ...

ਅੰਦਰ ਹਨੇਰੀ ਕੋਠੜੀ ਵਿਚ ਖਲੋਤਾ ਪਾਰਬੱਤੀ ਦਾ

ਖ਼ਾਵੰਦ ਠੰਢ ਵਿਚ ਸੁਕੜ ਰਿਹਾ ਸੀ, ਤੇ ਉਹਦੀ ਤ੍ਰੀਮਤ ਦੀਆਂ ਗੱਲਾਂ ਸਨ ਕਿ ਖ਼ਤਮ ਹੋਣ ਵਿਚ ਹੀ ਨਹੀਂ ਸਨ ਆਂਦੀਆਂ। ਸੁਣਦਾ ਸੁਣਦਾ ਉਹਦੇ ਸਬਰ ਦਾ ਪਿਆਲਾ ਜਿਵੇਂ ਦੰਦੋ ਦੰਦ ਭਰਿਆ ਗਿਆ। ਹਨੇਰੀ ਕੋਠੜੀ ਦੇ ਇਕ ਕੋਠੇ ਵਿਚ ਮੁੜ ਮੁੜ ਖੁਟਰ-ਪੁਟਰ ਹੁੰਦੀ। ਮੁੜ ਮੁੜ ਉਹਨੂੰ ਡਰ ਲਗਦਾ ਕਿਤੇ ਕੋਈ ਸਪ ਨਾ ਹੋਏ, ਮੁੜ ਮੁੜ ਉਹਨੂੰ ਖ਼ਿਆਲ ਆਂਦਾ ਸਰਦੀਆਂ ਵਿਚ ਸਪ ਨਹੀਂ ਹੁੰਦੇ। ਤੇ ਉਹ ਲਖ ਲਖ ਗਾਲ੍ਹਾਂ ਆਪਣੀ ਬੀਵੀ ਨੂੰ ਦਿਲ ਹੀ ਦਿਲ ਵਿਚ ਕਢਦਾ। ਕਦੀ ਉਹਦਾ ਦਿਲ ਕਰਦਾ ਅੰਦਰੋਂ ਉਹ ਬੋਲ ਪਏ ਪਰ ਫੇਰ ਪੰਚਾਇਤ ਦੇ ਖ਼ਿਆਲ ਤੇ ਸ਼ਰਮ ਦਾ ਮਾਰਿਆ ਦੜ ਵੱਟ ਲੈਂਦਾ। ਤੇ ਉਹਦੀ ਤ੍ਰੀਮਤ ਗੱਲਾਂ ਕਰਦੀ ਜਾ ਰਹੀ ਸੀ, ਕਰਦੀ ਜਾ ਰਹੀ ਸੀ।

... ... ਨਾਲੇ ਇਕ ਗੱਲ ਹੋਰ ਹੈ। ਮੋਤੀ ਹਲਵਾਈ ਦੀ ਬੀਵੀ ਨੂੰ ਬੁਰਾ ਤੇ ਤਾਂ ਕਹੀਏ ਜੇਕਰ ਸ਼ਾਡੀਆਂ ਆਪਣੀਆਂ ਕੁੜੀਆਂ ਚੰਗੀਆਂ ਹੋਣ। ਜ਼ਮਾਨੇ ਨੂੰ ਡਾਢੀ ਅੱਗ ਲਗ ਗਈ ਏ। ਕੁਝ ਨਾ ਪੁਛੋ। ਅਖੇ ਅਸਬਰੋਲ ਤੇ ਕੁਝ ਨ ਫੋਲ। ਮੈਂ ਤੇ ਆਪਣੀ ਜੀਤਾਂ ਨੂੰ, ਇਹ ਜ਼ਰਾ ਦਿਨ ਖੁਲ੍ਹ ਜ ਣ, ਵਿਆਹ ਛਡਣਾ ਏ। ਜਵਾਨ ਧੀ ਡਾਢੀ ਜ਼ਿਮੇਂਵਾਰੀ ਹੁੰਦੀ ਏ। ਮੈਨੂੰ ਤਾਂ ਹਰ ਵੇਲੇ ਡਰ ਲਗਾ ਰਹਿੰਦਾ ਏ। ਨਾਲੇ ਅਜ ਕਲ ਵਿਆਹ ਦਾ ਕੀ ਏ? ਰਾਤੀਂ ਜੰਞ ਆਈ, ਸਵੇਰੇ ਲਾਵਾਂ ਤੇ ਸ਼ਾਮੀਂ ਡੋਲੀ ਟੁਰ ਗਈ। ਦਾਜ ਤੇ ਕੁੜੀ ਜਦੋਂ ਜੰਮਦੀ ਏ ਮਾਵਾਂ ਨਾਲ ਨਾਲ ਤਿਆਰ ਕਰਦੀਆਂ ਰਹਿੰਦੀਆਂ ਨੇ। ਮੈਂ ਤੇ ਇੱਕੀ ਦੇ ਇੱਕੀ ਸੂਟ ਤਿਆਰ ਕਰ ਰਖੇ ਨੇ। ਮੇਰੀ ਜੀਤਾਂ ਨੂੰ ਸਾੜ੍ਹੀਆਂ ਨਾਲ ਬੜਾ ਜੋੜ ਏ। ਮੈਂ ਪੰਜ ਪੂਰੀਆਂ ਸਾੜ੍ਹੀਆਂ ਖ਼ਰੀਦੀਆਂ ਨੇ, ਵਧੀਆ ਤੋਂ ਵਧੀਆ। ਮੁੰਡੇ ਦਾ

ਜਦੋਂ ਫ਼ੈਸਲਾ ਕੀਤਾ ਉਹਦੀ ਮਰਜ਼ੀ ਮੁਤਾਬਕ ਦੋ ਸੂਟ ਉਹਦੇ ਵੀ ਬਣਵਾ ਦਿਆਂਗੇ। ਕਪੜਾ ਗਰਮ ਵੀ ਤੇ ਠੰਢਾ ਵੀ ਮੈਂ ਪਿਛਲੇ ਸਾਲ ਦਾ ਲੈ ਕੇ ਰਖਿਆ ਹੋਇਆ ਏ। ਤੇ ਜੀਤਾਂ ਦਾ ਬਾਊ ਕਹਿੰਦਾ ਏ ਕੁਝ ਨਾ ਕੁਝ ਰੁਪਿਆ ਕੁੜੀ ਦੇ ਨਾਂ ਬੈਂਕ ਵਿਚ ਜਮ੍ਹਾਂ ਕਰਾ ਛਡਾਂਗੇ। ਵੇਲੇ ਕੁਵੇਲੇ ਰੁਪਿਆ ਹੋਵੇ ਤਾਂ ਕੰਮ ਹੀ ਆਉਂਦਾ ਏ। ਮੈਂ ਤੇ ਕਹਿੰਦੀ ਹਾਂ ... ...

"ਹੇ ਸਹੁਰੀ ! ਗਲੋਖੜ ਕਿਸੇ ਜਹਾਨ ਦੀ," ਹਨੇਰੀ ਕੋਠੜੀ ਦੇ ਅੰਦਰੋਂ ਅਖ਼ੀਰ ਪਾਰਬਤੀ ਦਾ ਖ਼ਾਵੰਦ ਬੋਲ ਪਿਆ। ਗੱਲਾਂ ਸੁਣ ਸੁਣ ਉਹਦੇ ਸਬਰ ਦਾ ਪਿਆਲਾ ਛਲਕ ਪਿਆ ਸੀ। ਪੰਚ ਹੱ-ਕੇ ਝੱ-ਕੇ ਰਹਿ ਗਏ ਤੇ ਹਸਦੀ ਹਸਦੀ ਪਾਰਬਤੀ ਨੇ ਜਾਕੇ ਬਾਹਰੋਂ ਕੋਠੜੀ ਦੀ ਕੁੰਡੀ ਖੋਹਲ ਦਿਤੀ।

ਹਸ ਹਸ ਕੇ ਸਭ ਦੇ ਢਿਡੀਂ ਪੀੜਾਂ ਪੈਂਦੀਆਂ। ਤੇ ਕਿਤਨੇ ਦਿਨ ਤਾਈ ਪਾਰਬਤੀ ਦੀ ਇਹ ਗੱਲ, ਗਲੀ ਗਲੀ, ਘਰ ਘਰ, ਬੰਦੇ ਬੰਦੇ ਦੇ ਮੂੰਹ ਤੇ ਚੜ੍ਹੀ ਰਹੀ।

ਤੇ ਜੇ ਉਸ ਰਾਤ ਅੰਦਰੋਂ ਉਹਦਾ ਖ਼ਾਵੰਦ ਨਾ ਬੋਲ ਪੈਂਦਾ ਤਾਂ ਭਾਵੇਂ ਸਾਰੀ ਰਾਤ ਤਾਈ ਪਾਰਬਤੀ ਗੱਲਾਂ ਕਰਦੀ ਰਹਿੰਦੀ, ਕਰਦੀ ਰਹਿੰਦੀ।

ਗੱਲਾਂ ਤਾਂ ਉਂਝ ਵੀ ਉਹਨੂੰ ਚੰਗੀਆਂ ਲਗਦੀਆਂ ਸਨ, ਪਰ ਕੁਝ ਚਿਰ ਤੋਂ ਤਾਈ ਪਾਰਬਤੀ ਦੀਆਂ ਗੱਲਾਂ ਦਾ ਮਜ਼ਮੂਨ ਉਹਦੇ ਕੁੱਖੋਂ ਜਾਏ ਪੁੱਤਰ ਧੀ ਹੀ ਅਕਸਰ ਹੁੰਦੇ ਸਨ। ਕੋਈ ਉਹਦੀ ਜੁਆਨ ਧੀ ਲਈ ਉਹਨੂੰ ਇਸ਼ਾਰਾ ਕਰਦਾ, ਕੋਈ ਉਹਦੇ ਪੁੱਤਰ ਦੇ ਸਾਕ ਲਈ ਟੋਂਹਦਾ। ਕਿਸੇ ਦੀ ਕਿਸੇ ਨੂੰ ਇਨ੍ਹਾਂ ਲਈ ਚਿੱਠੀ ਆਂਦੀ, ਕਿਸੇ ਦਾ ਸੁਨੇਹਾ ਆਉਂਦਾ। ਲੋਕੀ ਮਸਾਂ ਮਸਾਂ ਗੱਲ ਕਰਦੇ ਤੇ ਪਾਰਬਤੀ ਇਨ੍ਹਾਂ ਕਿੱ-ਸਿਆਂ

ਨੂੰ ਦਸ ਦਸ ਗੁਣਾ ਵਧਾ ਚੜ੍ਹਾ ਕੇ ਪਈ ਦਸਦੀ।

ਤੇ ਇਸ ਗੱਲੋਂ ਸੀ ਵੀ ਉਹ ਸੱਚੀ। ਮਾਪਿਆਂ ਦੇ ਇਕੋ ਇਕ ਪੁੱਤਰ ਤੇ ਇਕੋ ਇਕ ਧੀ ਦੀ ਪੁਛ ਵੀ ਸਾਰੀ ਬਰਾਦਰੀ, ਸਾਰੇ ਇਲਾਕੇ ਵਿਚ ਹੋਰਨਾਂ ਨੌਜਵਾਨ ਮੁੰਡਿਆਂ ਕੁੜੀਆਂ ਤੋਂ ਵਧੀਕ ਸੀ। ਇਕ ਸੋਹਣੀ ਨੌਜਵਾਨ ਸੁਗੜ ਧੀ ਤੇ ਇਕ ਸੋਹਣਾ ਨੌਜਵਾਨ ਬਰ-ਸਰੇ-ਰੋਜ਼ਗਾਰ ਪੁੱਤਰ, ਤੇ ਤਾਈ ਪਾਰਬਤੀ ਦੀ ਗਲੀ ਗਲੀ ਘਰ ਘਰ ਵਿਚ ਪੁਛ-ਗਿਛ ਹੁੰਦੀ ਰਹਿੰਦੀ। ਕਈ ਉਹਨੂੰ ਚੌਧਰਾਣੀ ਕਹਿਕੇ ਸਦਦੇ, ਕਈ ਉਹਨੂੰ ਦੁਧ ਮਲਾਈਆਂ ਖਵਾਂਦੇ, ਕਈ ਉਹਦੀਆਂ ਖ਼ਾਤਰਾਂ ਕਰਦੇ, ਉਹਦੀਆਂ ਗੱਲਾਂ ਹਸ ਹਸ ਕੇ ਸੁਣਦੇ ਰਹਿੰਦੇ, ਤੇ ਗੱਲਾਂ ਕਰਦੀ ਨੂੰ ਵਿਹੜੇ ਵਿਚੋਂ ਉਠਣ ਨਾ ਦਿੰਦੇ।

ਤਾਈ ਪਾਰਬਤੀ ਨੂੰ ਵੀ ਜਦੋਂ ਹੋਰ ਕੋਈ ਗੱਲ ਨਾ ਮਿਲਦੀ ਉਹ ਆਪਣੀ ਧੀ ਪੁੱਤਰ ਦੇ ਕਿਸੇ ਸਾਕ-ਰਿਸ਼ਤੇ ਦੀ ਕਹਾਣੀ ਸ਼ੁਰੂ ਕਰ ਦਿੰਦੀ। ਤੇ ਇਵੇਂ ਸੁਆਦ ਲੈਂਦੀ ਲੈਂਦੀ ਨੇ ਕਈ ਮਹੀਨੇ, ਕਈ ਸਾਲ ਗੁਜ਼ਾਰ ਦਿਤੇ। ਕਈ ਵਾਰ ਕਿਤੇ ਗੱਲ ਪੱਕੀ ਹੋਣ ਲਗਦੀ ਤੇ ਤਾਈ ਪਾਰਬਤੀ ਦੇ ਕਲੇਜੇ ਨੂੰ ਜਿਵੇਂ ਹਥ ਪੈਣ ਲਗ ਪੈਂਦਾ, ਜਿਵੇਂ ਉਹਦੀ ਕੋਈ ਜਾਇਦਾਦ ਉਸਤੋਂ ਖੁਸ ਰਹੀ ਹੋਵੇ, ਤੇ ਉਹ ਕਿਸੇ ਨਾ ਕਿਸੇ ਬਹਾਨੇ ਵਿੱਚ ਲਤ ਮਾਰ ਦਿੰਦੀ।

ਤੇ ਇੰਝ ਕਿਤਨਾ ਚਿਰ ਹੋਰ ਉਸ ਕਢ ਲਿਆ। ਨਾ ਉਸ ਆਪਣੇ ਪੁੱਤਰ ਦੀ ਕਿਤੇ ਮੰਗਣੀ ਹੋਣ ਦਿਤੀ ਨਾ ਆਪਣੀ ਧੀ ਦਾ ਕੋਈ ਵਰ ਕਬੂਲਿਆ।

ਪਰ ਧੀ ਉਹਦੀ ਕੋਠੇ ਨਾਲ ਲਗ ਰਹੀ ਸੀ ਤੇ ਉਹਦਾ ਵਿਆਹ ਹੋਰ ਟਾਲਣਾ ਤਾਈ ਪਾਰਬਤੀ ਨੇ ਯੋਗ ਨਾ ਸਮਝਿਆ।

ਤੇ ਅਖ਼ੀਰ ਆਪਣੇ ਦਿਲ ਤੇ ਪਥਰ ਰਖ ਉਹਦਾ ਸਾਕ ਉਸ ਲੈ ਹੀ ਲਿਆ। ਮੰਗਣੀ ਦੀ ਤਰੀਕ, ਵਿਆਹ ਦੀ ਤਰੀਕ, ਜੰਞ, ਲਾਵਾਂ, ਜਦੋਂ ਤੀਕ ਡੋਲੀ ਨਾ ਟੁਰੀ ਤਾਈ ਪਾਰਬਤੀ ਨੂੰ ਨਵੇਂ ਤੋਂ ਨਵੇਂ ਮਜ਼ਮੂਨ ਤੇ ਨਵੇਂ ਤੋਂ ਨਵੇਂ ਆਦਮੀ ਗੱਲਾਂ ਕਰਨ ਲਈ ਮਿਲਦੇ ਰਹੇ। ਤੇ ਫੇਰ ਜਦੋਂ ਡੋਲੀ ਚਲੀ ਗਈ ਇਕਦਮ ਤਾਈ ਪਾਰਬਤੀ ਨੂੰ ਆਪਣਾ ਜੀਵਨ ਸਖਣਾ ਸਖਣਾ ਲਗਣ ਲੱਗ ਪਿਆ।

ਪਰ ਅਜੇ ਤੇ ਉਹਦਾ ਜਵਾਨ ਪੁੱਤਰ ਬਾਕੀ ਵਿਆਹੁਣ ਲਈ ਸੀ। ਤਾਈ ਪਾਰਬਤੀ ਨੇ ਫੇਰ ਆਪਣੀ ਗੱਡੀ ਤੋਰ ਲਈ। ਸਾਰਾ ਸਾਰਾ ਦਿਨ ਗੱਲਾਂ ਕਰਦੀ; ਗੱਲਾਂ ਕਰਦੀ ਥੱਕਦੀ ਨਾ। ਉਹਦੇ ਘਰ ਦੀ, ਉਹ ਮਹੱਲੇ ਦੀ, ਉਹਦੇ ਪਿੰਡ ਦੀ ਰੌਣਕ ਉਂਝ ਦੀ ਉਂਝ ਬਣੀ ਰਹੀ।

ਇੰਝ ਦਿਨ ਗੁਜ਼ਰ ਰਹੇ ਸਨ ਕਿ ਇਕ ਰੋਜ਼ ਉਹਦਾ ਪੁੱਤਰ ਪਿੰਡ ਦੀ ਇਕ ਕੁੜੀ ਨੂੰ ਲੈਕੇ ਨੱਠ ਨਿਕਲਿਆ। ਸ਼ਹਿਰ ਵਿੱਚ ਉਨ੍ਹਾਂ ਨੇ ਕਿਤੇ ਚੁਪ ਚੁਪੀਤੇ ਸ਼ਾਦੀ ਕਰ ਲਈ ਤੇ ਘਰ ਲੈਕੇ ਉਥੇ ਹੀ ਰਹਿਣ ਲੱਗ ਪਏ।

ਤਾਈ ਪਾਰਬਤੀ ਸਿਰ ਪੁਟਕੇ ਰਹਿ ਗਈ। ਸਾਰਾ ਸਾਰਾ ਦਿਨ ਹੁਣ ਉਹ ਆਪਣੇ ਪੁੱਤਰ ਦੀਆਂ ਬਦਖੋਹੀਆਂ ਕਰਦੀ ਰਹਿੰਦੀ; ਗਲੀ ਗਲੀ, ਮਹੱਲੇ ਮਹੱਲੇ, ਘਰ ਘਰ।

ਪਰ ਕੋਈ ਮਾਂ ਆਪਣੇ ਇਕੋ ਇਕ ਪੁੱਤਰ ਦੀ ਨਿੰਦਿਆ ਕਦੋਂ ਤੀਕ ਕਰ ਸਕਦੀ ਏ?

ਤੇ ਤਾਈ ਪਾਰਬਤੀ ਸੋਚਦੀ ਹੁਣ ਉਹ ਕਹਾਣੀਆਂ ਕਿਸ ਦੀਆਂ ਕੀਤਾ ਕਰੇ। ਸੋਚਦੀ ਰਹਿੰਦੀ, ਸੋਚਦੀ ਰਹਿੰਦੀ। ਉਹਨੂੰ ਆਪਣਾ ਵਿਹੜਾ ਖਾਣ ਨੂੰ ਪੈਂਦਾ। ਬਾਹਰ ਗਲੀ ਮਹੱਲੇ ਵਿੱਚ

ਗੱਲਾਂ ਕਰਦੀ ਉਹਨੂੰ ਇੰਝ ਕਈ ਵਾਰ ਲਗਦਾ ਜਿਵੇਂ ਉਹਦੀਆਂ ਕਹਾਣੀਆਂ ਖ਼ਤਮ ਹੁੰਦੀਆਂ ਜਾਂਦੀਆਂ ਸਨ, ਗੱਲਾਂ ਕਰਨ ਲਈ ਉਹਦੇ ਮਜ਼ਮੂਨ ਮੁਕਦੇ ਜਾਂਦੇ ਸਨ।

ਤੇ ਤਾਈ ਪਾਰਬਤੀ ਫ਼ਿਕਰ ਕਰਦੀ ਕਰਦੀ ਝੁਰੀ ਹੋਣ ਲਗ ਪਈ।

ਕੁਝ ਹੀ ਚਿਰ ਇੰਝ ਗੁਜ਼ਰਿਆ ਸੀ ਕਿ ਤਾਈ ਪਾਰਬਤੀ ਦੀ ਧੀ ਜੀਤਾਂ ਪੇਕੇ ਉਹਨੂੰ ਮਿਲਣ ਆਈ। ਪਾਰਬਤੀ ਨੂੰ ਚੰਨ ਚੜ੍ਹ ਗਿਆ। ਅਧੀ ਅਧੀ ਰਾਤ ਤੀਕ ਆਪਣੀ ਧੀ ਨਾਲ ਬੈਠੀ ਗੱਲਾਂ ਕਰਦੀ ਰਹਿੰਦੀ, ਸਾਰਾ ਸਾਰਾ ਦਿਨ ਆਪਣੀ ਧੀ ਨਾਲ ਬੈਠੀ ਗੱਲਾਂ ਕਰਦੀ ਰਹਿੰਦੀ। ਤਾਈ ਪਾਰਬਤੀ ਦੇ ਚਿਹਰੇ ਤੇ ਮੁੜ ਰੌਣਕ ਆਣ ਲਗ ਪਈ। ਉਹਦੀਆਂ ਅਖਾਂ ਵਿਚ ਫੇਰ ਚਮਕ ਵਿਖਾਈ ਦੇਣ ਲਗ ਪਈ। ਉਹਦੀ ਆਵਾਜ਼ ਉਂਝ ਦੀ ਉਂਝ ਕਰਾਰੀ ਹੋ ਗਈ। ਉਹ ਮੁੜ ਜਿਵੇਂ ਜਵਾਨ ਹੋ ਰਹੀ ਹੋਵੇ। ਪਿਛਲੇ ਛੇ ਮਹੀਨਿਆਂ ਤੋਂ ਉਸ ਜਿਹੜੀ ਸੋਟੀ ਫੜ ਲਈ ਸੀ, ਇਕ ਦਿਨ ਤਾਈ ਪਾਰਬਤੀ ਨੇ ਉਸਨੂੰ ਸੁੱਟ ਪਾਇਆ।

ਤੇ ਫੇਰ ਇਕ ਰੋਜ਼ ਪਤਾ ਲਗਾ ਉਹਦੀ ਧੀ ਜੀਤਾਂ ਨੇ ਆਪਣੇ ਖ਼ਾਵੰਦ ਨੂੰ ਛਡ ਦਿਤਾ ਏ।

ਤਾਈ ਪਾਰਬਤੀ ਮੁੜ ਘਰ ਘਰ, ਗਲੀ ਗਲੀ, ਆਪਣੀ ਧੀ ਦੇ ਸਹੁਰਿਆਂ ਨੂੰ ਨਿੰਦਦੀ ਰਹਿੰਦੀ। ਫੇਰ ਆਪਣੀ ਧੀ ਲਈ ਨਵੇਂ ਸਾਕਾਂ ਦੇ ਕਿੱਸੇ ਉਸ ਛੋਹ ਦਿਤੇ। ਆਪਣੇ ਭਰਾ ਦੀ ਇਕੋ ਇਕ ਭੈਣ, ਆਪਣਿਆਂ ਮਾਪਿਆਂ ਦੀ ਇਕੋ ਇਕ ਧੀ, ਨੌਜਵਾਨ, ਸੁੰਦਰ ਕੁੜੀ ਲਈ ਫੇਰ ਲੋਕੀ ਇਸ਼ਾਰੇ ਕਰਨ ਲਗ ਪਏ, ਫੇਰ ਉਹਦੀ ਮਾਂ ਆਪਣੀ ਧੀ ਦੇ ਸੁਹਣੱਪ ਤੇ ਸੁਘੜਾਪੇ ਦੀਆਂ ਕਹਾਣੀਆਂ ਹਰ ਥਾਂ ਲੈਕੇ ਬਹਿ ਜਾਂਦੀ

ਤੇ ਜਿਥੇ ਬੈਠਦੀ ਗੱਲਾਂ ਕਰਦੀ ਕਰਦੀ ਉਹਦਾ ਦਿਨ ਗੁਜ਼ਰ ਜਾਂਦਾ।

ਤੇ ਇੰਝ ਭਾਈ ਪਾਰਬਤੀ ਖ਼ੁਸ਼-ਖ਼ੁਸ਼ੀਆਂ ਜੀਣ-ਥੀਣ ਲਗ ਪਈ। ਪਿੰਡ ਦੀ ਰੌਣਕ ਭਾਈ ਪਾਰਬਤੀ ਹਸਦੀ ਰਹਿੰਦੀ, ਹਸਾਂਦੀ ਰਹਿੰਦੀ, ਗੱਲਾਂ ਕਰਦੀ ਰਹਿੰਦੀ, ਕਰਦੀ ਰਹਿੰਦੀ।

ਪਰਦੇਸੀ

ਉਸਦਾ ਨਾਂ ਭਗੜੋ ਸੀ।

"ਭਗੜੋ ਵੀ ਕੋਈ ਨਾਂ ਹੋਇਆ!" ਉਹ ਸੋਚਦੀ। ਪਰ ਇਹ ਨਾਂ ਉਹਦੇ ਮਜ਼ਹਬ ਦਾ ਚੁਣਿਆ ਹੋਇਆ ਸੀ। ਉਹਦੇ ਮਾਪਿਆਂ ਦਾ ਸਵੀਕਾਰ ਕੀਤਾ ਹੋਇਆ ਸੀ। ਇਸ ਨਾਂ ਨਾਲ ਸਦੀਂਦੀ ਉਹ ਖੇਡ ਵਡੀ ਹੋਈ ਸੀ। ਤੇ ਹੁਣ ਜਦੋਂ ਉਸ ਹੋਸ਼ ਸੰਭਾਲੀ ਉਹਨੂੰ ਇਹ ਨਾਂ ਚੰਗਾ ਨਹੀਂ ਸੀ ਲਗਦਾ। ਹੁਣ ਜਦੋਂ ਆਪਣੀਆਂ ਸਹੇਲੀਆਂ ਦੇ ਸੋਹਣੇ ਸੋਹਣੇ ਨਾਂ ਉਹ ਸੁਣਦੀ, ਹੁਣ ਜਦੋਂ ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਡਾਢੇ ਪਿਆਰੇ ਨਾਵਾਂ ਨਾਲ ਉਹ ਬੁਲਾਂਦੀ ਉਹਨੂੰ ਆਪਣੇ ਨਾਂ ਦਾ ਚੇਤਾ ਕਰਕੇ ਚਾਰੇ ਕਪੜੇ ਅੱਗ ਲਗ ਜਾਂਦੀ।

"ਭਗੜੋ ਵੀ ਕੋਈ ਨਾਂ ਹੋਇਆ!" ਉਹ ਮੁੜ ਮੁੜ

ਸੋਚਦੀ, ਤੇ ਮੁੜ ਮੁੜ ਕੁੜ੍ਹਦੀ।

ਆਪਣੀਆਂ ਨਿਕੀਆਂ ਭੈਣਾਂ ਦੇ ਉਸ ਵਧੀਆ ਵਧੀਆ ਨਾਂ ਚੁਣ ਕੇ ਰਖੇ। ਜਦੋਂ ਕਿਸੇ ਬੱਚੇ ਦਾ ਨਾਂ ਰਖਣਾ ਹੁੰਦਾ ਇਹ ਜ਼ਰੂਰ ਵਿਚ ਬੋਲਦੀ ਤੇ ਡਾਢਾ ਚੰਗਾ ਕੋਈ ਨਾਂ ਟੋਲ ਕੇ ਦਸਦੀ।

ਪਰ ਉਹਦਾ ਆਪਣਾ ਨਾਂ 'ਭਗੜੋ' ਸੀ। ਇਹ ਨਾਂ ਉਹਦੇ ਬਚਪਨ ਦਾ ਸੀ। ਇਸੇ ਨਾਂ ਨਾਲ ਉਸਨੂੰ ਸਕੂਲ ਵਿੱਚ ਪਾਇਆ ਗਿਆ। ਤੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਇਸੇ ਨਾਂ ਨਾਲ ਚਾਰ ਜਮਾਤਾਂ ਪਾਸ ਕਰਕੇ ਉਸ ਪੜ੍ਹਾਈ ਖ਼ਤਮ ਕੀਤੀ ਸੀ।

ਲੋਕਾਂ ਦੀਆਂ ਮਾਵਾਂ ਆਪਣੀਆਂ ਧੀਆਂ ਨੂੰ ਲਖ ਹੋਰ ਨਾਵਾਂ ਨਾਲ ਬੁਲਾਂਦੀਆਂ ਸਨ। ਨਾਂ ਕੀ-ਨਾਂ-ਕੀ ਹੁੰਦਾ ਤੇ ਕੋਈ ਕਿਸੇ ਨੂੰ "ਬੱਲੀ" ਕਰਕੇ ਸਦਦੀ, ਕੋਈ ਕਿਸੇ ਨੂੰ "ਬੇਬੀ" ਕਹਿੰਦੀ ਕੋਈ ਕਿਸੇ ਨੂੰ "ਬੱਚੀ" ਬੁਲਾਂਦੀ ਪਰ ਉਸ ਦੀ ਮਾਂ ਸੀ ਕਿ ਹਮੇਸ਼ "ਭਗੜੋ" ਹੀ ਕਹਿਕੇ ਉਸਨੂੰ ਆਵਾਜ਼ ਦਿੰਦੀ। ਸਾਰਾ ਸਾਰਾ ਦਿਨ ਭਾਵੇਂ ਉਹ ਆਪਣਾ ਸੁਘੜਾਪਾ ਦਸਦੀ ਰਹਿੰਦੀ, ਘਰ ਦਾ ਕੰਮ ਕਰ ਕਰਕੇ ਆਪਣੇ ਆਪ ਨੂੰ ਗਾਲ ਲੈਂਦੀ ਤਾਂ ਵੀ ਉਹਦੀ ਮਾਂ ਦੇ ਦਿਲ ਵਿਚ ਉਸ ਲਈ ਕਦੀ ਇਤਨਾ ਲਾਡ ਨਹੀਂ ਸੀ ਆਇਆ ਕਿ ਉਹਨੂੰ ਕਿਸੇ ਨਿਕੇ ਜਹੇ, ਮਿਠੇ ਜਹੇ, ਸੁਰੀਲੇ ਜਹੇ, ਪਿਆਰੇ ਜਹੇ ਨਾਂ ਨਾਲ ਬੁਲਾਵੇ। ਪਰ ਫੇਰ ਉਹ ਸੋਚਦੀ ਉਹਦੀ ਮਾਂ ਦਾ ਕਸੂਰ ਵੀ ਕੀ ਸੀ? ਸਤ ਧੀਆਂ ਸਨ ਉਹਦੀਆਂ। ਕਿਸ ਕਿਸ ਨੂੰ ਪਿਆਰ ਕਰਦੀ? ਉਹਨੂੰ ਤੇ ਸਾਰੀਆਂ ਦੇ ਨਾਂ ਤਕ ਵਿਸਰ ਵਿਸਰ ਜਾਂਦੇ ਸਨ। ਬੁਲਾਣਾ ਕਿਸੇ ਨੂੰ ਹੁੰਦਾ, ਤੇ ਅਵਾਜ਼ਾਂ ਕਿਸੇ ਨੂੰ

ਦਿੰਦੀ ਰਹਿੰਦੀ। ਸਤ ਧੀਆਂ ਤੇ ਛੇ ਪੁੱਤਰ। ਉਹ ਤੇ ਘਰ ਦੇ ਖਲਜਗਣ ਤੋਂ ਕਦੀ ਨਹੀਂ ਸੀ ਵਿਹਲੀ ਹੁੰਦੀ।

ਮਾਂ ਤੋਂ ਨਿਰਾਸ ਹੋ ਕੇ ਭਗੜੋ ਨੇ ਆਪਣੇ ਪਿਉ ਦਾ ਮੂੰਹ ਵੇਖਣਾ ਸ਼ੁਰੂ ਕਰ ਦਿਤਾ। ਕਦੀ ਉਹ ਸੋਚਦੀ ਜੇ ਇਕ ਵਾਰ ਕਿਸੇ ਗੱਲ ਤੋਂ ਖੁਸ਼ ਹੋ ਕੇ ਉਸ ਨੂੰ ਉਹ ਕਿਸੇ ਲਾਡ-ਪਿਆਰ ਦੇ ਨਾਂ ਨਾਲ ਬੁਲਾਵੇ ਤੇ ਫੇਰ ਉਹ ਉਹੀ ਗੱਲ ਹਰ ਰੋਜ਼ ਕਰਿਆ ਕਰੇਗੀ, ਹਮੇਸ਼ ਉਹਦੀ ਆਗਿਆ ਵਿਚ ਰਵੇਗੀ, ਉਹਦੇ ਕਪੜਿਆਂ ਨੂੰ ਬੀੜੇ ਲਾ ਕੇ ਰਖਿਆ ਕਰੇਗੀ, ਉਸ ਲਈ ਪੋਟਾ ਪੋਟਾ ਮਲਾਈ ਵਾਲਾ ਦਹੀਂ ਬਚਾ ਕੇ ਰਖਿਆ ਕਰੇਗੀ, ਉਸਦੇ ਬਾਹਰੋਂ ਆਣ ਤੇ ਠੰਡੀ ਖੂਹੀ ਦਾ ਸਜਰਾ ਪਾਣੀ ਭਰਕੇ ਲਿਆਇਆ ਕਰੇਗੀ। ਪਰ ਉਹਦੇ ਪਿਤਾ ਨੂੰ ਤੇ ਕਦੀ ਇਸ ਗਲ ਦਾ ਚਿਤ ਚੇਤਾ ਵੀ ਨ ਆਂਦਾ। ਉਹਦਾ ਨਾਂ 'ਭਗੜੋ' ਸੀ ਤੇ ਉਹ 'ਭਗੜੋ' ਹੀ ਕਹਿ ਕੇ ਉਸ ਨੂੰ ਹਮੇਸ਼ ਸਦਦਾ। ਜਦੋਂ ਲਾਡ ਕਰ ਰਿਹਾ ਹੁੰਦਾ ਤਾਂ ਵੀ 'ਭਗੜੋ' ਕਹਿੰਦਾ, ਜਦੋਂ ਖ਼ਫਾ ਹੋ ਰਿਹਾ ਹੁੰਦਾ ਤਾਂ ਵੀ 'ਭਗੜੋ' ਹੀ ਕਹਿ ਕੇ ਬੁਲਾਂਦਾ।

ਤੇ ਫੇਰ 'ਭਗੜੋ' ਨੇ ਆਪਣੇ ਜਵਾਨ-ਜਹਾਨ ਵੀਰਾਂ ਤੇ ਆਸ ਲਾਈ। ਕੋਈ ਵਡਾ ਸੀ ਉਸ ਤੋਂ, ਕੋਈ ਨਿਕਾ ਸੀ ਉਸ ਤੋਂ। ਵਡੇ ਵੀ ਉਸ ਨੂੰ 'ਭਗੜੋ' ਕਹਿ ਕੇ ਬੁਲਾਂਦੇ, ਨਿਕੇ ਵੀ ਉਸ ਨੂੰ 'ਭਗੜੋ' ਕਹਿ ਕੇ ਸਦਦੇ। ਵਧ ਤੋਂ ਵਧ ਨਿਕੇ ਕਦੀ 'ਭਗੜੋ ਭੈਣ' ਕਹਿ ਲੈਂਦੇ। ਪਰ 'ਭਗੜੋ' ਵਿਚ ਜ਼ਹਰ ਲਗਿਆ ਹੁੰਦਾ। ਤੇ ਉਹਦਾ ਦਿਲ ਡਾਢਾ ਕਾਹਲਾ ਪੈਂਦਾ।

ਕਦੀ ਕਦੀ ਉਹ ਸੋਚਦੀ ਉਹ ਮੂੰਹ ਪੁਟ ਕੇ ਸਭ ਨੂੰ ਕਹੇ

ਉਸ ਨੂੰ ਇਹ ਨਾਂ ਨਹੀਂ ਸੀ ਚੰਗਾ ਲਗਦਾ । ਪਰ ਫੇਰ ਪੀਹੜੀਆਂ ਦੀ ਵਿਰਸੇ ਵਿਚ ਮਿਲੀ ਸ਼ਰਮ, ਹਯਾ, ਲੱਜਿਆ, ਜਿਵੇਂ ਉਹਨੂੰ ਬੰਨ੍ਹ ਬੰਨ੍ਹ ਲੈਂਦੀ । ਨ ਆਪਣੇ ਮਾਪਿਆਂ ਨਾਲ, ਨ ਆਪਣੇ ਭੈਣਾਂ ਭਰਾਵਾਂ ਨਾਲ, ਨ ਆਪਣੀਆਂ ਸਹੇਲੀਆਂ ਨਾਲ, ਕਿਸੇ ਨੂੰ ਵੀ ਉਹ ਆਪਣੇ ਦਿਲ ਦੀ ਗੱਲ ਨ ਕਦੀ ਕਹਿ ਸਕੀ । ਤੇ ਉਹ ਬਚਪਨੇ ਤੋਂ ਜਵਾਨ ਹੋ ਗਈ । ਤੇ ਹੁਣ ਉਸ ਦਾ ਵਿਆਹ ਹੋ ਜਾਣਾ ਸੀ ।

ਭਗੜੋ ਆਪਣੇ ਹਾਣ ਦੀਆਂ ਸਭ ਕੁੜੀਆਂ ਤੋਂ ਜ਼ਿਆਦਾ ਸੁਚੱਜੀ, ਜ਼ਿਆਦਾ ਮੂੰਹ ਚਿਤ ਲਗਦੀ ਸੀ । ਉਹਦੇ ਵਾਲ ਸਭ ਤੋਂ ਜ਼ਿਆਦਾ ਲੰਮੇ ਸਨ । ਉਹਦਾ ਨੱਕ ਸਭ ਤੋਂ ਜ਼ਿਆਦਾ ਤਿੱਖਾ ਸੀ । ਉਹਦੇ ਨੈਣ ਸਭ ਤੋਂ ਜ਼ਿਆਦਾ ਕਾਲੇ ਸਨ । ਉਹਦਾ ਰੰਗ ਸਭ ਤੋਂ ਜ਼ਿਆਦਾ ਗੋਰਾ ਸੀ । ਉਹਦਾ ਕੱਦ ਸਭ ਤੋਂ ਜ਼ਿਆਦਾ ਉੱਚਾ ਸੀ । ਉਹਦਾ ਬੁੱਤ ਸਭ ਤੋਂ ਜ਼ਿਆਦਾ ਢੁਕਵਾਂ ਸੀ । ਤੇ ਫੇਰ ਵੀ ਕਿਸੇ ਦਾ ਨਾਂ ਸ਼ਕੁੰਤਲਾ ਸੀ, ਕਿਸੇ ਦਾ ਨਾਂ 'ਵੀਰਾਂ' ਸੀ, ਕਿਸੇ ਦਾ ਨਾਂ 'ਪ੍ਰੇਮੀ' ਸੀ, ਕਿਸੇ ਦਾ ਨਾਂ 'ਪਾਸ਼ੀ' ਸੀ, ਤੇ ਇਸਦਾ ਨਾਂ 'ਭਗੜੋ' ਸੀ ।

ਇਕ ਇਹਦਾ ਨਾਂ 'ਭਗੜੋ' ਸੀ ਤੇ ਪਿੰਡ ਵਿਚ ਇਕ 'ਭਗੜੋ' ਹੋਰ ਸੀ । ਮਰੀਅਲ ਜਹੀ, ਬਲਗ਼ਮ ਦੀ ਮਾਰੀ, ਇਕ ਪੈਰੋਂ ਲੰਗੜੀ, ਇਕ ਅਖੋਂ ਭੈਂਗੀ, ਬੁਢੀ ਫਫਾ ਕੁੱਟਣ, ਜਿਸ ਟਹਿਣੀ ਤੇ ਬੈਠ ਜਾਂਦੀ ਉਹ ਟਹਿਣੀ ਸੁਕ ਜਾਂਦੀ, ਜਿਸ ਫੁਲ ਨਾਲੋਂ ਛੂਹ ਜਾਂਦੀ ਉਹ ਫੁਲ ਮੁਰਝਾ ਜਾਂਦਾ ।

ਤੇ ਉਸ ਨੂੰ ਹੋਰ ਆਪਣਾ ਨਾਂ ਬੁਰਾ ਲਗਦਾ । ਜਦੋਂ ਕਦੀ 'ਬੁਢੀ ਭਗੜੋ' ਦੇ ਚਾਲੇ ਉਹ ਸੁਣਦੀ, ਉਹਦੀਆਂ

ਕਰਤੂਤਾਂ ਦੀਆਂ ਕਹਾਣੀਆਂ ਉਹਨੂੰ ਕੋਈ ਦਸਦਾ, ਉਹਨੂੰ ਆਪਣਾ ਨਾਂ ਹੋਰ ਹੋਰ ਜ਼ਹਿਰ ਲਗਦਾ। ਤੇ ਉਹ ਸੋਚਦੀ ਕਿਤੇ ਉਹ ਨੱਠ ਜਾਏ, ਕਿਤੇ ਉਹ ਲੁਕ ਜਾਏ। ਕਦੀ ਜਦੋਂ ਚਵ੍ਹਾਂ ਪਾਸਿਉਂ ਉਸਨੂੰ 'ਭਗਤੜੋ', 'ਭਗਤੜੋ' ਦੀਆਂ ਅਵਾਜ਼ਾਂ ਪੈਂਦੀਆਂ, ਇਕੱਲੀ ਬੈਠੀ ਕਿਸੇ ਕਮਰੇ ਵਿਚ ਉਹ ਕੰਨਾਂ ਵਿਚ ਉਂਗਲੀਆਂ ਦੇ ਲੈਂਦੀ। ਪਰ ਉਹਦਾ ਨਾਂ 'ਭਗਤੜੋ' ਸੀ। ਲੋਕੀ ਉਹਦੇ ਨਾਂ ਨਾਲ ਉਹਨੂੰ ਨਾ ਬੁਲਾਂਦੇ ਤੇ ਹੋਰ ਕਿਵੇਂ ਬੁਲਾਂਦੇ?

ਲੋਕੀ ਸੱਚੇ ਸਨ। ਸਾਰੇ ਸੱਚੇ ਸਨ ਤੇ ਉਹ ਝੂਠੀ ਸੀ। ਇਕੱਲੀ ਬੈਠੀ ਕਦੀ ਉਹਦਾ ਜੀਅ ਕਰਦਾ ਉਹ ਆਪਣੇ ਵਾਲ ਪੁਟ ਲਵੇ। ਛਮ ਛਮ ਅਥਰੂ ਉਹਦੀਆਂ ਅੱਖੀਆਂ ਵਿਚੋਂ ਕਦੀ ਆਪ-ਮੁਹਾਰੇ ਵਗਦੇ ਰਹਿੰਦੇ, ਵਗਦੇ ਰਹਿੰਦੇ।

ਤੇ ਕਦੀ ਆਪਣੇ ਮਨ ਨੂੰ ਉਹ ਸਮਝਾਂਦੀ, ਆਖ਼ਰ ਲੋਕਾਂ ਦਾ ਕਸੂਰ ਵੀ ਕੀ ਸੀ? ਫੇਰ ਉਹ ਸੋਚਦੀ, ਖ਼ਬਰੇ 'ਭਗਤੜੋ' ਨਾਂ ਚੰਗਾ ਹੀ ਹੋਵੇ, ਇਹਨੂੰ ਉਂਝ ਹੀ ਚਿੜ ਹੋ ਗਈ ਸੀ ਸ਼ਾਇਦ ਇਸ ਨਾਂ ਨਾਲ। ਲੋਕਾਂ ਨੂੰ ਤਾਂ ਬੁਰਾ ਨਹੀਂ ਸੀ ਲਗਦਾ। ਉਸਦੀ ਮਾਂ ਨੂੰ ਨਹੀਂ ਸੀ ਬੁਰਾ ਲਗਦਾ, ਜਿਸਨੇ ਉਹਨੂੰ ਆਪਣੀ ਕੁਖੋਂ ਕਢਿਆ ਸੀ। ਉਹਦੇ ਨਾਲ ਜਾਏ ਵੀਰਾਂ ਨੂੰ ਨਹੀਂ ਸੀ ਬੁਰਾ ਲਗਦਾ। ਤੇ ਫਿਰ ਭਾਵੇਂ ਇਸ ਨਾਂ ਵਿਚ ਕੋਈ ਬੁਰਾਈ ਹੋਵੇ ਹੀ ਨਾ। ਖ਼ਬਰੇ ਇਹ ਨਾਂ ਚੰਗਾ ਹੀ ਹੋਵੇ। ਪਰ ਉਸ ਨੂੰ ਇਹ ਨਾਂ ਕਿਉਂ ਇਤਨਾ ਭੈੜਾ ਲਗਦਾ ਸੀ? ਉਹਨੂੰ ਕੁਝ ਸਮਝ ਨ ਆਂਦੀ।

ਫੇਰ ਉਹਦੇ ਵਿਆਹ ਦੀ ਤਰੀਕ ਨੇੜੇ ਆ ਗਈ। ਉਹ ਸੋਚਦੀ ਖ਼ਬਰੇ ਉਹਦਾ ਖ਼ਾਵੰਦ ਉਸਨੂੰ ਕਿਸੇ ਹੋਰ ਨਾਂ ਨਾਲ ਬੁਲਾਵੇ। ਕਈਆਂ ਕੁੜੀਆਂ ਦੇ ਸੌਹਰੇ ਘਰ ਜਾ ਕੇ ਨਾਂ ਬਦਲਾ ਦਿਤੇ ਜਾਂਦੇ ਹਨ। ਤੇ ਫੇਰ ਇਸ ਨਵੀਂ ਆਸ ਤੇ ਉਹ ਜੀਣ ਲਗ ਪਈ।

ਤੇ ਫੇਰ ਉਹਦਾ ਵਿਆਹ ਹੋ ਗਿਆ, ਨਾਲ ਦੇ ਪਿੰਡ ਇਕ ਬਾਣੀਏ ਨਾਲ। ਲਾਲਾ ਹੋਰੀਂ ਸਾਰਾ ਸਾਰਾ ਦਿਨ ਆਪਣੇ ਦਾਲ ਦੇ ਭਾਵਾਂ ਵਿਚ ਡੁਬੇ ਰਹਿੰਦੇ। ਉਧਰੋਂ ਡੋਲੀ ਘਰ ਪਹੁੰਚੀ, ਉਧਰੋਂ ਦੁਕਾਨ ਤੇ ਉਹਨਾਂ ਦੀ ਲੋੜ ਪੈ ਗਈ। ਦੁਪਹਿਰ ਦੇ ਗਏ ਫੇਰ ਉਹ ਰਾਤੀਂ ਮੁੜੇ। ਤੇ ਉਹ ਦਿਨ ਤੇ ਅਜ, ਕਦੀ ਦਿਨੇ ਉਨ੍ਹਾਂ ਦਾ ਮੂੰਹ ਨਹੀਂ ਸੀ ਕਿਸੇ ਵੇਖਿਆ। ਸਵੇਰੇ ਸਰਘੀ ਵੇਲੇ ਘਰੋਂ ਚਲੇ ਜਾਂਦੇ, ਰਾਤੀਂ ਸੋਤਾ ਪਿਆਂ ਮੁੜ ਕੇ ਆਂਦੇ। ਉਨ੍ਹਾਂ ਦੀ ਰੋਟੀ ਵੀ ਹਟੀ ਤੇ ਹੀ ਜਾਂਦੀ ਸੀ।

ਕਦੀ ਬੁਲਾਣਾ ਪੈਂਦਾ ਤੇ ਲਾਲਾ ਜੀ ਉਹਨੂੰ 'ਭਗਤੜੇ' ਕਹਿਕੇ ਬੁਲਾਂਦੇ। ਉਹਦੀ ਸੱਸ ਉਹਨੂੰ 'ਭਗਤੜੇ' ਕਹਿਕੇ ਬੁਲਾਂਦੀ। ਉਹਦਾ ਸੌਹਰਾ ਉਹਨੂੰ 'ਭਗਤੜੇ' ਕਹਿਕੇ ਬੁਲਾਂਦਾ। ਉਹਦੇ ਦੇਉਰ, ਜੇਠ, ਮਹੱਲੇ ਵਾਲੇ ਸਾਰੇ ਜਿਹੜਾ ਵੀ ਕਦੀ ਸਦਦਾ ਉਹਨੂੰ 'ਭਗਤੜੇ' ਕਹਿਕੇ ਹੀ ਸਦਦਾ।

ਤੇ ਹਰ ਵੇਲੇ ਉਹਦੇ ਮੂੰਹ ਦਾ ਸਵਾਦ ਕੌੜਾ ਕੌੜਾ, ਕਸੈਲਾ ਕਸੈਲਾ ਜਿਵੇਂ ਰਹਿੰਦਾ।

ਤੇ ਫੇਰ ਭਗਤੜੇ ਮਾਂ ਬਣਨੀ ਸ਼ੁਰੂ ਹੋ ਪਈ। ਇਕ ਬੱਚੇ ਦੀ ਮਾਂ, ਦੂਜੇ ਬੱਚੇ ਦੀ ਮਾਂ, ਤੀਜੇ ਬੱਚੇ ਦੀ ਮਾਂ, ਚੌਥੇ ਬੱਚੇ ਦੀ ਮਾਂ।

ਭਗਤੜੇ ਦੇ ਬੱਚੇ ਵਡੇ ਹੋਏ ਤੇ ਉਹ ਵੀ ਉਹਨੂੰ 'ਭਗਤੜੇ' ਹੀ ਕਹਿਕੇ ਸਦਦੇ। ਉਨ੍ਹਾਂ ਨੂੰ ਮੁੜ ਮੁੜ ਉਹ ਸਮਝਾਂਦੀ। ਪਰ ਉਨ੍ਹਾਂ ਨੂੰ ਜਿਵੇਂ ਉਹਦੇ ਦਿਲ ਦੀ ਗੱਲ ਸਮਝ ਨਾ ਆਂਦੀ। ਇਕ ਵਾਰ ਉਸਦੇ ਸਭ ਤੋਂ ਵਡੇ ਬੱਚੇ ਨੇ ਉਹਨੂੰ 'ਭਗਤੜੇ' ਕਹਿਕੇ ਸੱਦਿਆ ਤੇ ਉਸਨੇ ਕਸਕੇ ਇਕ ਚੁਪੇੜ ਉਹਦੇ ਮੂੰਹ ਤੇ ਕਢ ਮਾਰੀ। ਬੱਚਾ ਚਿਚਲਾ ਉਠਿਆ ਤੇ ਮਾਂ ਨੂੰ ਆਪਣੇ-ਆਪ ਤੇ

ਡਾਢੀ ਸ਼ਰਮ ਆਈ। ਸਾਰਾ ਦਿਨ ਉਸਨੇ ਪਾਣੀ ਦਾ ਘੁਟ ਨਾ ਪੀਤਾ, ਇਕ ਬੁਰਕੀ ਉਹਦੇ ਸੰਘ ਹੇਠ ਨਾ ਜਾ ਸਕੀ।

ਤੇ ਫੇਰ ਉਸਨੂੰ ਜਿਵੇਂ ਭੁਲ ਹੀ ਗਿਆ ਕਿ ਉਹਦਾ ਨਾਂ 'ਭਗੜੋ' ਸੀ, ਤੇ 'ਭਗੜੋ' ਨਾਂ ਉਸਨੂੰ ਦੇਗਾ ਨਹੀਂ ਸੀ ਲਗਦਾ। ਫੇਰ ਜਦੋਂ ਉਸਨੂੰ ਕੋਈ 'ਭਗੜੋ' ਕਹਿਕੇ ਸਦਦਾ ਤੇ ਉਹਦੀਆਂ ਅਖਾਂ ਅਗੇ ਕਿਸੇ ਬੁਢੀ ਕਾਢਾਂ ਦੀ ਸ਼ਕਲ ਨਾ ਆ ਆ ਜਾਂਦੀ।

ਕੋਈ ਵਕਤ ਸੀ ਜਦੋਂ ਉਹ ਸੋਚਦੀ 'ਭਗੜੋ' ਨਾਂ ਤੇ ਹੋਣਾ ਚਾਹੀਦਾ ਏ ਇਕ ਝਰੀਠ ਬੁਢੀ ਔਰਤ ਦਾ ਜਿਹੜੀ ਸਾਰੀ ਉਮਰ ਖਾ ਖਾ ਕੇ ਮੋਟੀ ਹੋ ਗਈ ਹੋਵੇ, ਜਿਹਦੀਆਂ ਅਖਾਂ ਚਿਪ ਚਿਪੀਆਂ ਹੋਣ, ਜਿਹਦੇ ਮੂੰਹ ਵਿਚੋਂ ਰਾਲਾਂ ਵਗਦੀਆਂ ਰਹਿਣ ਆਪ-ਮੁਹਾਰੀਆਂ, ਭਿਣ ਭਿਣ ਮਖੀਆਂ ਜਿਹਦੇ ਇਰਦ ਗਿਰਦ ਚਿਮਟੀਆਂ ਰਹਿਣ, ਜਿਹੜੀ ਜਿਥੇ ਬੈਠੇ ਮੁੜ ਉਸ ਤੋਂ ਉਥੋਂ ਉਠਿਆ ਨਾ ਜਾਏ।

ਬੱਚੇ ਜੰਮਦੀ, ਬੱਚੇ ਪਾਲਦੀ, ਆਪਣਾ ਘਰ ਸਾਂਭਦੀ, ਹੁਣ ਤੇ 'ਭਗੜੋ' ਬੁਢੀ ਹੋਣ ਵਾਲੀ ਸੀ। ਸਾਰੀ ਉਮਰ 'ਭਗੜੋ, ਭਗੜੋ' ਸਦਵਾਂਦੀ ਉਸਨੂੰ ਇਸ ਨਾਂ ਤੋਂ ਜਿਹੜੀ ਚਿੜ ਆਂਦੀ ਸੀ ਉਹ ਲਥਦੀ ਗਈ, ਵਿਸਰਦੀ ਗਈ। ਹੁਣ ਤੇ ਉਹ ਦਿਲ ਹੀ ਦਿਲ ਵਿਚ ਮਹਿਸੂਸ ਕਰਦੀ ਸ਼ਾਇਦ ਇਹ ਨਾਂ ਉਸ ਨਾਲ ਢੁਕਦਾ ਹੀ ਜਾ ਰਿਹਾ ਸੀ।

'ਭਗੜੋ', ਉਪਰ-ਤਲੀ ਕਿਤਨੇ ਹੀ ਬੱਚਿਆਂ ਦੀ ਮਾਂ! 'ਭਗੜੋ', ਲਾਲਾ ਘਨੀ ਸ਼ਾਮ ਦੀ ਤ੍ਰੀਮਤ ਜਿਸ ਦੀ ਆਟੇ ਦਾਲ ਦੀ ਸਭ ਤੋਂ ਵਡੀ ਪਿੰਡ ਵਿਚ ਦੁਕਾਨ ਸੀ ਤੇ ਹੁਣ ਜਿਸ ਨੇ ਖਲ, ਵੜੇਵੇਂ, ਦਾਣਾ, ਚਾਰਾ ਤੇ ਭੂਸੇ ਦਾ ਵਪਾਰ ਵੀ ਸ਼ੁਰੂ ਕਰ ਦਿਤਾ ਸੀ! 'ਭਗੜੋ', ਮਝਾਂ ਗਾਵਾਂ ਹਵੇਲੀਆਂ ਕੋਠਿਆਂ

ਦੀ ਮਾਲਕ !

ਤੇ ਇੰਝ ਜ਼ਿੰਦਗੀ ਸਾਰੀ ਉਮਰ ਖਹਿਸਰਦੀ, ਸਾਰੀ ਉਮਰ ਖਹਿਬੜਦੀ, ਸਾਰੀ ਉਮਰ ਝੁੰਝਲਾਂਦੀ ਹੁਣ ਰਵਾਂ-ਰਵੀਂ ਤੁਰ ਪਈ, ਖੁਸ਼-ਖੁਸ਼ੀਆਂ, ਹਸੂੰ ਹਸੂੰ ਦਿਨ ਲੰਘਣ ਲਗ ਪਏ।

ਇਕ ਦਿਨ ਇੰਝ ਹੀ ਕਿਸੇ ਕੰਮ ਆਪਣੀ ਗਲੀ ਵਿਚ ਉਹ ਖਲੋਤੀ ਸੀ ਕਿ ਪਿੰਡ ਦਾ ਡਾਕੀਆ ਡਾਕ ਲੈ ਕੇ ਆਇਆ।

"ਲਾਲੀ! ਲੈ ਤੁਹਾਡੀ ਚਿਠੀ ਏ," ਪਿਛਲੇ ਪਾਸਿਉਂ ਆਂਦੇ ਹੋਏ ਉਹਨੂੰ ਉਸ ਕਿਹਾ।

ਤੇ 'ਭਗੜੋ' ਦਾ ਜਿਵੇਂ ਤ੍ਰਾਹ ਨਿਕਲ ਗਿਆ। ਹਵਾ ਦਾ ਇਕ ਠੰਡਾ ਬੁਲ੍ਹਾ ਜਿਵੇਂ ਆਇਆ ਹੋਵੇ, ਜਿਵੇਂ ਕਿਸੇ ਅਤਿ ਸੁਰੀਲੇ ਨਗ਼ਮੇ ਦੇ ਕੋਈ ਸੁਰ ਉਹਦੇ ਕੰਨਾਂ ਵਿੱਚ ਗੂੰਜ ਪਏ ਹੋਣ, ਜਿਵੇਂ ਤਾਰੇ ਮੁਸਕ੍ਰਾ ਪਏ ਹੋਣ, ਚੰਨ ਖਿੜ ਖਿੜ ਹਸ ਪਿਆ ਹੋਵੇ।

ਡਾਕੀਆ ਚਿਠੀ ਦੇ ਕੇ ਚਲਾ ਗਿਆ ਪਰ ਉਹ ਇਕ ਨਸ਼ੇ ਵਿਚ ਗਰੂੰਦ ਉਂਝ ਦੀ ਉਂਝ ਗਲੀ ਵਿੱਚ ਖਲੋਤੀ ਰਹੀ, ਸਵਾਦ ਸਵਾਦ, ਹੌਲੀ ਫੁਲ, ਜਿਵੇਂ ਝਰਨਾਟਾਂ ਉਹਦੇ ਬੰਦ ਬੰਦ ਵਿੱਚ ਛਿੜ ਪਈਆਂ ਹੋਣ। ਇਕ ਹੁਲਾਰ, ਇਕ ਸਰੂਰ, ਇਕ ਤਬੱਸਮ ਉਹਦੇ ਮੁਖੜੇ ਤੇ ਖੇਡ ਰਿਹਾ ਸੀ।

"ਲਾਲੀ!" ਉਹ ਸੋਚਦੀ ਤੇ ਉਹਨੂੰ ਇੰਝ ਲਗਦਾ ਜਿਵੇਂ ਉਸਨੂੰ ਚਿਰ-ਵਿਛੁੰਨੀ ਕੋਈ ਚੀਜ਼ ਮਿਲ ਪਈ ਹੋਵੇ। "ਲਾਲੀ!" ਡਾਕੀਏ ਉਹਨੂੰ ਕਿਹਾ ਸੀ ਤੇ ਉਹਨੂੰ ਇੰਝ ਲਗਿਆ ਜਿਵੇਂ ਉਮਰ ਭਰ ਦੀ ਸਾਰੀ ਮੈਲ ਉਸ ਤੋਂ ਲਹਿ ਗਈ ਹੋਵੇ, ਜਿਵੇਂ ਉਹ

ਨਹਾਤੀ-ਨਹਾਤੀ, ਹੌਲੀ ਫੁਲ ਹੋ ਗਈ ਹੋਵੇ। "ਲਾਲੀ!" ਉਹ ਸੋਚਦੀ ਤੇ ਉਹਨੂੰ ਇੰਝ ਮਹਿਸੂਸ ਹੁੰਦਾ ਉਹਦ ਮੂੰਹ ਵਿੱਚ ਮਿੱਠਾ ਮਾਖਿਉਂ ਜਿਵੇਂ ਘੁਲ ਰਿਹਾ ਹੋਵੇ।

ਘਰ ਜਾਕੇ ਆਪਣੇ-ਆਪ ਨੂੰ ਸ਼ੀਸ਼ੇ ਵਿੱਚ ਉਸ ਵੇਖਿਆ, ਉਹਨੂੰ ਇੰਝ ਪਰਤੀਤ ਹੋਇਆ ਜਿਵੇਂ ਮੁੜ ਉਹ ਜਵਾਨ ਹੋ ਗਈ ਹੋਵੇ। "ਲਾਲੀ!" ਨਾਂ ਕਿਤਨਾ ਉਸਨੂੰ ਢੁਕਦਾ ਸੀ! ਕਿਤਨਾ ਉਹਨੂੰ ਫਬਦਾ ਸੀ! ਉਹਦਾ ਗੋਰਾ ਗੋਰਾ ਰੰਗ, ਉਹ-ਦੀਆਂ ਲਾਲ ਲਾਲ ਗਲ੍ਹਾਂ, ਉਹਦੇ ਕਾਲੇ ਨੈਨ, ਤਿਖਾ ਨੱਕ। 'ਲਾਲੀ' ਹੀ ਤੇ ਨਾਂ ਹੋਣਾ ਚਾਹੀਦਾ ਸੀ ਉਹਦਾ। ਤੇ ਸਾਰੀ ਉਮਰ ਉਸ ਕਟ ਲਈ ਤੇ ਕਿਸੇ ਨੂੰ ਨਹੀਂ ਇਹ ਨਾਂ ਸੁਝਿਆ ਸੀ।

ਤੇ ਉਹਨੂੰ ਸਾਰੀ ਦੁਨੀਆਂ ਚੰਗੀ ਲਗਣ ਲੱਗ ਪਈ। "ਲਾਲੀ", ਡਾਕੀਏ ਦੀ ਆਵਾਜ਼ ਦਾ ਉਹ ਖ਼ਿਆਲ ਕਰਦੀ ਤੇ ਉਹਦੇ ਜੀਵਨ ਵਿੱਚ ਜਿਵੇਂ ਅਤਿ ਪਿਆਰੇ ਰੰਗ ਘੁਲ ਘੁਲ ਜਾਂਦੇ।

ਤੇ ਉਹਨੂੰ ਆਪਣੇ ਬੱਚੇ ਚੰਗੇ ਲਗਦੇ, ਆਪਣਾ ਖ਼ਾਵੰਦ ਚੰਗਾ ਲਗਦਾ, ਆਪਣੇ ਗੁਆਂਢੀ ਚੰਗੇ ਲਗਦੇ, ਮਹੱਲੇਦਾਰ ਚੰਗੇ ਲਗਦੇ, ਸੰਗ-ਸਾਕ ਚੰਗੇ ਲਗਦੇ, ਆਏ-ਗਏ ਚੰਗੇ ਲਗਦੇ। ਸਭ ਨੂੰ ਉਹ 'ਜੀ, ਜੀ' ਪਈ ਕਰਦੀ। ਤੇ ਜਿਹੜਾ ਉਸਨੂੰ 'ਭਗੜੇ' ਕਹਿਕੇ ਸਦਦਾ, 'ਭਗੜੇ' ਸ਼ਬਦ ਵਿਚ ਡਾਕੀਏ ਦੀ ਆਵਾਜ਼, ਉਸਨੂੰ 'ਲਾਲੀ' ਕਹਿਕੇ ਬੁਲਾਂਦੀ, ਹਮੇਸ਼ ਉਹਨੂੰ ਸੁਣਾਈ ਦਿੰਦੀ।

ਇਕ ਵਾਰ ਚਿਠੀ ਆਈ ਤੇ ਮੁੜ ਉਨ੍ਹਾਂ ਦੀ ਕਦੀ ਚਿਠੀ ਹੀ ਨਾ ਆਂਦੀ। 'ਭਗੜੇ' ਉਡੀਕ ਉਡੀਕ ਤੇ ਥਕ

ਲਬੀ। ਉਸ ਕਈ ਚਿਠੀਆਂ ਆਪਣੇ ਰਿਸ਼ਤੇਦਾਰਾਂ ਨੂੰ ਲਿਖੀਆਂ ਪਰ ਕਿਸੇ ਨੇ ਵੀ ਉਹਨੂੰ ਜਵਾਬ ਨਾ ਦਿੱਤਾ।

ਤੇ ਫੇਰ ਭਗੜੋ ਉਂਝ ਹੀ ਗਲੀ ਵਿੱਚ ਜਾ ਖਲੋਂਦੀ, ਜਦੋਂ ਡਾਕੀਏ ਦੇ ਆਣ ਦਾ ਵੇਲਾ ਹੁੰਦਾ ਘਰੋਂ ਬਾਹਰ ਟਹਿਲਣ ਲਗ ਜਾਂਦੀ। ਪਰ ਕਈ ਦਿਨ ਗੁਜ਼ਰ ਗਏ ਮੁੜ ਡਾਕੀਏ ਨੇ ਉਧਰ ਫੇਰਾ ਨਾ ਪਾਇਆ।

ਉਹ ਸੋਚਦੀ—ਕਾਸ਼! ਜਦੋਂ ਡਾਕੀਏ ਨੇ ਉਹਨੂੰ 'ਲਾਲੀ' ਕਹਿਕੇ ਬੁਲਾਇਆ ਸੀ ਕੋਈ ਹੋਰ ਸੁਣ ਰਿਹਾ ਹੁੰਦਾ ਤੇ ਫੇਰ ਉਹ ਉਹਨੂੰ 'ਲਾਲੀ' ਕਹਿਕੇ ਬੁਲਾਂਦਾ। ਉਸਨੂੰ ਸੁਣ ਕੇ ਹੋਰ ਕੋਈ 'ਲਾਲੀ' ਉਸਨੂੰ ਕਹਿੰਦਾ ਤੇ ਫੇਰ ਖ਼ਬਰੇ ਇਹ ਨਾਂ ਹੀ ਉਹਦਾ ਪ੍ਰਚੱਲਤ ਹੋ ਜਾਂਦਾ। ਤੇ ਇਸ ਖ਼ਿਆਲ ਦੇ ਆਂਦਿਆਂ ਉਹ ਇਕ ਉਨਮਾਦ ਵਿਚ ਗਰੂੰਦ ਹੋ ਜਾਂਦੀ।

ਇੰਝ ਕਈ ਹਫ਼ਤੇ ਗੁਜ਼ਰ ਗਏ। ਕਈ ਮਹੀਨੇ ਲੰਘ ਗਏ। ਤੇ ਉਹਨੂੰ ਇੰਝ ਲਗਦਾ ਜਿਵੇਂ ਉਹਦਾਂ ਨਸ਼ਾ ਲਥ ਰਿਹਾ ਹੋਵੇ, ਜਿਵੇਂ ਉਹਦਾ ਸਵਾਦ ਘਟ ਰਿਹਾ ਹੋਵੇ, ਜਿਵੇਂ ਮੁੜ ਉਹਦੇ ਧੋਤੇ-ਧਾਤੇ ਮਨ ਤੇ ਮੈਲ ਜੰਮ ਰਹੀ ਹੋਵੇ, ਜਿਵੇਂ ਮੁੜ ਉਹਦੇ ਹੰਗਾਅ ਸਿਥੱਲ ਪੈ ਰਹੇ ਹੋਣ।

ਤੇ ਇੰਝ ਇਕ ਰੋਜ਼ ਜਦੋਂ ਉਹ ਸਵੇਰੇ ਸਵੇਰੇ ਮੰਦਰ ਤੋਂ ਪੂਜਾ ਕਰਕੇ ਮੁੜ ਰਹੀ ਸੀ ਅਚਾਨਕ ਕੋਲੋਂ ਲੰਘਦੇ ਡਾਕੀਏ ਨੇ ਕਿਹਾ, "ਲਾਲੀ, ਸਲਾਮ ਏ।"

ਉਹ ਉਹਦੀ ਪਿਠ ਵਲ ਵੇਖਦੀ ਰਹੀ ਤੇ ਉਹ ਤਾਵਲਾ ਤਾਵਲਾ ਨਿਕਲ ਗਿਆ।

'ਲਾਲੀ!' ਜਿਵੇਂ ਕੋਈ ਫੁਲ ਖਿੜ ਜਾਂਦਾ ਹੈ। 'ਲਾਲੀ!' ਜਿਵੇਂ ਠੰਡਾ-ਠਾਰ ਬਰਖਾ ਦਾ ਛਾਂਟਾ ਕੋਈ ਪੈਂਦਾ ਹੈ।

'ਲਾਲੀ !' ਜਿਵੇਂ ਕਿਸੇ ਮਿੱਟੀ ਘੱਟੇ ਨਾਲ ਲਿਬੜੇ ਹੋਏ ਸ਼ਰੀਰ ਨੂੰ ਉਮਲ੍ਹਦੇ ਹੋਏ ਚਸ਼ਮੇਂ ਵਿਚ ਡਬੋ ਕੇ ਸਰਸ਼ਾਰ ਕਰ ਦਿਤਾ ਜਾਏ।

ਭਗੜੋ ਨੂੰ ਫੇਰ ਇਕ ਨਸ਼ਾ ਨਸ਼ਾ, ਇਕ ਸ਼ਵਾਦ ਸ਼ਵਾਦ, ਇਕ ਹੁਲਾਰ ਹੁਲਾਰ ਚੜ੍ਹਿਆ ਰਹਿੰਦਾ।

ਉਸ ਸਾਲ ਉਸਨੇ ਇਕ ਬੱਚਾ ਜਣਿਆ। ਇਹ ਬੱਚਾ ਜਣਕੇ ਇਕ ਹੋਰ ਬੱਚੇ ਦੀ ਆਸ ਉਸਨੂੰ ਲਗ ਪਈ। ਲਾਲਾ ਘਨੀਸ਼ਾਮ ਦਾਸ ਦੀ ਤ੍ਰੀਮਤ, ਉਨ੍ਹਾਂ ਦੇ ਘਰ ਵਿੱਚ ਲਹਿਰ ਬਹਿਰ ਸੀ, ਉਥਲ ਉਥਲ ਸੀ, ਉਸਨੂੰ ਕੀ ਫਰਕ ਪੈਂਦਾ ਸੀ ਭਾਵੇਂ ਕਿਤਨੇ ਬੱਚੇ ਹੋਰ ਉਹ ਜੰਮ ਲੈਂਦੀ।

ਭਗੜੋ ਨੂੰ ਹਰ ਕੋਈ ਚੰਗਾ ਲਗਦਾ। ਆਪਣਾ ਖ਼ਾਵੰਦ ਚੰਗਾ ਲਗਦਾ—ਲਾਲਾ ਘਨੀਸ਼ਾਮ ਦਾਸ – ਉਸ ਕਰਕੇ ਹੀ ਤੇ ਡਾਕੀਆ ਉਸਨੂੰ 'ਲਾਲੀ' ਕਹਿਕੇ ਸਦਦਾ ਸੀ। ਉਸਨੂੰ ਆਪਣਾ ਖ਼ਾਵੰਦ ਡਾਢਾ ਚੰਗਾ ਲਗਦਾ !

ਭਗੜੋ ਚਾਈਂ ਚਾਈਂ, ਖ਼ੁਸ਼ ਖ਼ੁਸ਼ੀਆਂ, ਹਸਦੀ-ਖੇਡਦੀ ਮੁੜ ਮੌਜ ਵਿੱਚ ਰਹਿਣ ਲਗ ਪਈ।

ਤੇ ਇੰਵ ਕਈ ਹਫ਼ਤੇ, ਕਈ ਮਹੀਨੇ ਹੋਰ ਲੰਘ ਗਏ। ਉਹ ਮੰਦਰ ਜਾਂਦੀ, ਖੂਹ ਤੇ ਜਾਂਦੀ, ਨਦੀ ਵਲ ਜਾਂਦੀ, ਸਕੂਲ ਵਾਲੇ ਪਾਸੇ ਚਕਰ ਮਾਰ ਆਂਦੀ, ਗਲੀ ਵਿਚ ਬੈਠੀ ਰਹਿੰਦੀ, ਪਰ ਇਕ ਵਾਰ ਫੇਰ ਮਿਲਿਆ ਡਾਕੀਆ ਤੇ ਮੁੜ ਉਨ੍ਹਾਂ ਦਾ ਕਦੀ ਮਿਲਾਪ ਨਾ ਹੋ ਸਕਿਆ।

ਕਈ ਮਹੀਨੇ ਲੰਘ ਗਏ, ਤੇ ਮੁੜ 'ਭਗੜੋ' 'ਭਗੜੋ' ਸੁਣਕੇ ਉਹਦੇ ਮੂੰਹ ਦਾ ਸਵਾਦ ਬੁਰਾ ਬੁਰਾ ਰਹਿਣ ਲਗ ਪਿਆ।

ਤੇ ਫੇਰ ਇਕ ਦਿਨ ਉਸ ਸੁਣਿਆ ਡਾਕੀਏ ਦੀ ਉਸ ਪਿੰਡੋਂ ਬਦਲੀ ਹੋ ਗਈ ਸੀ ਤੇ ਉਸੇ ਸ਼ਾਮ ਉਥੋਂ ਉਹ ਜਾ ਰਿਹਾ ਸੀ। ਸੁਣਦਿਆਂ ਸਾਰ ਭਗੜੋ ਦੀਆਂ ਅਖਾਂ ਅਗੇ ਜਿਵੇਂ ਹਨੇਰਾ ਛਾ ਗਿਆ। ਜਿਵੇਂ ਕਿਸੇ ਉਸਤੋਂ ਉਹਦੀ ਸਾਰੀ ਜਾਇਦਾਦ ਖੋਹਕੇ ਉਹਨੂੰ ਕੰਗਾਲ ਕਰ ਦਿਤਾ ਹੋਵੇ, ਜਿਵੇਂ ਉਹਦੇ ਸੁਫਨੇ ਖੁਸ ਗਏ ਹੋਣ, ਉਹਦੀ ਮੰਜ਼ਲ ਲੁਟ ਗਈ ਹੋਵੇ।

ਤੇ ਅਜੇ ਦੁਪਹਿਰਾਂ ਸਨ ਕਿ ਉਹ ਕਲ-ਮੁਕੱਲੀ ਆਪਣੇ ਕੋਠੇ ਤੇ ਜਾ ਬੈਠੀ। ਸਾਹਮਣੇ ਸੜਕ ਸੀ। ਤੇ ਭਗੜੋ ਦੀਆਂ ਨਜ਼ਰਾਂ ਉਹਦੇ ਉਤੇ ਜੰਮੀਆਂ ਹੋਈਆਂ ਸਨ।

ਦੁਪਹਿਰ ਢਲਦੇ ਗਏ ਢਲਦੇ ਗਏ। ਤੇ ਫੇਰ ਸ਼ਾਮਾਂ ਪੈ ਗਈਆਂ। ਤੇ ਫੇਰ ਭਗੜੋ ਨੇ ਵੇਖਿਆ ਇਕ ਹਥ ਵਿਚ ਟਰੰਕੀ ਫੜੀ, ਦੂਜੇ ਨਾਲ ਮੋਢੇ ਤੇ ਗੰਢੜੀ ਮਾਰੀ ਡਾਕੀਆ ਜਾ ਰਿਹਾ ਸੀ। ਤੇਜ਼ ਤੇਜ਼ ਕਦਮ, ਉਹ ਸ਼ਾਮੂ ਵਾਲੀ ਢਕੀ ਚੜ੍ਹ ਗਿਆ, ਜਰਾਹੀ ਵਾਲਾ ਪੁਲ ਲੰਘ ਗਿਆ ਤੇ ਫਿਰ ਦੂਰ ਬਹੁਤ ਦੂਰ ਕਿਕਰੀਆਂ ਦੇ ਝੁੰਡ ਵਿਚ ਉਹਦੀ ਦੁਧ ਚਿੱਟੀ ਚਾਦਰ ਵਿਚ ਬਧੀ ਗੰਢੜੀ ਦਿਸਣੀ ਬੰਦ ਹੋ ਗਈ।

ਤੂਕਾਲਾਂ ਪੈ ਗਈਆਂ ਸਨ ਜਦੋਂ ਹੇਠ ਵਿਹੜੇ ਵਿਚ ਭਗੜੋ ਆਈ। ਲਖ ਕੰਮ ਉਹਦੀ ਉਡੀਕ ਜਿਵੇਂ ਕਰ ਰਹੇ ਸਨ। ਤੇ ਫੇਰ ਘਰ ਦੇ ਖਲਜਗਣ ਵਿਚ ਉਹ ਖੋਹ ਗਈ। ਬੱਚਿਆਂ ਦੇ ਕੰਮ, ਬਚਿਆਂ ਦੇ ਪਿਉ ਦੇ ਕੰਮ, ਮਝਾਂ ਗਾਵਾਂ ਦੇ ਕੰਮ, ਆਂਢੀਆਂ-ਗੁਆਂਢੀ ਵਲ ਜ਼ਿਮੇਂਵਾਰੀਆਂ, ਸਾਕ-ਸਬੰਧੀਆਂ ਦੀਆਂ ਮਜਬੂਰੀਆਂ, ਮਜ਼ੂਬ ਦੀਆਂ ਮੰਗਾਂ। 'ਭਗੜੋ' ਸਵੇਰੇ ਉਠਦੀ ਰਾਤ ਪਏ ਤੀਕ ਮਿੱਟੀ ਨਾਲ ਮਿੱਟੀ

ਹੁੰਦੀ ਰਹਿੰਦੀ।

ਭਗੜੋ ਪੁੱਤਰਾਂ ਧੀਆਂ ਵਾਲੀ ਹੋ ਗਈ। ਬਾਗ਼-ਪਰਵਾਰ ਵਾਲੀ ਹੋ ਗਈ, ਉਹਦੇ ਸਿਰ ਦੇ ਵਾਲ ਸਾਰੇ ਚਿੱਟੇ ਹੋ ਗਏ, ਉਹਦੇ ਮੂੰਹ ਤੇ ਝੁਰੜੀਆਂ ਆਣ ਲਗੀਆਂ ਪਰ ਉਸਨੂੰ ਆਪਣਾ ਨਾਂ ਡਾਢਾ ਭੈੜਾ ਲਗਦਾ ਸੀ। ਜਦੋਂ ਉਸਨੂੰ ਕੋਈ ਉਸਦੇ ਨਾਂ ਤੋਂ ਬੁਲਾਂਦਾ, ਉਸ ਨੂੰ ਉਹ ਡਾਕੀਆ ਯਾਦ ਆਂਦਾ। ਤੇ ਉਹਦੀ ਯਾਦ ਕਰਕੇ ਕਿਤਨਾ ਕਿਤਨਾ ਚਿਰ ਉਹ ਇਕ ਨਸ਼ੇ ਵਿਚ ਮਖ਼ਮੂਰ ਮੂਧੀ ਪਈ ਰਹਿੰਦੀ।

ਤੇ ਜਦੋਂ ਬਹੁਤ ਉਦਾਸ ਹੁੰਦੀ, ਜਦੋਂ ਉਸ ਨੂੰ ਆਪਣਾ 'ਭਗੜੋ' 'ਭਗੜੋ' ਪੁਕਾਰ ਰਿਹਾ ਲਾਂਭ-ਚਾਂਭ ਬਹੁਤ ਭੈੜਾ ਭੈੜਾ ਲਗਦਾ, ਕਲ-ਮੁਕਲੀ ਉਹ ਕੋਠੇ ਤੇ ਜਾ ਬਹਿੰਦੀ। ਤੇ ਦੂਰ, ਬਹੁਤ ਦੂਰ ਸੜਕ ਤੇ ਜਿਥੇ ਉਹਨੂੰ 'ਲਾਲੀ' ਕਹਿਣ ਵਾਲੇ ਡਾਕੀਏ ਦੀ ਦੁਧ ਚਿਟੀ ਚਾਦਰ ਵਿਚ ਵਲ੍ਹੇਟੀ ਗੀਢੜੀ ਅਲੋਪ ਹੋਈ ਸੀ ਉਹ ਵੇਖਦੀ ਰਹਿੰਦੀ ਵੇਖਦੀ ਰਹਿੰਦੀ। ਤੇ ਤ੍ਰਿਪ-ਤ੍ਰਿਪ ਉਹਦੀਆਂ ਅਖਾਂ ਵਿਚੋਂ ਅਥਰੂ ਕਿਰਦੇ ਰਹਿੰਦੇ। ਕਦੀ ਕਦੀ ਇੰਝ ਸੜਕ ਨੂੰ ਵੇਖਦੀ ਉਹਦੇ ਮੂੰਹ ਵਿਚੋਂ ਆਪ ਹੀ ਆਪ ਜਿਵੇਂ ਨਿਕਲ ਜਾਂਦਾ, "ਪਰਦੇਸੀ!"

— —

ਮਾਵੀਂ ਰਾਮ ਪਿਆਰੀ

ਆਖ਼ਰ ਮੈਂ ਸੋਚਿਆ ਮਾਵੀਂ ਰਾਮ ਪਿਆਰੀ ਦਾ ਗਿਲਾ ਧੋ ਛੱਡਾਂ।

ਤੇ ਉਸਦੀ ਡਿਉਢੀ ਵਿਚ ਕਦਮ ਰਖਦੇ ਹੋਏ ਤੇਰ੍ਹਾਂ ਸਾਲ ਦੇ ਉਹਦੇ ਤਕਾਜ਼ੇ ਇਕ ਫ਼ਿਲਮ ਵਾਂਗ ਮੇਰੀਆਂ ਨਜ਼ਰਾਂ ਅਗੋਂ ਗੁਜ਼ਰ ਗਏ।

ਕੋਈ ਤੇਰ੍ਹਾਂ ਸਾਲ ਹੋਏ ਜਦੋਂ ਮੈਂ ਡਿਸਟ੍ਰਿਕਟ ਬੋਰਡ ਸਕੂਲ ਵਿਚ ਪੜ੍ਹਦਾ ਸਾਂ, ਮੈਨੂੰ ਯਾਦ ਹੈ, ਮਾਵੀਂ ਰਾਮ ਪਿਆਰੀ ਹਰ ਰੋਜ਼ ਮੈਨੂੰ ਕਲਾਵੇ ਮਾਰਦੀ, "ਹਾਏ ਵੇ ਪੁਤਰਾ ! ਤੁਘੀ ਬਲਾਇ। ਬਲਾਈ ਥਕਣੀਆਂ ਤੂੰ ਕਦੇ ਸਾਡ੍ਹੇ ਵਿਹੜੇ ਵਿਚ ਵੀ ਪੈਰ ਬਾਹੀ ਛੋੜ।" ਡਿਸਟ੍ਰਿਕਟ ਬੋਰਡ ਦਾ ਸਕੂਲ ਮਾਵੀਂ ਰਾਮ ਪਿਆਰੀ ਦੇ ਘਰ ਦੇ ਕੋਲ ਸੀ। ਤਕਰੀਬਨ ਹਰ ਰੋਜ਼, ਕਦੀ ਸਵੇਰੇ, ਕਦੀ ਦੁਪਹਿਰੀਂ, ਕਦੀ ਸ਼ਾਮੀਂ, ਮਾਵੀਂ ਰਾਮ ਪਿਆਰੀ

ਨਾਲ ਮੇਰਾ ਟਾਕਰਾ ਹੋ ਜਾਂਦਾ. ਤੇ ਹਰ ਰੋਜ਼ ਉਹ ਮੈਨੂੰ ਮੁੜ ਮੁੜ ਧਰੂਹਕਦੀ ਰਹਿੰਦੀ। ਕਦੀ ਮੈਨੂੰ ਸਜਰੇ ਕੱਟੇ ਹਦਵਾਣੇ ਦਾ ਲਾਲਚ ਦਿੰਦੀ, ਜਿਸਨੂੰ ਮਿਸਰੀ ਪਾ ਕੇ ਸਾਰੀ ਰਾਤ ਉਸਨੇ ਠੰਢਾ ਕੀਤਾ ਸੀ। ਕਦੀ ਮੈਨੂੰ ਛਛ ਦੇ ਲਪਟਾਂ ਛੱਡਦੇ ਖ਼ਰਬੂਜ਼ਿਆਂ ਦੇ ਚਿਤਰ ਖਿਚ ਖਿਚ ਵਖਾਂਦੀ। ਕਦੀ ਕਹਿੰਦੀ ਲਡੂ ਉਸ ਮੇਰੇ ਲਈ ਬਚਾ ਕੇ ਰਖੇ ਹੋਏ ਹਨ, ਕਦੀ ਬਰਫੀ, ਕਦੀ ਕਲਾਕੰਦ, ਕਦੀ ਖੋਇਆ, ਕਦੀ ਕੋਈ ਨਿਆਮਤ, ਕਦੀ ਕੋਈ ਸੁਗਾਤ।ਪਰ ਮੈਂ ਸਾਂ ਕਿ ਹਮੇਸ਼ ਟਾਲ ਜਾਂਦਾ। ਜੇ ਮਾਵੀਂ ਰਾਮ ਪਿਆਰੀ ਜ਼ਿਆਦਾ ਜ਼ੋਰ ਦਿੰਦੀ ਤਾਂ ਮੈਂ ਬਸੁਰਣ ਲਗ ਪੈਂਦਾ। ਤੇ ਉਹ "ਹਛਾ ਜਿੰਝ ਤੈਂਢੀ ਮਰਜ਼ੀ ਪੁੱਤਰਾ!" ਕਹਿ ਕੇ ਮੈਨੂੰ ਛੱਡ ਦਿੰਦੀ। ਤੇ ਮੈਂ ਬਾਂਹ ਛੁੜਾ ਕੇ ਔਹ-ਗਿਆ, ਔਹ-ਗਿਆ ਹੋ ਜਾਂਦਾ। ਸਕੂਲ ਦੇ ਜ਼ਮਾਨੇ ਵਿਚ ਦਿਨ ਤੇ ਸਕੂਲ ਵਿਚ ਕਟ ਜਾਂਦਾ ਸੀ। ਸਕੂਲ ਤੋਂ ਪਹਿਲੇ ਤੇ ਸਕੂਲ ਤੋਂ ਬਾਅਦ ਜਿਹੜਾ ਸਮਾਂ ਬਚਦਾ ਸੀ ਉਸ ਵਿਚ ਮੈਨੂੰ ਇਤਨੀਆਂ ਖੇਡਾਂ ਖੇਡਣੀਆਂ ਹੁੰਦੀਆਂ ਸਨ, ਇਤਨੀਆਂ ਦੋਸ਼ਤੀਆਂ ਪੁਗਾਣੀਆਂ ਹੁੰਦੀਆਂ ਸਨ ਕਿ ਮੈਨੂੰ ਕਦੀ ਵਿਹਲ ਹੀ ਨਹੀਂ ਸੀ ਲਗਦੀ ਕਿ ਮੈਂ ਮਾਵੀਂ ਰਾਮ ਪਿਆਰੀ ਦੀ ਗੱਲ ਵੀ ਸੁਣ ਸਕਾਂ।

ਜਾਂ ਫਿਰ ਇਹ ਵੀ ਗੱਲ ਸੀ ਕਿ ਮਾਵੀਂ ਰਾਮ ਪਿਆਰੀ ਨੱਕ ਵਿਚੋਂ ਬੋਲਦੀ ਸੀ। ਤੇ ਨੱਕ ਵਿਚ ਬੋਲਣ ਵਾਲਿਆਂ ਤੋਂ ਮੈਨੂੰ ਹਮੇਸ਼ ਬੜੀ ਘਬਰਾਹਟ ਹੁੰਦੀ ਰਹੀ ਹੈ। ਕਿਸੇ ਨੂੰ ਨੱਕ ਵਿਚ ਬੋਲਦਾ ਸੁਣ ਕੇ ਮੇਰਾ ਦਿਲ ਕਚਾ-ਕਚਾ ਹੋਣ ਲਗ ਪੈਂਦਾ ਹੈ।

ਡਿਸਟ੍ਰਿਕਟ ਬੋਰਡ ਦੀ ਸਕੂਲ ਤੋਂ ਬਾਅਦ ਮੈਂ ਛਾਉਣੀ ਦੇ ਹਾਈ ਸਕੂਲ ਵਿਚ ਚਲਾ ਗਿਆ। ਸਾਈਕਲ ਤੇ ਮੈਂ ਸਕੂਲ

ਜਾਂਦਾ, ਸਾਈਕਲ ਤੇ ਆਉਂਦਾ, ਸਵੇਰੇ ਪਿੰਡੋਂ ਨਿਕਲ ਜਾਂਦਾ, ਹ ਿਰਾ ਪਏ ਕਿਤੇ ਮੁੜਦਾ; ਪੜ੍ਹਾਈ ਤੋਂ ਬਾਅਦ ਸਕੂਲ ਵਿਚ ਹੀ ਖੇਡਣ ਲਗ ਪੈਂਦਾ ਸਾਂ । ਮਾਵੀਂ ਰਾਮ ਪਿਆਰੀ ਨਾਲ ਅੱਜ ਕੱਲ ਮੇਰੀ ਮੁਲਾਕਾਤ ਬਹੁਤ ਘਟ ਹੁੰਦੀ । ਪਰ ਤਾਂ ਵੀ ਗਲੀ-ਕੂਚ ਵਿਚ ਜੇ ਕਦੀ ਉਹ ਮਿਲ ਜਾਂਦੀ, ਕਿਸੇ ਦਿਨ ਦਿਹਾੜੇ ਜਾਂ ਹੋਰ ਕਿਸੇ ਛੁਟੀ ਵਾਲੇ ਰੋਜ਼ ਤਾਂ ਕਿਤਨਾ ਕਿਤਨਾ ਚਿਰ ਮੈਨੂੰ ਮਜਬੂਰ ਕਰਦੀ ਰਹਿੰਦੀ। ਜੇ ਬਾਜ਼ਾਰ ਵਿਚ ਮਿਲ ਪੈਂਦੀ ਤਾਂ ਕਹਿੰਦੀ, "ਪੁੱਤਰਾ ! ਤੂੰ ਘਰ ਜੂਲ ।" ਤੇ ਉਹ ਤਾਜ਼ਾ ਤਾਜ਼ਾ ਕਢੀਆਂ ਜਾ ਰਹੀਆਂ ਜਲੇਬੀਆਂ ਮੇਰੇ ਲਈ ਲੈ ਚਲੇਗੀ ਤੇ ਮਹਿੰ ਦੇ ਦੁਧ ਵਿਚ ਪਾ ਕੇ ਮੈਨੂੰ ਖਵਾਏਗੀ। ਪੜ੍ਹਨ ਵਾਲੇ ਮੁੰਡਿਆਂ ਲਈ ਜਲੇਬੀਆਂ ਤੇ ਦੁਧ ਬਹੁਤ ਚੰਗਾ ਹੁੰਦਾ ਏ। ਪਰ ਦੁਧ ਦੇ ਨਾਂ ਤੇ ਮੇਰੀ ਜਾਨ ਨਿਕਲਦੀ ਸੀ । ਸਰਦੀਆਂ ਦੇ ਦਿਨਾਂ ਵਿਚ ਮੈਨੂੰ ਨਸ਼ਾਸਤੇ ਦੀਆਂ ਪਿੰਨੀਆ ਦਾ ਲਾਲਚ ਦਿੰਦੀ। ਪਿਸਤੇ ਤੇ ਬਦਾਮ, ਕਿਸ਼ਮਿਸ਼ ਤੇ ਪਤਾ ਨਹੀਂ ਹੋਰ ਕੀ-ਨਾ-ਕੀ, ਉਹ ਕਹਿੰਦੀ, ਉਸ ਪਿੰਨੀਆਂ ਵਿਚ ਪਾਇਆ ਹੋਇਆ ਹੁੰਦਾ ਸੀ। ਪਿੰਨੀਆਂ ਮੈਨੂੰ ਚੰਗੀਆਂ ਵੀ ਬੜੀਆਂ ਲਗਦੀਆਂ ਸਨ। ਪਰ ਮਾਵੀਂ ਰਾਮ ਪਿਆਰੀ ਦੀ ਦਾਅਵਤ ਮੈਂ ਕਦੀ ਸਵੀਕਾਰ ਨਹੀਂ ਸਾਂ ਕਰ ਸਕਿਆ। ਮੈਨੂੰ ਵਿਹਲ ਹੀ ਕਿਥੇ ਹੁੰਦੀ ਸੀ?ਮਾਵੀਂ ਰਾਮ ਪਿਆਰੀ ਨੂੰ ਮੈਂ ਵੇਖਦਾ ਤੇ ਕੰਨੀ ਕਤਰਾ ਜਾਂਦਾ। ਤੇ ਜਦੋਂ ਮੈਂ ਉਹਦੇ ਹੱਥ ਲੱਗ ਜਾਂਦਾ, ਕਦੀ ਮੈਂ ਸ਼ਰਮਿੰਦਾ ਹੋ ਕੇ ਹੱਸਣ ਲੱਗ ਪੈਂਦਾ, ਕਦੀ ਘਬਰਾਹਟ ਵਿਚ ਮੇਰਾ ਮੂੰਹ ਲਾਲ ਬਿੰਬ ਹੋ ਜਾਂਦਾ। ਮੇਰਾ ਸਾਹ ਜਿਵੇਂ ਇਕ ਫਸੀ ਹੋਈ ਘੁੱਗੀ ਹੋਵੇ ਧੌਂਕਣੀ ਵਾਂਗ ਚਲਣ ਲਗ ਪੈਂਦਾ।

ਕਾਲਜ ਦੇ ਜ਼ਮਾਨੇ ਵਿਚ ਮੈਂ ਸ਼ਹਿਰ ਹੀ ਰਹਿਣ ਲਗ ਪਿਆ । ਸਨਿਛਰ-ਐਤਵਾਰ ਨੂੰ ਕੇਵਲ ਮੈਂ ਪਿੰਡ ਮਿਲਣ

ਗਿਲਣ ਜਾਂਦਾ ਸਾਂ। ਤੇ ਹਫ਼ਤੇ ਵਿਚ ਡੇਢ ਦਿਨ ਲਈ ਘਰ ਗਿਆ ਮੈਨੂੰ ਭੈਣਾਂ ਭਰਾਵਾਂ ਤੋਂ ਹੀ ਵਿਹਲ ਨਾ ਮਿਲਦੀ। ਮਾਵੀਂ ਰਾਮ ਪਿਆਰੀ ਨਾਲ ਅੱਜ ਕੱਲ ਮੇਰੀ ਮੁਲਾਕਾਤ ਕਦੀ ਮਹੀਨੇ ਪਿੱਛੋਂ, ਕਦੀ ਦੋ ਮਹੀਨਿਆਂ ਪਿੱਛੋਂ ਕਿਤੇ ਹੁੰਦੀ। ਪਰ ਹਮੇਸ਼ ਮੈਨੂੰ ਲਗਦਾ ਉਸ ਵਿਚ ਮੇਰੇ ਲਈ ਸਨੇਹ ਉਂਝ ਦਾ ਉਂਝ ਬਣਿਆ ਹੋਇਆ ਹੈ। ਉਹ ਮੇਰੀ ਨਵੀਂ ਸਾਈਕਲ ਦਾ ਜ਼ਿਕਰ ਕਰਦੀ, ਮੇਰੇ ਸੂਟਾਂ ਨੂੰ ਸਰਾਹਨਾ ਭਰੀਆਂ ਨਜ਼ਰਾਂ ਨਾਲ ਵੇਖਦੀ, ਮੇਰੀ ਪੜ੍ਹਾਈ ਦੇ ਦੰਗੇ ਨਤੀਜੇ ਜਿਹੜੇ ਉਹ ਮੇਰੇ ਮਾਪਿਆਂ ਤੋਂ ਪੁਛਦੀ ਰਹਿੰਦੀ, ਉਨ੍ਹਾਂ ਲਈ ਮੇਰੀ ਕੰਡ ਥਪਕਦੀ ਤੇ ਫੇਰ ਆਪਣੇ ਨਾਲ ਘਰ ਚਲਣ ਲਈ ਫ਼ਰਮਾਇਸ਼ ਕਰਦੀ। ਅੰਬਾਂ ਦੀ ਬਹਾਰ ਵਿਚ, ਉਹ ਕਹਿੰਦੀ, ਅੰਬ ਉਹਦੇ ਘਰ ਪਏ ਹੋਏ ਨੇ, ਅੰਗੂਰਾਂ ਦੀ ਬਹਾਰ ਵਿਚ ਅੰਗੂਰ। ਬਾਰਸ਼ ਦੇ ਦਿਨਾਂ ਵਿਚ ਉਹ ਕਹਿੰਦੀ, ਪੂੜੇ ਉਸ ਘਰ ਦੇ ਦੇਸੀ ਘੀ ਵਿਚ ਤਲੇ ਹੋਏ ਨੇ। ਕਦੀ ਅੰਗ੍ਰੇਜ਼ੀ ਮਠਿਆਈ ਉਹਦੇ ਆਂਦੀ, ਤੇ ਉਹ ਕਹਿੰਦੀ, ਉਹਨੇ ਖ਼ਾਸ ਤੌਰ ਤੇ ਮੇਰੇ ਲਈ ਬਚਾਕੇ ਰਖੀ ਹੋਈ ਏ। ਕਦੀ ਕਿਤੇ ਵਿਆਹ ਹੁੰਦਾ ਤੇ ਉਹ ਦਸਦੀ, ਉਹਦੇ ਘਰ ਆਏ ਕਲ੍ਹੇ ਪਏ ਸੁਕਦੇ ਨੇ।

ਇੰਝ ਕਈ ਵਰ੍ਹਿਆਂ ਦੇ ਤਕਾਜ਼ੇ ਤੋਂ ਬਾਅਦ ਮੇਰੇ ਸਭ ਬਹਾਨੇ ਖ਼ਤਮ ਹੋ ਗਏ। ਹੋਰ ਟਾਲਣ ਦੀ ਮੇਰੇ ਵਿਚ ਤਾਕਤ ਨਾ ਰਹੀ। ਬੀ.ਏ. ਦਾ ਇਮਤਿਹਾਨ ਦੇਕੇ ਜਦੋਂ ਮੈਂ ਪਿੰਡ ਆਇਆ ਇਕ ਰੋਜ਼ ਮਾਵੀਂ ਰਾਮ ਪਿਆਰੀ ਦੇ ਇਸਰਾਰ ਕਰਨ ਤੇ ਮੈਂ ਉਹਦੇ ਨਾਲ ਟੁਰ ਪਿਆ।

ਡਿਉਢੀ ਤੋਂ ਬਾਅਦ ਮਾਵੀਂ ਰਾਮ ਪਿਆਰੀ ਦਾ ਮੋਕਲਾ ਵਿਹੜਾ ਸੀ। ਵਿਹੜੇ ਵਿਚ ਉਸ ਮੈਨੂੰ ਮੰਜੀ ਵਿਛਾ ਦਿੱਤੀ ਤੇ

ਆਪ ਹੇਠ ਜ਼ਿਮੀਂ ਤੇ ਬਹਿ ਕੇ ਗੱਲਾਂ ਕਰਨ ਲੱਗ ਪਈ। ਕਿਤਨਾ ਚਿਰ ਉਹ ਆਪਣੀ ਜੇਠ ਦੀਆਂ ਗੱਲਾਂ ਕਰਦੀ ਰਹੀ, ਜਿਸ ਤੇ ਉਨ੍ਹਾਂ ਦਿਨਾਂ ਵਿਚ ਸ਼ੂਰ ਆਇਆ ਹੋਇਆ ਸੀ। ਫਿਰ ਆਪਣੀ ਮੱਝ ਦੀਆਂ ਗੱਲਾਂ ਕਰਨ ਲਗ ਪਈ ਜਿਹੜੀ ਸੁਕ ਚੁਕੀ ਸੀ ਤੇ ਅੱਜ ਕੱਲ ਸੂਣ ਵਾਲੀ ਸੀ। ਮਾਵੀਂ ਰਾਮ ਪਿਆਰੀ ਕਹਿੰਦੀ, "ਮੰਝ ਜਦਣ ਸੂਈ ਤੂੰ ਬੋਹਲੀ ਖਾਣ ਜ਼ਰੂਰ ਆਵੀਂ ਪੁੱਤਰਾ!" ਫੇਰ ਮਾਵੀਂ ਰਾਮ ਪਿਆਰੀ ਨੂੰ ਖ਼ਿਆਲ ਆਇਆ ਤੇ ਉਹ ਅੰਦਰੋਂ ਕੋਰਾ ਖੇਸ ਕੱਢ ਲਿਆਈ ਤੇ ਮੈਨੂੰ ਜ਼ੋਰੋ ਜ਼ੋਰੀ ਉਠਾ ਕੇ ਉਸ ਮੰਜੀ ਤੇ ਖੇਸ ਵਿਛਾ ਦਿੱਤਾ।

ਮਾਵੀਂ ਰਾਮ ਪਿਆਰੀ ਮੇਰੇ ਨਾਲ ਆਹਿਸਤਾ ਆਹਿਸਤਾ ਇਧਰ ਉਧਰ ਦੀਆਂ ਗੱਲਾਂ ਵੀ ਕਰ ਰਹੀ ਸੀ ਤੇ ਨਾਲ ਨਾਲ ਇੰਝ ਮੈਨੂੰ ਪ੍ਰਤੀਤ ਹੁੰਦਾ ਉਹ ਕੁਝ ਸੋਚੇ ਵੀ ਜਾ ਰਹੀ ਸੀ। ਫੇਰ ਇਕ ਦਮ ਉਹਦੇ ਚਿਹਰੇ ਦੀ ਅਤਿ ਸੂਖਮ ਘਬਰਾਹਟ ਇਕ ਖੇੜੇ ਜਿਹੇ ਵਿਚ ਵਟ ਗਈ ਤੇ ਉਹ ਗੱਲਾਂ ਕਰਦੀ ਕਰਦੀ ਸਾਹਮਣੇ ਚੌਂਕੇ ਤੋਂ ਆਟੇ ਦਾ ਇਕ ਪੇੜਾ ਤੇ ਚੁਲ੍ਹੇ ਕੋਲ ਪਈ ਪੱਖੀ ਚੁਕ ਲਿਆਇ। ਤੇ ਹੇਠ ਜ਼ਿਮੀਂ ਤੇ ਬੈਠ ਉਹ ਮੇਰੇ ਨਾਲ ਗੱਲਾਂ ਵੀ ਕਰਦੀ ਜਾਂਦੀ ਤੇ ਆਟੇ ਦੇ ਜੋਲੇ ਵਟ ਵਟ ਕੇ ਪੱਖੀ ਤੇ ਸੁੱਟੀ ਜਾਂਦੀ।

ਮਾਵੀਂ ਰਾਮ ਪਿਆਰੀ ਮੇਹੇ ਨਾਲ ਗੱਲਾਂ ਕਰਦੀ ਰਹੀ, ਕਰਦੀ ਰਹੀ। ਆਪਣੀ ਸਿਹਤ ਦੀਆਂ ਗੱਲਾਂ, ਜ਼ਮਾਨੇ ਦੀਆਂ ਗੱਲਾਂ, ਪਿੰਡ ਦੀਆਂ ਗੱਲਾਂ, ਮੌਸਮ ਦੀਆਂ ਗੱਲਾਂ, ਕੁਤਿਆਂ ਦੀਆਂ ਗੱਲਾਂ ਜਿਹੜੇ ਉਹਦੇ ਵਿਹੜੇ ਵਿਚ ਆਉਂਦੇ ਸਨ, ਆਪਣੀ ਮੱਝ ਦੀਆਂ ਗੱਲਾਂ, ਗਾਂ ਦੀਆਂ ਗੱਲਾਂ ਜਿਹੜੀ ਉਸ ਨੇ ਮੱਝ ਦੇ ਸੁਕ ਜਾਣ ਤੇ ਖ਼ਰੀਦੀ ਸੀ। ਮਾਵੀਂ ਰਾਮ ਪਿਆਰੀ ਨੇ

ਮੈਨੂੰ ਦਸਿਆ, ਪਿਛਲੀਆਂ ਤਿੰਨ ਪੀਹੜੀਆਂ ਤੋਂ ਜਾਗਉਨ੍ਹਾਂਦੇ ਘਰ ਦੀ ਤੁਰੀ ਆਂਦੀ ਸੀ। ਇਕ ਦਿਨ ਦੀ ਅਗਾਲੇ ਦਿਨ, ਅਗਾਲੇ ਦਿਨ ਦੀ ਉਸ ਤੋਂ ਅਗਾਲੇ ਦਿਨ ਤੇ ਇਵੇਂ ਇਕ ਸਾਲ ਤੋਂ ਦੂਜੇ ਸਾਲ, ਸੱਸ ਤੋਂ ਨੂੰਹ ਤੱਕ, ਨੂੰਹ ਤੋਂ ਉਸ ਦੀ ਨੂੰਹ ਤੱਕ । ਕਦੀ ਉਨ੍ਹਾਂ ਦਾ ਦਹੀਂ ਖੱਟਾ ਨਹੀਂ ਹੋਇਆ ਸੀ। ਤੇ ਮੱਖਣ ਇਤਨਾ ਉਸਦੇ ਘਰ ਚੰਗਾ ਨਿਕਲਦਾ ਸੀ ਕਿ ਮਹੱਲੇ ਵਿਚ ਹੋਰ ਕਿਸੇ ਦੇ ਘਰ ਨਹੀਂ। ਅੱਜ ਕੱਲ, ਪਰ ਉਨ੍ਹਾਂ ਦੇ ਘਰ ਕੇਵਲ ਗਾਂ ਸੀ। ਗਾਂ ਦਾ ਦੁੱਧ ਤੇ ਨਰੋਆ ਹੁੰਦਾ ਏ, ਪਰ ਦਹੀਂ ਚੰਗਾ ਨਹੀਂ ਜੰਮਦਾ, ਮੱਖਣ ਵਧੀਆ ਨਹੀਂ ਨਿਕਲਦਾ।

ਗੱਲਾਂ ਕਰਦੀ ਕਰਦੀ ਮਾਵੀਂ ਰਾਮਪਿਆਰੀ ਨੇ ਹੱਥ ਵਿਚ ਦਾ ਆਟੇ ਦਾ ਪੇੜਾ ਜੋਲੇ ਵੱਟ ਵੱਟ ਕੇ ਖ਼ਤਮ ਕਰ ਲਿਆ ਸੀ। ਤੇ ਜੋਲਿਆਂ ਦੀ ਭਰੀ ਪੱਖੀ ਨੂੰ ਧੁੱਪ ਵਿਚ ਰਖਦੇ ਹੋਏ ਉਹ ਮੈਨੂੰ ਕਹਿਣ ਲੱਗੀ, "ਹਾਏ ਪੁੱਤਰਾ! ਤੂੰ ਪਾਣੀ ਤੇ ਪੀਸੇਂ ।" ਤੇ ਮੇਰਾ ਜਵਾਬ ਉਡੀਕੇ ਬਿਨਾ ਹੀ ਬਾਲਟੀ ਚੁਕ ਖੂਹ ਦਾ ਠੰਢਾ ਪਾਣੀ ਕੱਢਣ ਤੁਰ ਪਈ।

ਮਾਵੀਂ ਰਾਮ ਪਿਆਰੀ ਜਿਵੇਂ ਦੌੜਦੀ ਹੋਈ ਖੂਹ ਤੇ ਗਈ ਤੇ ਦੌੜਦੀ ਹੋਈ ਆਈ, ਇਸ ਤੋਂ ਪੇਸ਼ਤਰ ਕਿ ਇਕੱਲਾ ਬੈਠਿਆਂ ਮੇਰਾ ਦਿਲ ਕਾਹਲਾ ਪਵੇ, ਉਹ ਪਾਣੀ ਦੀ ਬਾਲਟੀ ਭਰ ਲਿਆਈ। ਮੇਰੇ ਸਾਹਮਣੇ ਉਸ ਗਲਾਸ ਨੂੰ ਮਾਂਜਿਆ, ਦੋ ਵਾਰੀ ਧੋਤਾ ਤੇ ਠੰਢਾ-ਠਾਰ ਪਾਣੀ ਮੈਨੂੰ ਪੀਣ ਲਈ ਦਿੱਤਾ।

ਮਾਵੀਂ ਰਾਮ ਪਿਆਰੀ ਮੇਰੇ ਨਾਲ ਗੱਲਾਂ ਵੀ ਕਰਦੀ ਜਾਂਦੀ ਤੇ ਚੁਲ੍ਹੇ ਵਿਚ ਅੱਗ ਬਾਲਣ ਦਾ ਸਾਮਾਨ ਵੀ ਇਕੱਠਾ ਕਰਦੀ ਜਾਂਦੀ। ਇਕ ਦੋ ਲਕੜੀਆਂ ਲੈ ਆਈ, ਫੇਰ ਬਰਾਮਦੇ ਵਿਚ ਰੱਖੇ ਰੱਦੀ ਕਾਗ਼ਜ਼ ਚੁਕ ਲਿਆਈ, ਫੇਰ ਗਈ ਤੇ ਤੀਲੀਆਂ

ਦੀ ਡੱਬੀ ਉਸ ਲਿਆਂਦੀ । ਅੱਗ ਬਾਲਦੀ, ਫੂਕਾਂ ਮਾਰਦੀਂ ਆਹਿਸਤਾ ਆਹਿਸਤਾ ਉਹ ਮੇਰੇ ਨਾਲ ਜ਼ਮਾਨੇ ਭਰ ਦੀਆ, ਗੱਲਾਂ ਕਰਦੀ ਜਾਂਦੀ ।

ਮੈਨੂੰ ਪਾਣੀ ਦੀ ਪਿਆਸ ਬਿਲਕੁਲ ਨਹੀਂ ਸੀ, ਤਾਂ ਵੀ ਮਾਵੀਂ ਰਾਮ ਪਿਆਰੀ ਦਾ ਦਿੱਤਾ ਗਲਾਸ ਮੈਂ ਲੈ ਲਿਆ ਤੇ ਆਹਿਸਤਾ ਆਹਿਸਤਾ ਘੁਟ ਘੁਟ ਕਰਕੇ ਉਸ ਨੂੰ ਪੀਣ ਲੱਗ ਪਿਆ । ਮੈਨੂੰ ਇੰਜ ਪਾਣੀ ਨੂੰ ਪੀਂਦਾ ਵੇਖ ਕੇ ਮਾਵੀਂ ਰਾਮ ਪਿਆਰੀ ਨੇ ਆਪਣੇ ਮਹੱਲੇ ਦੇ ਖੂਹ ਦੀਆਂ ਕਹਾਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ । ਉਸ ਖੂਹ ਵਰਗਾ ਠੰਢਾ ਪਾਣੀ ਸਾਰੇ ਇਲਾਕੇ ਵਿਚ ਨਹੀਂ ਸੀ ਮਿਲਦਾ । ਪਾਣੀ ਠੰਢਾ ਸੀ ਤੇ ਨਰੋਆ ਸੀ । ਹਾਜ਼ਮ ਇਤਨਾ ਕਿ ਕੋਈ ਪੱਥਰ ਖਾ ਲਵੇ ਤੇ ਉਹ ਵੀ ਪੱਚ ਜਾਣ । ਤੇ ਫੇਰ ਮਾਵੀਂ ਰਾਮ ਪਿਆਰੀ ਨੇ ਦਸਿਆ ਜਦੋਂ ਉਹ ਵਿਆਹੀ ਹੋਈ ਆਈ ਸੀ ਉਨ੍ਹਾਂ ਦਿਨਾਂ ਵਿਚ ਹੀ ਉਹ ਖੂਹ ਖੁੱਟਿਆ ਗਿਆ ਸੀ। ਸਾਰੇ ਮਹੱਲੇ ਵਾਲਿਆਂ ਨੇ ਪੈਸੇ ਪਾਏ ਸਨ, ਮਿੱਟੀ ਕੱਢਣ ਵਿਚ ਵੀ ਮੱਦਦ ਦਿੱਤੀ ਸੀ । ਸਭ ਔਰਤਾਂ ਮਰਦਾਂ ਨੇ ਟੋਕਰੀਆਂ ਢੋਈਆਂ ਸਨ। ਇਕ ਮਾਵੀਂ ਰਾਮ ਪਿਆਰੀ ਨੂੰ ਇਹਦੀ ਸੱਸ ਨੇ ਹੱਥ ਨਹੀਂ ਸੀ ਲਾਣ ਦਿੱਤਾ, ਕਿਤੇ ਇਹਦੇ ਹੱਥਾਂ ਦੀ ਮਹਿੰਦੀ ਨਾ ਲਹਿ ਜਾਏ ।

ਗੱਲਾਂ ਕਰਦੀ ਜਾਂਦੀ ਤੇ ਮਾਵੀਂ ਰਾਮ ਪਿਆਰੀ ਮੁੜ ਮੁੜ ਪੱਖੀ ਤੇ ਪਏ ਜੋਲਿਆਂ ਨੂੰ ਵੇਖ ਆਂਦੀ। ਇਤਨੇ ਵਿਚ ਉਧਰ ਅੱਗ ਭਖ ਉਠੀ, ਇਧਰ ਜੋਲੇ ਵੀ ਸੁਕ ਗਏ । ਮਾਵੀਂ ਰਾਮ ਪਿਆਰੀ ਨੇ ਤਵਾ ਰੱਖ ਕੇ ਜੋਲਿਆਂ ਨੂੰ ਪਹਿਲੇ ਭੁੰਨਿਆਂ। ਆਪਣੇ ਦੁਪੱਟੇ ਦੀ ਚੂਕ ਦਾ ਪਿੰਨਾ ਜਿਹਾ ਬਣਾ ਕੇ ਜਿਵੇਂ ਅਤਿ ਕੋਮਲਤਾ ਨਾਲ ਉਹ ਜੋਲਿਆਂ ਨੂੰ ਹੇਠ ਉਤੇ ਕਰਕੇ ਲਾਲ

ਕਰਦੀ ਗਈ-ਮੈਨੂੰ ਇਹ ਦ੍ਰਿਸ਼ ਕਦੀ ਨਹੀਂ ਭੁੱਲ ਸਕਿਆ। ਜੋਲਿਆਂ ਨੂੰ ਇੰਜ ਲਾਲ ਕਰਨ ਦੇ ਗੁਣ ਵੀ ਮੈਨੂੰ ਉਹ ਨਾਲ ਨਾਲ ਸਮਝਾਂਦੀ ਜਾਂਦੀ-ਜੇ ਕੋਈ ਜੋਲਾ ਸੜ ਜਾਏ ਇਕ ਤਾਂ ਉਹਦਾ ਸਵਾਦ ਮਾੜਾ ਹੋ ਜਾਂਦਾ ਏ, ਤੇ ਦੂਜਾ ਕੌਲੀ ਵਿਚ ਪਾਇਆ ਕਾਲਾ ਜੋਲਾ ਭੈੜਾ ਲਗਦਾ ਏ।

ਜਦੋਂ ਜੋਲੇ ਭੁੰਜ ਗਏ ਵਿਹੜੇ ਦੇ ਇਕ ਕੋਨੇ ਵਿਚ ਬੱਧੀ ਗਾਂ ਨੂੰ ਮਾਵੀਂ ਰਾਮ ਪਿਆਰੀ ਨੇ ਚੋ ਲਿਆ। ਗਾਂ ਦੇ ਮੂੰਹ ਵਿਚ ਧਾਰਾਂ ਮਾਰ ਮਾਰ ਮੈਨੂੰ ਵਿਖਾਂਦੀ ਰਹੀ। ਮੁੜ ਮੁੜ ਗਾਂ ਉਸ ਵੱਲ ਉੜ ਉੜ ਕੇ ਵੇਖਦੀ, ਮੁੜ ਮੁੜ ਉਹ ਧਾਰਾਂ ਉਹਨੂੰ ਮਾਰਦੀ। ਤੇ ਇੰਝ ਗਾਂ ਨਾਲ ਹੱਸਦੀ ਖੇਡਦੀ ਉਹਨੂੰ ਥਪਕ ਕੇ ਉਹ ਚੌਕੇ ਵਿਚ ਆਈ।

ਕਟੋਰਾ ਭਰ ਉਸ ਨੇ ਦੁੱਧ ਨੂੰ ਉਬਾਲਿਆ, ਵਿਚ ਭੁੰਨੇ ਹੋਏ ਜੋਲੇ ਪਾਏ, ਫੇਰ ਖੰਡ ਰਲਾਈ। ਤੇ ਜਦੋਂ ਖੀਰ ਤਿਆਰ ਹੋ ਗਈ, ਕੌਲ ਭਰ ਮੇਰੇ ਅਗੇ ਉਸ ਨੇ ਆਣ ਰਖਿਆ। ਤੇ ਆਪਣੇ ਦੁੱਪਟੇ ਦੀ ਚੂਕ ਨਾਲ ਚਮਚੇ ਨੂੰ ਸਾਫ਼ ਕਰਦੇ ਹੋਏ ਉਸ ਅਤਿ ਪਿਆਰ ਨਾਲ ਕਿਹਾ, "ਲੈ ਪੁੱਤਰਾ! ਮੈਂ ਢੀ ਖੀਰ ਲੋਕੀ ਉਂਗਲਾਂ ਟੁਕੀ ਟੁਕੀ ਖਾਣੇ ਨੂ।"

ਆਹਿਸਤਾ ਆਹਿਸਤਾ ਮੈਂ ਮਾਵੀਂ ਰਾਮ ਪਿਆਰੀ ਦੀ ਬਣਾਈ ਖੀਰ ਖਾਣ ਲੱਗ ਪਿਆ। ਮੇਰੀ ਮੰਜੀ ਕੋਲ ਹੇਠ ਜ਼ਿਮੀਂ ਤੇ ਬੈਠੀ ਉਹ ਮੈਨੂੰ ਪੱਖੀ ਝੱਲਦੀ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਰਹੀ, ਕਰਦੀ ਰਹੀ।

ਬਿਹਾਰੀ

"ਬਿਹਾਰੀ ਆ ਗਿਆ ਏ ! ਬਿਹਾਰੀ ਆ ਗਿਆ ਏ !"

ਪਿੰਡ ਵਿਚ ਪੈਰ ਉਹ ਪਿਛੋਂ ਪਾਉਂਦਾ ਤੇ ਇਹ ਖ਼ਬਰ ਗਲੀ ਗਲੀ ਘਰ ਘਰ ਇਕ ਅੱਖ ਪਲਕਾਰੇ ਵਿਚ ਫੈਲ ਜਾਂਦੀ।

ਉਧਰੋਂ ਕਣਕਾਂ ਸਿਰ ਚੁਕਦੀਆਂ, ਉਧਰੋਂ ਰੀਦਲਾਂ ਨੂੰ ਫੁਲ ਪੈਂਦੇ, ਉਧਰੋਂ ਦੂਰ ਬਹੁਤ ਦੂਰ ਪਹਾੜਾਂ ਤੇ ਬਰਫਾਂ ਲਿਸ਼ਕਣ ਲਗਦੀਆਂ, ਉਧਰੋਂ ਬਿਹਾਰੀ ਆਪਣੇ ਪਿੰਡ ਮੁੜ ਆਉਂਦਾ।

ਤੇ ਹਰ ਸਾਲ, ਪਿੰਡ ਦੀ ਹਰ ਔਰਤ, ਹਰ ਬੱਚੇ ਦੀ ਮਾਂ, ਹਰ ਘਰ ਦੀ ਮਾਲਕਣ, ਦਿਲ ਹੀ ਦਿਲ ਵਿੱਚ ਕਿਤਨਾ ਕਿਤਨਾ ਚਿਰ ਉਹਦਾ ਇੰਤਜ਼ਾਰ ਕਰਦੀ ਰਹਿੰਦੀ।

"ਬਿਹਾਰੀ ਆ ਗਿਆ ਏ", ਸੁਣਦੀਆਂ ਤਾਂ ਆਟਾ

ਗੁੰਨ੍ਹ ਰਹੀਆਂ ਸਵਾਣੀਆਂ ਹਥ ਭਰੇ ਦੇ ਭਰੇ ਉਠ ਖਲੋਂਦੀਆਂ। "ਬਿਹਾਰੀ ਆ ਗਿਆ ਏ", ਸੁਣਦੀਆਂ ਤਾਂ ਤਨੂਰ ਬਲਦੇ ਦੇ ਬਲਦੇ ਰਹਿ ਜਾਂਦੇ। "ਬਿਹਾਰੀ ਆ ਗਿਆ ਏ," ਸੁਣਦੀਆਂ ਤਾਂ ਧਾਰ ਚਵਾ ਰਹੀਆਂ ਮਹੀਆਂ ਉੜੀਕਣ ਲਗ ਪੈਂਦੀਆਂ, ਗਲੀਆਂ ਦੇ ਕੁਲ ਲੁੱਗੜ ਕੁਤੇ ਉਹਦੇ ਪੈਰ ਪਏ ਸੁੰਘਦੇ, ਉਹਦੀਆਂ ਟੰਗਾਂ ਨਾਲ ਮੁੜ ਮੁੜ ਆ ਪਏ ਘਸਰਦੇ, ਕਦੀ ਉਹਦੇ ਅਗੇ ਪਏ ਹੁੰਦੇ, ਕਦੀ ਉਹਦੇ ਪਿਛੇ ਪਏ ਟੁਰਦੇ।

ਸਾਲ ਵਿੱਚ ਇਕ ਵਾਰੀ ਬਿਹਾਰੀ ਪਿੰਡ ਆਉਂਦਾ ਸੀ। ਦੋ ਤਿੰਨ ਹਫਤੇ ਰਹਿਕੇ ਫਿਰ ਅਚਾਨਕ ਗਾਇਬ ਹੋ ਜਾਂਦਾ। ਨਾ ਕਿਸੇ ਨੂੰ ਉਹਦੇ ਆਉਣ ਦਾ ਪਤਾ ਹੁੰਦਾ, ਨਾ ਕਿਸੇ ਨੂੰ ਉਹਦੇ ਜਾਣ ਦਾ ਪਤਾ ਲਗਦਾ ਸੀ।

ਕੋਈ ਦਸ ਬਾਰ੍ਹਾਂ ਸਾਲ ਦਾ ਬਿਹਾਰੀ ਸੀ ਕਿ ਉਹ ਆਪਣੇ ਘਰੋਂ ਇਕ ਸਵੇਰ ਨਿਕਲ ਗਿਆ। ਪਹਿਲੇ ਬਿਹਾਰੀ ਦੀ ਮਾਂ ਮਰੀ ਫੇਰ ਉਹਦਾ ਪਿਉ ਮਰ ਗਿਆ, ਤੇ ਪਿਛੇ ਰਹਿ ਗਏ ਇਸ ਯਤੀਮ ਮੁੰਡੇ ਨੂੰ ਇਕੋ ਇਕ ਰਿਸ਼ਤੇਦਾਰ, ਚਾਚੇ ਦੀ ਘਰ ਵਾਲੀ ਬੜਾ ਤੰਗ ਕਰਦੀ। ਸਾਰਾ ਸਾਰਾ ਦਿਨ ਉਸ ਤੋਂ ਕੰਮ ਕਰਾਉਂਦੀ ਤੇ ਫੇਰ ਉਤੋਂ ਗਾਲ੍ਹਾਂ ਕਢਦੀ ਕਦੀ ਰਜਦੀ ਨਹੀਂ ਸੀ। ਗਲੀ-ਮਹੱਲੇ ਦੀਆਂ ਔਰਤਾਂ ਬਿਹਾਰੀ ਦੀ ਚਾਚੀ ਦੇ ਮੂੰਹ ਵਲ ਵੇਖਦੀਆਂ ਰਹਿੰਦੀਆਂ, ਬਿਹਾਰੀ ਦੇ ਸਬਰ ਤੇ ਹੈਰਾਨ ਹੁੰਦੀਆਂ ਰਹਿੰਦੀਆਂ। ਤੇ ਫੇਰ ਜਦੋਂ ਬਿਹਾਰੀ ਕਿਤੇ ਟੁਰ ਗਿਆ, ਗਲੀ-ਕੁੱਛਾਂ ਵਿਚ ਖਲੋਤੀਆਂ, ਹੱਥ ਮਲ ਮਲ, ਠੋਡੀਆਂ ਤੇ ਉਂਗਲਾਂ ਰਖ ਰਖ, ਉਹਨੂੰ ਯਾਦ ਕਰਦੀਆਂ ਰਹਿੰਦੀਆਂ, ਬਿਹਾਰੀ ਦੀ ਚਾਚੀ ਨੂੰ

। ਮੰਦਾ ਮੰਦਾ ਕਹਿੰਦੀਆਂ ਰਹਿੰਦੀਆਂ।

ਇਕ ਵਾਰ ਪਿੰਡੋਂ ਨਿਕਲਿਆ ਬਿਹਾਰੀ ਮੁੜਕੇ ਨਾ ਆਇਆ। ਅਠ ਸਾਲ ਗੁਜ਼ਰ ਗਏ, ਦਸ ਸਾਲ ਗੁਜ਼ਰ ਗਏ, ਬਾਰ੍ਹਾਂ ਸਾਲ ਗੁਜ਼ਰ ਗਏ, ਪੰਦਰਾਂ ਸਾਲ ਗੁਜ਼ਰ ਗਏ।

ਤੇ ਫੇਰ ਅਚਾਨਕ ਇਕ ਰੋਜ਼ ਬਿਹਾਰੀ ਪਿੰਡ ਆ ਵੜਿਆ। ਸਾਰੇ ਦੇ ਸਾਰੇ ਪਿੰਡ ਵਿਚ ਸ਼ੋਰ ਮਚ ਗਿਆ। ਜਿਸ ਤਰ੍ਹਾਂ ਬਿਹਾਰੀ ਗਿਆ ਸੀ ਤੇ ਜਿਸ ਤਰ੍ਹਾਂ ਬਿਹਾਰੀ ਆਇਆ, ਗਲੀ ਗਲੀ, ਘਰ ਘਰ ਵਿਚ ਲੋਕੀ ਉਸਨੂੰ ਮਿਲ ਮਿਲਕੇ ਖੁਸ਼ ਹੁੰਦੇ, ਬੈਠ ਬੈਠ ਉਹਦੇ ਨਾਲ ਗੱਲਾਂ ਕਰਦੇ। ਤੇ ਬਿਹਾਰੀ ਕੋਈ ਆਪਣੇ ਚਾਚੇ-ਚਾਚੀ ਕੋਲ ਮੁੜਕੇ ਥੋੜ੍ਹਾ ਆਇਆ ਸੀ। ਉਹ ਤੇ ਆਪਣੇ ਪਿੰਡ ਮੁੜਿਆ ਸੀ। ਜਿਥੇ ਬੈਠਦਾ ਉਥੇ ਹੀ ਬੈਠਾ ਗੱਲਾਂ ਕਰਦਾ ਰਹਿੰਦਾ, ਜਿਥੇ ਕੋਈ ਕਹਿੰਦਾ ਉਥੇ ਹੀ ਰੋਟੀ ਖਾ ਲੈਂਦਾ, ਜਿਥੇ ਲੋੜ ਹੁੰਦੀ ਲੱਸੀ ਪੀ ਲੈਂਦਾ, ਜਿਥੇ ਰਾਤ ਪੈਂਦੀ ਉਥੇ ਹੀ ਸੌਂ ਜਾਂਦਾ।

ਪਿੰਡ ਦੀਆਂ ਅਨਪੜ੍ਹ ਔਰਤਾਂ ਨੂੰ ਆਪਣੇ ਦੂਰ ਦੂਰ ਦੇ ਸਫਰ ਦੀਆਂ ਉਹ ਕਹਾਣੀਆਂ ਸੁਣਾਂਦਾ। ਬਿਹਾਰੀ ਗਡੀ ਤੇ ਚੜ੍ਹਿਆ ਸੀ, ਮੋਟਰਾਂ ਵਿਚ ਬੈਠਿਆ ਸੀ, ਲਾਰੀਆਂ ਵਿਚ ਉਹਨੇ ਸਫ਼ਰ ਕੀਤਾ ਸੀ, ਦਿੱਲੀ ਦੀਆਂ ਟਰਾਮਾਂ ਵਿਚ ਉਹ ਘੁੰਮਿਆ ਸੀ, ਬੰਬਈ ਦੀਆਂ ਦੋ-ਮੰਜ਼ਲੀਆਂ ਬੱਸਾਂ ਤੇ ਸਵਾਰ ਹੋਇਆ ਸੀ, ਹਵਾਈ ਜਹਾਜ਼ਾਂ ਨੂੰ ਉਸ ਅੰਦਰੋਂ ਬਾਹਰੋਂ ਹਥ ਲਾ ਲਾ ਕੇ ਵੇਖਿਆ ਸੀ। ਤੇ ਪਿੰਡ ਦੀਆਂ ਔਰਤਾਂ ਜਿਨ੍ਹਾਂ ਅਜੇ ਤੀਕ ਰੇਲ ਗਡੀ ਤਕ ਨਹੀਂ ਵੇਖੀ ਸੀ ਬਿਹਾਰੀ ਦੀਆਂ ਗੱਲਾਂ ਸੁਣ ਸੁਣਕੇ ਚਕ੍ਰਿਤ ਹੁੰਦੀਆਂ ਰਹਿੰਦੀਆਂ। ਬਿਹਾਰੀ ਉਨ੍ਹਾਂ ਨੂੰ ਇੰਝ ਲਗਦਾ ਜਿਵੇਂ ਕੋਈ ਜਾਦੂਗਰ ਹੋਵੇ।

ਜਲਿਆਂਵਾਲੇ ਬਾਗ਼ ਦੀਆਂ ਦੀਵਾਰਾਂ ਵਿਚ ਫਰੰਗੀ ਦੀਆਂ ਗੋਲੀਆਂ ਨਾਲ ਪਏ ਛੇਕ ਬਿਹਾਰੀ ਨੇ ਆਪਣੇ ਅਖੀਂ ਵੇਖੇ ਸਨ। ਉਸਨੇ ਫ਼ਰੰਗਣਾਂ ਵੇਖੀਆਂ ਸਨ, ਨੰਗੀਆਂ ਟੰਗਾਂ, ਮੋਢਿਆਂ ਤੇ ਨਚਦੇ ਕਟੇ ਹੋਏ ਵਾਲ, ਸ਼ਰਾਬ ਵਿਚ ਮਖ਼ਮੂਰ, ਸਿਗਰਟ ਦੇ ਧੂਏਂ ਛਡਦੀਆਂ, ਗੋਰਿਆਂ ਦੀਆਂ ਬਾਹਾਂ ਵਿਚ ਬਾਹਾਂ ਪਾਈ ਠੰਢੀ ਸੜਕ ਤੇ ਟਹਿਲਦੀਆਂ ਹੋਈਆਂ। ਉਸਨੇ ਪਟਿਆਲੇ ਵਾਲੇ ਮਹਾਰਾਜੇ ਨੂੰ ਵੇਖਿਆ ਸੀ ਜਿਥਨੂੰ ਗੋਰੀਆਂ ਚਮੜੀਆਂ ਵਾਲੇ ਬਦੇਸ਼ੀ ਖਲੋ ਖਲੋ ਸਲਾਮਾਂ ਕਰਦੇ ਸਨ। ਉਸਨੇ ਹਾਥੀ ਵੇਖੇ ਸਨ, ਸ਼ੇਰ ਵੇਖੇ ਸਨ, ਚੀਤੇ ਵੇਖੇ ਸਨ, ਮਗਰ ਮਛ ਵੇਖੇ ਸਨ, ਤੇ ਲਾਹੌਰ ਦੇ ਚਿੜੀਆ ਘਰ ਵਿਚ ਹੋਰ ਕਿਤਨੇ ਸਾਰੇ ਜਾਨਵਰ ਤੇ ਪੰਛੀ ਸਨ ਜਿਨ੍ਹਾਂ ਦੇ ਨਾਂ ਤਕ ਕਿਸੇ ਨੇ ਕਦੀ ਨਹੀਂ ਸਨ ਸੁਣੇ। ਉਸਨੇ ਆਗਰੇ ਵਿੱਚ ਤਾਜ ਮਹੱਲ ਵੇਖਿਆ ਸੀ, ਜਿਵੇਂ ਕਿਸੇ ਦੇ ਸੁਫ਼ਨੇ ਨੂੰ ਮੂਰਤੀਮਾਨ ਕਰ ਦਿਤਾ ਗਿਆ ਹੋਵੇ। ਮੁਮਤਾਜ਼ ਤੇ ਸ਼ਾਹ ਜਹਾਨ ਦੀ ਮੁਹੱਬਤ ਨੂੰ ਬਿਹਾਰੀ ਹੀਰ ਰਾਂਝੇ ਦਾ ਰੰਗ ਦੇ-ਦੇ ਕੇ ਸੁਣਾਂਦਾ ਤੇ ਸੁਗੰਧਾਂ ਖਾ ਖਾ ਕੇ ਕਹਿੰਦਾ ਕਿ ਸ਼ੀਸ਼ੇ ਵਾਂਗ ਚਮਕਦੇ ਮਰਮਰ ਦੇ ਪਥਰਾਂ ਵਿਚ ਉਹਨੂੰ ਬੇਗ਼ਮ ਦੇ ਅਕਹਿ ਸੁਹਣੱਪ ਦੇ ਝਲਕਾਰੇ ਵੱਜੇ ਸਨ, ਉਹਨੂੰ ਮਕਬਰੇ ਦੀਆਂ ਗੁਠਾਂ ਵਿਚੋਂ ਹਟਕੋਰੇ ਸੁਣਾਈ ਦਿਤੇ ਸਨ। ਬਿਹਾਰੀ ਬੰਗਾਲਣਾਂ ਦੀਆਂ ਕਹਾਣੀਆਂ ਕਰਦਾ ਜਿਨ੍ਹਾਂ ਦੇ ਗਜ਼ ਗਜ਼ ਲੰਬੇ ਵਾਲ ਹੁੰਦੇ ਨੇ, ਬਿਹਾਰੀ ਮਦਰਾਸਣਾਂ ਦੀਆਂ ਕਹਾਣੀਆਂ ਕਰਦਾ ਜਿਨ੍ਹਾਂ ਦੇ ਕਾਲੇ ਰੰਗ, ਦੁਧ ਚਿਟੇ ਦੰਦ, ਜਿਨ੍ਹਾਂ ਕਦੀ ਪੈਰੀਂ ਜੁੱਤੀ ਨਹੀਂ ਸੀ ਪਾਈ। ਬਿਹਾਰੀ ਬੰਬਈ ਤੇ ਦਿੱਲੀ ਦੀਆਂ ਸਕੂਲਾਂ ਕਾਲਜਾਂ ਵਿਚ ਪੜ੍ਹਦੀਆਂ ਪੜ੍ਹਾਂਦੀਆਂ ਕੁੜੀਆਂ ਦੀਆਂ ਕਹਾ-ਣੀਆਂ ਕਰਦਾ, ਮਰਦਾਂ ਵਾਂਗ ਜੋ ਟੁਰਦੀਆਂ ਸਨ, ਮਰਦਾਂ ਵਾਂਗ

ਹਸਦੀਆਂ ਸਨ, ਮਰਦਾਂ ਵਾਂਗ ਖਾਂਦੀਆਂ-ਪੀਂਦੀਆਂ ਸਨ। ਬਿਹਾਰੀ ਨੇ ਗਾਂਧੀ ਮਹਾਤਮਾ ਦੇ ਦਰਸ਼ਨ ਕੀਤੇ ਸਨ, ਖ਼ਦਰ ਦੀ ਇਕੋ ਇਕ ਲੰਗੋਟੀ ਵਿਚ ਨੰਗਾ-ਮੁੰਗਾ ਬਕਰੀ ਦਾ ਦੁਧ ਪੀਂਦਾ, ਤੇ ਕਹਿੰਦਾ ਸੀ ਕਿ ਮੈਂ ਦੇਸ਼ ਨੂੰ ਆਜ਼ਾਦ ਕਰਵਾਕੇ ਸਾਹ ਲੈਣਾ ਹੈ।

ਤੇ ਪਿੰਡ ਦੀਆਂ ਅਨਪੜ੍ਹ ਔਰਤਾਂ ਬਿਹਾਰੀ ਦੇ ਮੂੰਹ ਵਲ ਵੇਖਦੀਆਂ ਰਹਿੰਦੀਆਂ। ਉਹਦੀਆਂ ਨਿਤ ਨਵੀਆਂ ਕਹਾਣੀਆਂ ਨੂੰ ਸੁਣਦੀਆਂ ਹੈਰਾਨ ਹੁੰਦੀਆਂ ਰਹਿੰਦੀਆਂ। ਬਿਹਾਰੀ ਉਨ੍ਹਾਂ ਨੂੰ ਇੰਝ ਲਗਦਾ ਜਿਵੇਂ ਕੋਈ ਬਹੁਤ ਵਡਾ ਦੇਂਤ ਹੋਵੇ ਤੇ ਉਹਦੇ ਸਾਹਮਣੇ ਆਪਣੇ ਪਿਉ, ਆਪਣੇ ਭਰਾ, ਆਪਣੇ ਖਾਵੰਦ ਉਨ੍ਹਾਂ ਨੂੰ ਗਿਠਮੁਠੀਏ ਜਿਹੇ ਭਾਸਦੇ।

ਬਿਹਾਰੀ ਪਿੰਡ ਦੀਆਂ ਔਰਤਾਂ ਨੂੰ ਕਹਾਣੀਆ ਸੁਣਾਂਦਾ, ਨਾਲੇ ਉਨ੍ਹਾਂ ਦੇ ਹਰ ਤਰ੍ਹਾਂ ਦੇ ਕੰਮ ਟੋਰ ਦਿੰਦਾ। ਕਿਸੇ ਦਾ ਕੋਈ ਬਰਤਨ ਢੋਣ ਲਗਦਾ ਉਸਨੂੰ ਟਾਂਕਾ ਲਾ ਦਿੰਦਾ। ਕਿਸੇ ਦੇ ਜੰਦਰੇ ਦੀ ਕੁੰਜੀ ਗੁੰਮ ਜਾਂਦੀ ਉਹ ਨਵੀਂ ਕੁੰਜੀ ਬਣਾ ਦਿੰਦਾ। ਭਾਂਡਿਆਂ ਨੂੰ ਕਲੱਈ ਕਰਨਾ ਉਹਨੂੰ ਆਂਦਾ ਸੀ। ਬੱਚੇ ਬਿਹਾਰੀ ਦਾ ਨਾਂ ਸੁਣਕੇ ਖਿੜ ਪੁੜ ਜਾਂਦੇ। ਕਿਸੇ ਨੂੰ ਉਹ ਸਿਰ ਤੇ ਬਠਾ ਲੈਂਦਾ, ਕਿਸੇ ਨੂੰ ਮੋਢਿਆਂ ਤੇ ਚੁਕ ਲੈਂਦਾ, ਕਿਸੇ ਨੂੰ ਟੁੱਛੜ ਲੈ ਲੈਂਦਾ, ਕੋਈ ਉਹਦੀਆਂ ਟੰਗਾਂ ਨਾਲ ਚਿਮਟ ਜਾਂਦੇ। ਕਿਸੇ ਨੂੰ ਉਹ ਉਛਾਲਦਾ, ਕਿਸੇ ਨੂੰ ਨਚਾਂਦਾ, ਭੰਬੀਰੀ ਵਾਂਗ ਘੁੰਮ ਘੁੰਮ ਬੱਚਿਆਂ ਨੂੰ ਭਵਾਟੀਆਂ ਦਿੰਦਾ, ਗਲੀ ਗਲੀ ਬੱਚੇ "ਚਾਚਾ ਬਿਹਾਰੀ, ਚਾਚਾ ਬਿਹਾਰੀ" ਕਰਦੇ ਉਹਦੇ ਮਗਰ ਲਗੇ ਰਹਿੰਦੇ। ਤੇ ਪਿੰਡ ਦੀਆਂ ਔਰਤਾਂ ਆਪਣੇ ਬੱਚੇ ਬਿਹਾਰੀ ਕੇ ਹਵਾਲੇ ਕਰ ਆਪ ਕਪੜੇ ਧੋਣ

ਚਲੀਆਂ ਜਾਂਦੀਆਂ, ਡੰਗਰਾਂ ਨੂੰ ਪਾਣੀ ਪਿਲਾ ਲਿਆਂਦੀਆਂ, ਆਂਢ-ਗੁਆਂਢ ਪੁਗਾ ਲੈਂਦੀਆਂ।

ਬਿਹਾਰੀ ਜ਼ਿਤਨਾ ਚਿਰ ਪਿੰਡ ਰਹਿੰਦਾ ਇਕ ਗਹਿਮਾ ਗਹਿਮੀ ਮਚੀ ਰਹਿੰਦੀ, ਇਕ ਰੌਣਕ ਲਗੀ ਰਹਿੰਦੀ; ਕਿਤੇ ਖੇਡ ਰਿਹਾ ਹੁੰਦਾ, ਕਿਤੇ ਹੱਸ ਰਿਹਾ ਹੁੰਦਾ। ਥੀਏਟਰ ਦੇ ਗਾਣੇ ਤੇ ਤਰਜ਼ਾਂ ਬਿਹਾਰੀ ਨਾਲ ਹੀ ਪਿੰਡ ਵਿਚ ਆਂਦੇ ਤੇ ਕੁੜੀਆਂ-ਚਿੜੀਆਂ ਕਿਤਨਾ ਕਿਤਨਾ ਚਿਰ ਉਹਦਾ ਰਾਹ ਵੇਖਦੀਆਂ ਰਹਿੰਦੀਆਂ।

ਬਿਹਾਰੀ ਨੇ ਕਈ ਟੋਟਕੇ ਜ਼ਬਾਨੀ ਯਾਦ ਕਰ ਰਖੇ ਸਨ। ਦਿਕ ਤਪ ਤੋਂ ਲੈ ਕੇ ਜ਼ੁਕਾਮ ਤਕ ਹਰ ਬੀਮਾਰੀ ਦਾ ਇਲਾਜ ਉਹਨੂੰ ਆਉਂਦਾ ਸੀ। ਤੇ ਢੇਰ ਸਾਰੀਆਂ ਨਿਕੀਆਂ ਨਿਕੀਆਂ ਸ਼ੀਸ਼ੀਆਂ ਹਰ ਵੇਲੇ ਉਹ ਆਪਣੇ ਕੋਟ ਦੀ ਜੇਬ ਵਿਚ ਪਾਈ ਫਿਰਦਾ। ਜਿਥੇ ਕਿਸੇ ਨੂੰ ਕੋਈ ਤਕਲੀਫ਼ ਹੁੰਦੀ, ਭਾਵੇਂ ਅਗਲਾ ਠੀਕ ਹੋਵੇ ਨਾ ਹੋਵੇ ਇਲਾਜ ਬਿਹਾਰੀ ਦਾ ਹੀ ਕਰਦਾ। ਇਕ ਲਫ਼ਾਫ਼ਾ ਚੂਰਨ ਦਾ ਭਰਕੇ ਉਹ ਆਪਣੇ ਕੋਲ ਹਮੇਸ਼ ਰਖਦਾ ਤੇ ਨਿਕੇ ਵਡੇ ਉਹਦੇ ਚੂਰਨ ਦੀਆਂ ਚੁਟਕੀਆਂ ਖਾ ਖਾ ਚਸਕੇ ਲਾਂਦੇ ਰਹਿੰਦੇ।

ਬੇਰੀਆਂ ਦੇ ਬੇਰ ਤੋੜ ਤੋੜ ਬਿਹਾਰੀ ਬੱਚਿਆਂ ਵਿੱਚ ਵੰਡਦਾ ਰਹਿੰਦਾ। ਬੱਚਿਆਂ ਦੀਆਂ ਮਾਵਾਂ ਲਈ ਮੱਝਾਂ ਗਾਵਾਂ ਦੀਆਂ ਧਾਰਾਂ ਕਢ ਦਿੰਦਾ। ਇਕ ਪਿੰਡ ਦੇ ਦੂਜੇ ਪਿੰਡ ਸੁਨੇਹੇ ਲੈ ਜਾਂਦਾ। ਇਕ ਧੜੇ ਦਾ ਦੂਜੇ ਧੜੇ ਵਾਲਿਆਂ ਨਾਲ ਰਾਜ਼ੀਨਾਵਾਂ ਕਰਾਉਣ ਵਿਚ ਮਦਦ ਦਿੰਦਾ। ਗਰਮੀਆਂ ਵਿਚ ਕੋਠਿਆਂ ਤੇ ਲੋਕੀ ਸੌਂਦੇ, ਬਿਹਾਰੀ ਇਕ ਕੋਠੇ ਤੇ ਖੜੋਤਾ ਦੂਜੇ

ਕੋਠੇ ਵਾਲਿਆਂ ਨਾਲ ਗੱਲਾਂ ਕਰਦਾ ਰਹਿੰਦਾ, ਦੂਰ ਕਿਸੇ ਕੋਠੇ ਤੋਂ ਉਹਨੂੰ ਆਵਾਜ਼ਾਂ ਆਂਦੀਆਂ ਰਹਿੰਦੀਆਂ। ਕਿਸੇ ਨਾਲ ਉਹ ਟਿਚਕਰਾਂ ਕਰਦਾ, ਕੋਈ ਉਹਦੇ ਨਾਲ ਮਖ਼ੌਲ ਕਰਦੇ ਰਹਿੰਦੇ।

ਬਿਹਾਰੀ ਮੂੰਹ ਨਾਲ ਬੈਂਡ ਬਾਜਾ ਵਜਾ ਲੈਂਦਾ। ਮਹਿੰ, ਸਪ, ਘੋੜੇ, ਘੋੜੇ, ਸ਼ੇਰ, ਬਕਰੀ ਹਰ ਜਾਨਵਰ, ਹਰ ਪੰਛੀ ਦੀ ਆਵਾਜ਼ ਆਪਣੇ ਮੂੰਹ ਤੋਂ ਕਢ ਲੈਂਦਾ ਤੇ ਕਿਤਨਾ ਕਿਤਨਾ ਚਿਰ ਇੰਝ ਕਰਦਾ ਨਿਕਿਆਂ-ਵੱਡਿਆਂ ਨੂੰ ਹਸਾ ਹਸਾ ਮਾਰਦਾ। ਉਹਨੂੰ ਮਦਾਰੀਆਂ ਵਾਲੀਆਂ ਚਲਾਕੀਆਂ ਵੀ ਕਈ ਆਂਦੀਆਂ ਸਨ। ਕਿਸੇ ਦੀ ਜੇਬ ਵਿਚੋਂ ਆਨਾ ਕਢਕੇ ਆਪਣੀ ਮੁਠੀ ਵਿਚ ਲੈ ਆਂਦਾ। ਆਪਣੀ ਮੁਠੀ ਦੀ ਕੋਈ ਚੀਜ਼ ਕਿਸੇ ਦੀ ਜੇਬ ਵਿਚ ਭੇਜ ਦਿੰਦਾ। ਕੱਚ ਦੇ ਗਲਾਸ ਹੇਠ ਕੋਈ ਚੀਜ਼ ਰਖਦਾ। ਅਖਾਂ ਬੰਦ ਕਰਕੇ ਕੁਝ ਪੜ੍ਹਦਾ ਤੇ ਹੇਠੋਂ ਚੀਜ਼ ਗ਼ਾਇਬ ਹੋ ਜਾਂਦੀ। ਫੇਰ ਉਂਝ ਦਾ ਉਂਝ ਗਲਾਸ ਨੂੰ ਰਖਿਆ ਇਕ ਹੋਰ ਮੰਤਰ ਪੜ੍ਹਦਾ ਤੇ ਚੀਜ਼ ਵਾਪਸ ਆ ਜਾਂਦੀ। ਲੋਕੀ ਚਕ੍ਰਿਤ ਉਹਦੇ ਮੂੰਹ ਵਲ ਵੇਖਦੇ ਰਹਿੰਦੇ। ਤੇ ਬਿਹਾਰੀ ਕਹਿੰਦਾ ਇਹ ਕੋਈ ਜਾਦੂ ਨਹੀਂ ਸੀ। ਇਹ ਤੇ ਹਥ ਦੀ ਸਫ਼ਾਈ ਸੀ। ਤੇ ਪੇਂਡੂ ਹੋਰ ਇਸ ਤੇ ਹੈਰਾਨ ਹੁੰਦੇ।

ਇੰਝ ਹਸਦਾ ਖੇਡਦਾ ਬਿਹਾਰੀ ਇਕ ਦਿਨ ਗ਼ਾਇਬ ਹੋ ਜਾਂਦਾ। ਤੇ ਫੇਰ ਪਿੰਡ ਵਿਚ ਸ਼ਾਂਤੀ ਵਰਤ ਜਾਂਦੀ। ਫੇਰ ਨੌਕੀ ਬਿਹਾਰੀ ਨੂੰ ਦਿਲ ਹੀ ਦਿਲ ਵਿੱਚ ਉਡੀਕਣ ਲਗਦੇ। ਫੇਰ ਔਰਤਾਂ ਹਰ ਰੋਜ਼ ਦੇ ਧੰਦਿਆਂ ਵਿਚ ਬਿਹਾਰੀ ਦੀ ਲੋੜ ਨੂੰ ਮਹਿਸੂਸ ਕਰਨ ਲਗਦੀਆਂ। ਫੇਰ ਬੱਚੇ

ਬਿਹਾਰੀ ਦਾ ਨਾਂ ਲੈ ਲੈ ਕੇ ਸਾਥੀਆਂ ਨੂੰ ਝਕਾਂਦੇ ਰਹਿੰਦੇ।

ਤੇ ਇੰਝ ਸਾਲ ਦਸ ਮਹੀਨੇ ਬਾਹਰ ਰਹਿਕੇ ਬਿਹਾਰੀ ਫੇਰ ਮੁੜ ਆਂਦਾ।

ਕਿਸੇ ਨੂੰ ਨਹੀਂ ਸੀ ਪਤਾ ਹੁੰਦਾ ਬਿਹਾਰੀ ਕਿਥੇ ਜਾਂਦਾ ਹੈ, ਕਿਥੇ ਰਹਿੰਦਾ ਹੈ, ਕੀ ਕੰਮ ਕਰਦਾ ਹੇ। ਜਿਤਨਾ ਚਿਰ ਉਹ ਪਿੰਡ ਰਹਿੰਦਾ, ਲੋਕੀ ਹਸਦੇ ਖੇਡਦ ਉਹਦੇ ਨਾਲ ਇਹ ਭੁਲ ਹੀ ਜਾਂਦੇ ਕਿ ਮਹੀਨਾ ਡੇਢ ਰਹਿ ਕੇ ਬਿਹਾਰੀ ਨੇ ਹਰ ਸਾਲ ਵਾਂਗ ਚੁਪਾਤੇ ਹੀ ਕਿਤੇ ਗੁੰਮ ਜਾਣਾ ਸੀ।

ਤੇ ਹਮੇਸ਼ ਜਦੋਂ ਉਹ ਚਲਾ ਜਾਂਦਾ, ਔਰਤਾਂ ਹਥ ਮਲਦੀਆਂ, ਕਾਸ਼ ਕਿ ਉਸਤੋਂ ਉਹਦਾ ਪਤਾ ਹੀ ਲੈ ਲਿਆ ਹੁੰਦਾ। ਤੇ ਨਿੱਕੇ ਨਿੱਕੇ ਕੰਮ ਉਹ ਬਿਹਾਰੀ ਲਈ ਇਕੱਠੇ ਕਰਦੀਆਂ ਰਹਿੰਦੀਆਂ। ਕਿਸੇ ਦੀ ਸੰਗਲੀ ਟੁਟ ਜਾਂਦੀ ਤੇ ਬਿਹਾਰੀ ਲਈ ਸਾਂਭ ਕੇ ਰਖ ਛਡਦੀ। ਕਿਸੇ ਦੀ ਖੜਾਂਵ ਦਾ ਕੋਕਾ ਨਿਕਲ ਜਾਂਦਾ ਤੇ ਬਿਹਾਰੀ ਦੀ ਉਡੀਕ ਕਰਦੀ ਰਹਿੰਦੀ। ਕਿਸੇ ਨੂੰ ਘਰ ਲਿੰਬਣਾ-ਪੋਚਣਾ ਹੁੰਦਾ ਤੇ ਸੋਚਦੀ ਬਿਹਾਰੀ ਜਦੋਂ ਆਏਗਾ ਉਹਦੀ ਮਦਦ ਹੋ ਜਾਵੇਗੀ। ਖੂਹ ਵਿੱਚ ਕਿਸੇ ਦੀ ਬਾਲਟੀ ਡਿਗ ਜਾਂਦੀ, ਇਕ ਦੋ ਵਾਰ ਕੋਸ਼ਸ਼ ਕਰਕੇ ਲੋਕੀ ਛਡ ਦਿੰਦੇ; ਆਪੇ ਬਿਹਾਰੀ ਆਏਗਾ ਤੇ ਕੁੰਡਾ ਫੇਰ ਕੇ ਕਢ ਦੇਵੇਗਾ। ਤੇ ਇੰਝ ਹਰ ਵੇਹੜੇ ਵਿੱਚ, ਹਰ ਘਰ ਵਿੱਚ ਕੋਈ ਨਾ ਕੋਈ ਕੰਮ ਬਿਹਾਰੀ ਦੀ ਜ਼ਰੂਰ ਇੰਤਜ਼ਾਰ ਕਰ ਰਿਹਾ ਹੁੰਦਾ।

ਤੇ ਜਦੋਂ ਬਿਹਾਰੀ ਆਂਦਾ ਫ਼ਰਮਾਇਸ਼ਾਂ ਦੀ ਬੋਛਾੜ ਜਿਵੇਂ ਇਕਦਮ ਉਸ ਤੇ ਹੋ ਪੈਂਦੀ। ਤੇ ਉਹ ਹਸ ਹਸ ਸਭ ਦੇ ਕੰਮ ਕਰਦਾ ਰਹਿੰਦਾ। ਜਿਉਂ ਜਿਉਂ ਉਹ ਕੰਮ ਮੁਕਾਂਦਾ ਹੇਰ

ਹੋਰ ਕੰਮ ਉਸ ਲਈ ਨਿਕਲਦੇ ਆਂਦੇ। ਕਿਸੇ ਦੀ ਚੱਕੀ ਦੇ ਪੁੜਾਂ ਨੂੰ ਛੈਣੀ ਨਾਲ ਚੰਭਦਾ, ਕਿਸੇ ਦੇ ਬਲਦਾਂ ਨੂੰ ਨਾਅਲ ਲਾ ਦਿੰਦਾ, ਕਿਸੇ ਦੀ ਮਹਿੰ ਦੀ ਨੱਥ ਪਾ ਦਿੰਦਾ, ਕਿਸੇ ਦਾ ਛਤ ਲੇਪਣ ਲਈ ਗੋਹੇ ਦਾ ਪ੍ਰਬੰਧ ਕਰ ਦਿੰਦਾ, ਖੂਹ ਦੀ ਚਰਖੜੀ ਹਰ ਸਾਲ ਜਦੋਂ ਉਹ ਆਂਦਾ ਟੁਟੀ ਹੋਈ ਹੁੰਦੀ ਤੇ ਹਰ ਸਾਲ ਉਸਨੂੰ ਨਵੇਂ ਸਿਰਿਉਂ ਉਹ ਬਣਾਂਦਾ।

ਜਿਸ ਗਲੀ ਵਿਚੋਂ ਬਿਹਾਰੀ ਗੁਜ਼ਰਦਾ ਹਰ ਵਿਹੜੇ ਵਿਚ ਉਸਨੂੰ ਰੁਕਣਾ ਪੈਂਦਾ, ਘਰ ਦੇ ਹਰ ਬੰਦੇ ਨਾਲ ਉਹਨੂੰ ਗੱਲ ਕਰਨੀ ਪੈਂਦੀ। ਬਾਜ਼ਾਰ ਵਿੱਚ ਹਰ ਹੱਟੀ ਵਾਲਾ ਉਸਨੂੰ ਗੱਲਾਂ ਲਾ ਲੈਂਦਾ। ਕਿਸ ਵੇਲੇ ਬਿਹਾਰੀ ਕਿਥੇ ਬੈਠਾ ਹੈ, ਸਾਰੇ ਦੇ ਸਾਰੇ ਪਿੰਡ ਨੂੰ ਇਹ ਪਤਾ ਹੁੰਦਾ। ਕਦੀ ਉਸਨੂੰ ਇਕ ਮਹੱਲੇ ਤੋਂ ਦੂਜੇ ਮਹੱਲੇ ਜਾਣਾ ਹੁੰਦਾ ਤਾਂ ਰਸਤੇ ਵਿਚ ਕਦਮ ਕਦਮ ਤੇ ਖਲੇ ਖਲੇ ਉਹਦਾ ਅਧਾ ਅਧਾ ਦਿਨ ਵਿੱਚ ਹੀ ਲਗ ਜਾਂਦਾ। ਤਕੀਏ ਤੇ ਇਕੱਠੇ ਹੋਏ ਮਰਦਾਂ ਵਿੱਚ, ਖੂਹ ਤੇ ਪਾਣੀ ਭਰਨ ਆਈਆਂ ਕੁੜੀਆਂ ਵਿੱਚ, ਨਦੀ ਤੇ ਕਪੜੇ ਧੋਂਦੀਆਂ ਔਰਤਾਂ ਵਿੱਚ, ਖੇਤਾਂ ਵਿਚ ਕੰਮ ਕਰਦੇ ਕਿਸਾਨਾਂ ਵਿੱਚ, ਸਕੂਲ ਦੇ ਅਧੀ ਛੁਟੀ ਵੇਲੇ ਇਕੱਠੇ ਹੋਏ ਬੱਚਿਆਂ ਵਿੱਚ, ਗੁਰਦਵਾਰੇ ਵਿੱਚ ਭੋਗ ਦੀ ਉਡੀਕ ਵਿੱਚ ਬੈਠੇ ਬੁਢੇ-ਬੁਢੀਆਂ ਵਿੱਚ, ਕਿਸੇ-ਨ-ਕਿਸੇ ਤਰ੍ਹਾਂ ਬਿਹਾਰੀ ਦੀ ਚਰਚਾ ਛਿੜ ਪੈਂਦੀ ਤੇ ਕਿਤਨਾ ਕਿਤਨਾ ਚਿਰ ਬਸ ਉਸਦਾ ਹੀ ਜ਼ਿਕਰ ਹੁੰਦਾ ਰਹਿੰਦਾ।

ਤੇ ਇੰਝ ਕਈ ਸਾਲ ਗੁਜ਼ਰ ਗਏ। ਬਿਹਾਰੀ ਇਕ ਮਹਿਮਾਨ ਦੀ ਤਰ੍ਹਾਂ ਪਿੰਡ ਵਿੱਚ ਆਂਦਾ। ਖੁਸ਼-ਖੁਸ਼ੀਆਂ ਇਕ ਮਹਿਮਾਨ ਦੀ ਤਰ੍ਹਾਂ ਰਹਿੰਦਾ ਤੇ ਫੇਰ ਚੁਪੀਤੇ ਹੀ

ਚਲਾ ਜਾਂਦਾ।

ਇਕ ਵਾਰ ਜਦੋਂ ਬਿਹਾਰੀ ਪਿੰਡ ਵਿੱਚ ਆਇਆ ਹੋਇਆ ਸੀ, ਕੁੜੀਆਂ ਦੀ ਸਕੂਲ ਦੀ ਉਸਤਾਨੀ ਦਾ ਖ਼ਾਵੰਦ ਮਰ ਗਿਆ। ਰਾਮ ਜਵਾਈ ਪਿੰਡ ਤੋਂ ਬਾਹਰ ਸਕੂਲ ਕੋਲ ਰਹਿੰਦੀ ਸੀ। ਪੰਦਰਾਂ ਸਾਲ ਵਿਆਹੇ ਰਾਮ ਜਵਾਈ ਨੂੰ ਹੋ ਗਏ ਸਨ ਪਰ ਉਸਦਾ ਕੋਈ ਬੱਚਾ ਨਹੀਂ ਸੀ ਹੋਇਆ, ਹੋਰ ਕੋਈ ਰਿਸ਼ਤੇਦਾਰ ਪਿੰਡ ਵਿੱਚ ਨਹੀਂ ਸੀ। ਖ਼ਾਵੰਦ ਨੂੰ ਜਦੋਂ ਸਾੜਕੇ ਮੁੜੀ, ਰਾਮ ਜਵਾਈ ਨੂੰ ਘਰ ਆਪਣਾ ਜਿਵੇਂ ਖਾਣ ਨੂੰ ਪੈਂਦਾ। ਬਿਹਾਰੀ ਜਿਹੜਾ ਸਾਰਾ ਦਿਨ ਚਿਖਾ ਲਈ ਲਕੜੀਆਂ ਇਕੱਠਾ ਕਰਨ, ਤਖ਼ਤਾ ਬਨਾਉਣ, ਫੁਲਾਂ ਦੇ ਹਾਰ ਪਰੋਣ, ਮਸਾਣਾਂ ਤੇ ਕੀਰਤਨ ਆਦਿ ਦਾ ਪ੍ਰਬੰਧ ਕਰਦਾ ਰਿਹਾ, ਅਜੇ ਵੀ ਵਿਹੜੇ ਵਿੱਚ ਵਿਛੀਆਂ ਦਰੀਆਂ ਨੂੰ ਇਕੱਠਾ ਕਰ ਰਿਹਾ ਸੀ। ਬਾਕੀ ਲੋਕ ਸਾਰੇ ਇਕ ਇਕ ਕਰਕੇ ਕਿਰ ਗਏ ਸਨ।

ਬਿਹਾਰੀ ਕਿਤਨਾ ਚਿਰ ਦਰੀਆਂ ਨੂੰ ਛੰਡਦਾ ਰਿਹਾ, ਸਾਂਭਦਾ ਰਿਹਾ। ਘੜਿਆਂ ਵਿੱਚ ਪਾਣੀ ਖ਼ਤਮ ਸੀ। ਆਪ ਹੀ ਆਪ ਖੂਹ ਤੋਂ ਪਾਣੀ ਲੈਣ ਚਲਾ ਗਿਆ। ਆਕੇ ਉਸਨੇ ਗਾਂ ਲਈ ਗੁਤਾਵਾ ਕੀਤਾ, ਬਕਰੀ ਨੂੰ ਪਿਪਲੀ ਦੇ ਪੱਤੇ ਕਟਕੇ ਪਾਏ, ਕੁਕੜੀਆਂ ਲਈ ਦੋਗਾ ਖਲੇਰਿਆ। ਇਤਨੇ ਵਿੱਚ ਜ਼ਰਾ ਜ਼ਰਾ ਹਨੇਰਾ ਹੋ ਗਿਆ ਸੀ। ਉਸਨੇ ਲਾਲਟੈਨ ਦੀ ਚਿਮਨੀ ਨੂੰ ਸਾਫ਼ ਕੀਤਾ ਤੇ ਲਾਲਟੈਨ ਨੂੰ ਜਗਾ ਕੇ ਸੁਫ਼ੇ ਵਿੱਚ ਜਾ ਰਖਿਆ। ਮਿੱਟੀ ਦੇ ਤੇਲ ਦੀ ਰੋਸ਼ਨੀ ਘਰ ਦੀ ਸੋਗਵਾਰ ਵੀਰਾਨਗੀ ਨੂੰ ਘਟ ਕਰਨ ਦੀ ਵਿਅਰਥ ਕੋਸ਼ਸ਼ ਕਰ ਰਹੀ ਸੀ। ਰਾਮ ਜਵਾਈ ਮਸਾਣਾਂ ਤੋਂ ਮੁੜੀ, ਬਕੀ

ਹਾਰੀ ਇਕ ਚਾਰਪਾਈ ਤੇ ਮੂਧੀ ਜਾ ਪਈ । ਸਾਹਮਣੇ ਖ਼ਾਵੰਦ ਦੀ ਖਾਲੀ ਚਾਰਪਾਈ ਨੂੰ ਵੇਖਦੀ ਤੇ ਮੁੜ ਮੁੜ ਉਸਨੂੰ ਡੋਬ ਪਏ ਪੈਂਦੇ । ਘਰ ਦੇ ਨਿਕਸੁਕ ਨੂੰ ਸਾਂਭਦਾ-ਸਲੀਹਟਦਾ ਬਿਹਾਰੀ ਨੂੰ ਕਿਤਨਾ ਚਿਰ ਗੁਜ਼ਰ ਗਿਆ । ਫੇਰ ਉਸਨੇ ਗਾਂ ਦੀ ਧਾਰ ਕਢੀ। ਬਕਰੀ ਨੂੰ ਚੋਇਆ । ਤੇ ਦੁਧ ਗਰਮ ਕਰ, ਬਾਜ਼ਾਰੋਂ ਇਕ ਪਾ ਜਲੇਬੀਆਂ ਲਿਆ ਕੇ, ਵਿਚਾਰੀ ਰਾਮ ਜਵਾਈ ਲਈ ਖੀਰ ਜਹੀ ਬਣਾਈ। ਕੁਝ ਰਾਮ ਜਵਾਈ ਨੇ ਖਾਧੀ, ਕੁਝ ਬਿਹਾਰੀ ਲਈ ਬਚ ਗਈ। ਬਾਕੀ ਦੁਧ ਨੂੰ ਉਸਨੇ ਜਾਗ ਲਾ ਕੇ ਜਮਾਣ ਲਈ ਸਾਂਭ ਛਡਿਆ ।

ਇਤਨੇ ਵਿੱਚ ਰਾਤ ਬਹੁਤ ਹੋ ਗਈ। ਬਾਹਰ ਪਿੰਡ ਦਾ ਠੀਕਰੀ ਪਹਿਰਾ ਸ਼ੁਰੂ ਹੋ ਗਿਆ। ਜਦੋਂ ਘਰ ਦਾ ਸਾਰਾ ਕੰਮ ਕਾਜ ਕਰ ਚੁਕਾ ਬਿਹਾਰੀ ਡਾਢਾ ਥਕ ਗਿਆ ਸੀ। ਨਾਲੇ ਇਡਾ ਵਡਾ ਵਿਹੜਾ, ਇਤਨਾ ਵਡਾ ਘਰ, ਪਿੰਡ ਤੋਂ ਬਾਹਰਵਾਰ, ਬਿਹਾਰੀ ਨੇ ਸੋਚਿਆ, ਰਾਮ ਜਵਾਈ ਕਲ-ਮੁਕੱਲੀ ਕਿੰਝ ਇਸ ਘਰ ਵਿੱਚ ਰਹੇਗੀ, ਤੇ ਸੁਫ਼ੇ ਵਿਚ ਸਾਹਮਣੇ ਪਈ ਮੰਜੀ ਤੇ ਉਹ ਪੈ ਗਿਆ ।

ਤੇ ਇੰਝ ਅਗਲੇ ਰੋਜ਼ ਫੇਰ ਬਿਹਾਰੀ ਉਥੇ ਹੀ ਆ ਸੁੱਤਾ । ਤੇ ਇਸ ਤਰ੍ਹਾਂ ਅਗਲੇ ਰੋਜ਼, ਫੇਰ ਅਗਲੇ ਰੋਜ਼। ਜਦੋਂ ਬਿਹਾਰੀ ਨਾ ਆਂਦਾ ਰਾਮ ਜਵਾਈ ਉਸਨੂੰ ਸੱਦ ਭੇਜਦੀ।

ਤੇ ਇੰਝ ਰਾਮਜਵਾਈ ਦਾ ਸਾਥ ਦਿੰਦਾ ਦਿੰਦਾ ਬਿਹਾਰੀ ਰਾਮਜਵਾਈ ਦੇ ਇਤਨਾ ਨੇੜੇ ਹੋ ਗਿਆ ਕਿ ਬਹੁਤੇ ਦਿਨ ਨਹੀਂ ਸਨ ਗੁਜ਼ਰੇ ਕਿ ਰਾਮਜਵਾਈ ਨੇ ਪਿੰਡ ਦੇ ਚਾਰ ਭਲੇਮਾਣਸਾਂ ਨੂੰ ਬੁਲਾਕੇ ਬਿਹਾਰੀ ਨਾਲ ਚਾਦਰਾਂ ਪਵਾ ਲਈਆਂ ।

ਬਿਹਾਰੀ ਨੂੰ ਕਝ ਸਮਝ ਨਹੀਂ ਸੀ ਆਂਦੀ। ਇਕ-ਅਧ ਦਿਨ ਪਿੰਡ ਦੇ ਲੋਕਾਂ ਨੇ ਚਰਚਾ ਕੀਤੀ, ਫੇਰ ਸਭ ਭੁਲ ਭੁਲਾ ਗਏ।

ਰਾਮਜਵਾਈ ਦਾ ਖ਼ਾਵੰਦ ਬਿਹਾਰੀ ਸਾਰਾ ਸਾਰਾ ਦਿਨ ਬਸ ਆਪਣੇ ਘਰ ਦੇ ਆਹਰ ਹੀ ਲਗਾ ਰਹਿੰਦਾ। ਬਾਹਰ ਕਦੀ ਜੇ ਉਹ ਕਿਸੇ ਦਾ ਕੰਮ ਕਰਦਾ ਤਾਂ ਰਾਮਜਵਾਈ ਨੂੰ ਬੁਰਾ ਲਗਦਾ। ਗਲੀ-ਮਹੱਲੇ ਦੇ ਬੱਚਿਆਂ ਨਾਲ ਇਕ ਤੋਂ ਦੂਜੀ ਰੱਲ ਨਹੀਂ ਸੀ ਉਹ ਕਰ ਸਕਦਾ। ਸਾਰੇ ਦੇ ਸਾਰੇ ਉਹਦੇ ਮੂੰਹ ਵਲ ਵੇਖਦੇ ਰਹਿੰਦੇ, "ਬਿਹਾਰੀ ਚਾਚਾ, ਬਿਹਾਰੀ ਚਾਚਾ" ਕਰਦੇ ਰਹਿੰਦੇ ਤੇ ਉਹ ਘਰ ਆਪਣੇ ਨਸ ਆਂਦਾ। ਕਦੀ ਕੋਈ ਜੇ ਬਿਹਾਰੀ ਨਾਲ ਟਿਚਕਰ ਕਰਦਾ, ਕਦੀ ਕੋਈ ਔਰਤ ਜੇ ਬਿਹਾਰੀ ਨੂੰ ਆਪਣਾ ਜਾਦੂ ਦਾ ਤਮਾਸ਼ਾ ਦਸਣ ਲਈ ਕਹਿੰਦੀ ਤਾਂ ਰਾਮਜਵਾਈ ਲੋਕਾਂ ਨੂੰ ਲਖ ਲਖ ਗਾਲ੍ਹਾਂ ਕਢਦੀ।

ਬਿਹਾਰੀ ਸਾਰਾ ਦਿਨ ਰਾਮਜਵਾਈ ਦੇ ਘਰ ਦੀ ਚਾਰ-ਦੀਵਾਰੀ ਵਿਚ ਡਕਿਆ ਰਹਿੰਦਾ। ਰਾਮਜਵਾਈ ਪੜ੍ਹਾਣ ਜਾਂਦੀ, ਪੜ੍ਹਾਕੇ ਆਂਦੀ, ਬਿਹਾਰੀ ਨੂੰ ਘਰ ਵੇਖਕੇ ਡਾਢੀ ਖ਼ੁਸ਼ ਹੁੰਦੀ।

ਕਿਤਨੇ ਦਿਨ ਇੰਝ ਗੁਜ਼ਰ ਗਏ।

ਫੇਰ ਇਕ ਰੋਜ਼ ਕੰਧ ਟਪਕੇ ਬਿਹਾਰੀ ਆਪਣੇ ਘਰ ਤੋਂ ਬਾਹਰ ਨਿਕਲ ਆਇਆ। ਰਾਮਜਵਾਈ ਦੀ ਕੁੰਡੀ ਉਂਝ ਦੀ ਉਂਝ ਲਗੀ ਰਹੀ। ਕਿਤਨਾ ਚਿਰ ਗਲੀ-ਮਹੱਲੇ ਦੇ ਬੱਚਿਆਂ ਨਾਲ ਉਹ ਖੇਡਦਾ ਰਿਹਾ। ਕਿਸੇ ਦੀ ਮੰਜੀ ਦੀ ਦਾਵਣ ਖਿੱਚਣੀ ਸੀ ਬਿਹਾਰੀ ਨੇ ਉਹ ਖਿੱਚੀ, ਕਿਸੇ ਦਾ ਤਰਕੱਲਾ

ਵਿੰਗਾ ਹੋਇਆ ਸੀ ਬਿਹਾਰੀ ਨੇ ਉਹ ਸਿਧਾ ਕੀਤਾ, ਅੰਬੀਆਂ ਟੁਕਣ ਵਾਲਾ ਟੋਕਾ ਕਿਸੇ ਦਾ ਖੁੰਢਾ ਹੋਇਆ ਸੀ ਬਿਹਾਰੀ ਨੇ ਉਸਨੂੰ ਤੇਜ਼ ਕੀਤਾ। ਖੂਹ ਵਿਚ ਕੁੰਡਾ ਫੇਰ ਪਿਛਲੇ ਕਿਤਨੇ ਚਿਰ ਜਿਤਨੀਆਂ ਬਾਲਣੀਆਂ ਵਿੱਚ ਤਿਰੀਆਂ ਸਨ ਸਾਰੀਆਂ ਉਸ ਕਢ ਛਡੀਆਂ। ਬਾਜ਼ਾਰ ਵਿਚ ਬਹਿਕੇ ਗੱਲਾਂ ਕਰਦਾ ਰਿਹਾ, ਤ੍ਰਿੰਜਣਾਂ ਵਿਚ ਔਰਤਾਂ ਨੂੰ ਕਹਾਣੀਆਂ ਸੁਣਾ ਸੁਣਾ ਕੇ ਖੁਸ਼ ਕਰਦਾ ਰਿਹਾ। ਮੂੰਹ ਨਾਲ ਪੀਪਣੀਆਂ ਬਜਾ ਕੇ ਬੱਚਿਆਂ ਨੂੰ ਹਸਾ ਹਸਾ ਮਾਰਦਾ ਰਿਹਾ। ਫ਼ਸਲਾਂ ਵਿਚ ਕਿਰਸਾਨਾਂ ਨੂੰ ਰਾਏ ਦਿੰਦਾ ਰਿਹਾ, ਕੰਮ ਵਿਚ ਹਥ ਵਟਾਂਦਾ ਰਿਹਾ।

ਤੇ ਇੰਝ ਸ਼ਾਮ ਹੋ ਗਈ। ਉਹਦੀ ਤ੍ਰੀਮਤ ਦੇ ਘਰ ਮੁੜਨ ਦਾ ਵੇਲਾ ਹੋ ਗਿਆ। ਬਿਹਾਰੀ ਤਾਂ ਵੀ ਕਿਤੇ ਬੈਠਾ ਆਪਣੀ ਰੌਣਕ ਲਾਏ ਹੋਏ ਸੀ। ਦਿਨ ਦੀ ਰੋਟੀ ਵੀ ਬਿਹਾਰੀ ਨੇ ਬਾਹਰ ਜਿਥੇ ਬੈਠਾ ਸੀ ਉਥੇ ਖਾਧੀ, ਸ਼ਾਮ ਦੀ ਰੋਟੀ ਵੀ ਉਸਨੇ ਬਾਹਰ ਹੀ ਖਾ ਲਈ। ਤੇ ਇੰਝ ਫੇਰ ਰਾਤ ਗਏ ਤਕ ਇਕ ਵਿਹੜੇ ਵਿੱਚ ਬੈਠਾ ਬਿਹਾਰੀ ਆਪਣੀ ਹਥ ਦੀ ਸਫ਼ਾਈ ਦੇ ਤਮਾਸ਼ੇ ਵਿਖਾਂਦਾ ਰਿਹਾ।

ਰਾਤ ਬਹੁਤ ਹੋ ਗਈ। ਲੋਕੀ ਕਿਰਨੇ ਸ਼ੁਰੂ ਹੋ ਪਏ। ਘਰ ਵਾਲੇ ਵੀ ਇਕ ਇਕ ਕਰਕੇ ਸੌਣ ਲਗੇ। ਬਿਹਾਰੀ ਨੂੰ ਅਚਾਨਕ ਮਹਿਸੂਸ ਹੋਇਆ ਅਜ ਉਸਨੂੰ ਉਥੇ ਰਹਿਣ ਲਈ ਕਿਸੇ ਨੇ ਨਹੀਂ ਸੀ ਕਿਹਾ।

ਵਾਪਸ ਘਰ ਮੁੜਦਾ ਬਿਹਾਰੀ ਸੋਚਦਾ ਰਾਮਜੀਵਾਈ ਨੂੰ ਉਹ ਕੀ ਕਹੇਗਾ, ਉਹਦੇ ਮੂੰਹ ਕਿੰਝ ਲਗੇਗਾ, ਉਹਨੂੰ ਕੀ ਜਵਾਬ ਦਏਗਾ, ਸਾਰਾ ਦਿਨ ਕਿਥੇ ਰਿਹਾ ਸੀ, ਰੋਟੀ ਖਾਣ

ਕਿਉਂ ਨਹੀਂ ਆਇਆ ਸੀ, ਕਿਉਂ ਉਸਨੇ ਲੋਕਾਂ ਨਾਲ ਬੈਠਕੇ ਫ਼ਜ਼ੂਲ ਗੱਲਾਂ ਕੀਤੀਆਂ ਸਨ। ਤੇ ਸਾਹਮਣੇ ਉਹਦੀ ਨਜ਼ਰ ਸੜਕ ਤੇ ਪਈ, ਸੜਕ ਜਿਹੜੀ ਪਿੰਡ ਤੋਂ ਬਾਹਰ ਲੈ ਜਾਂਦੀ ਸੀ। ਦੂਰ ਬਹੁਤ ਦੂਰ। ਦੂਰ ਬਹੁਤ ਦੂਰ ਤੇਲ ਦੀਆਂ ਕਾਲੀਆਂ ਲਿਸ਼ ਲਿਸ਼ ਕਰਦੀਆਂ ਸੜਕਾਂ ਵਲ, ਦੂਰ ਬਹੁਤ ਦੂਰ ਚਿਟੀ ਚਿਟੀ ਦੁਧ ਬਰਫ਼ ਤੇ ਆਕਾਸ਼ ਨਾਲ ਗੱਲਾਂ ਕਰ ਰਹੀਆਂ ਪਹਾੜੀਆਂ ਦੀਆਂ ਚੋਟੀਆਂ ਵਲ। ਦੂਰ ਬਹੁਤ ਦੂਰ, ਤੇਜ਼-ਘੂੰਠੀਆਂ ਹੋਈਆਂ ਜਾਂਦੀਆਂ ਮੋਟਰਾਂ, ਹਵਾ ਵਿਚ ਉਡਦੇ ਜਹਾਜ਼ਾਂ, ਪਾਣੀਆਂ ਨੂੰ ਚੀਰਦੇ ਹੋਏ ਉਲਾਂਘਦੇ ਹੋਏ ਅਗਨ-ਬੋਟਾਂ ਵਲ, ਦੂਰ ਬਹੁਤ ਦੂਰ, ਕੁਤਬ ਸਾਹਿਬ ਦੀ ਲਾਠ, ਅਜੰਤਾ ਐਲੋਰਾ ਦੀਆਂ ਗੁਫਾਂ, ਮੁਗ਼ਲਾਂ ਦੇ ਮਹਿਲ, ਕਿਲ੍ਹੇ, ਬਾਗ਼, ਮਸਜਦਾਂ, ਸਰਾਵਾਂ ਵਲ। ਕਿਤਨਾ ਚਿਰ ਬਿਹਾਰੀ ਉਸ ਸੜਕ ਵਲ ਵੇਖਦਾ ਰਿਹਾ, ਵੇਖਦਾ ਰਿਹਾ, ਇਕ ਨਸ਼ੇ ਵਿਚ, ਇਕ ਸਰੂਰ ਵਿਚ।

ਤੇ ਫੇਰ ਅਖਾਂ ਬੰਦ ਕਰ ਬਿਹਾਰੀ ਉਸ ਸੜਕ ਤੇ ਪੈ ਗਿਆ। ਕੰਨ ਵਲ੍ਹੇਟ ਕੇ ਪਿੰਡ ਤੋਂ ਨਿਕਲ ਆਇਆ ਜਿਵੇਂ ਕਿਤਨੇ ਸਾਲ ਤੋਂ ਉਹ ਕਰ ਰਿਹਾ ਸੀ, ਜਿਵੇਂ ਕਿਤਨਾ ਚਿਰ ਹੋਇਆ ਪਹਿਲੀ ਵਾਰ ਉਸ ਕੀਤਾ ਸੀ ਜਦੋਂ ਉਸ ਹੋਸ਼ ਮਸਾਂ ਹੀ ਸੰਭਾਲੀ ਸੀ। ਬਿਹਾਰੀ ਟੁਰਦਾ ਗਿਆ, ਟੁਰਦਾ ਗਿਆ। ਜਦੋਂ ਉਸਨੂੰ ਰਾਮਜਵਾਈ ਦਾ ਖ਼ਿਆਲ ਆਉਂਦਾ ਉਹਦੇ ਕਦਮ ਝਟ ਦੇ ਝਟ ਲਈ ਲੜਖੜਾਣ ਲਗਦੇ, ਫੇਰ ਤੇਜ਼ ਹੋ ਜਾਂਦੇ।

ਅਗਲੀ ਸਵੇਰ ਗਡੀ ਵਿਚ ਬੈਠਾ ਬਿਹਾਰੀ ਕਿਤੇ ਦਾ ਕਿਤੇ ਨਿਕਲ ਆਇਆ ਸੀ। ਦੂਰ ਬਹੁਤ ਦੂਰ।

ਇਨਸਾਨੀਅਤ

ਬਲੋਚ ਫ਼ੌਜੀ ਸਿਪਾਹੀ ਮਿਲਟਰੀ ਦੀ ਟਰੱਕ ਵਿਚ ਕੁਕੜਾਂ ਵਾਂਗ ਲਦ ਗਏ ਸਨ। ਉਨ੍ਹਾਂ ਦਾ ਸਾਮਾਨ ਸਵੇਰੇ ਇਕ ਵੈਪਨ ਕੈਰੀਅਰ ਵਿਚ ਭੇਜਿਆ ਜਾ ਚੁਕਾ ਸੀ। ਹਰ ਫ਼ੌਜੀ ਕੋਲ ਬਸ ਆਪਣੀ ਆਪਣੀ ਬੰਦੂਕ ਸੀ। ਸਮਾਂ ਕੁਝ ਇਸ ਤਰ੍ਹਾਂ ਦਾ ਸੀ, ਬੰਦੂਕਾਂ ਉਤੇ ਸੰਗੀਨਾਂ ਹਰ ਵੇਲੇ ਚੜ੍ਹੀਆਂ ਰਹਿੰਦੀਆਂ ਸਨ।

ਬਲੋਚ ਫੌਜੀਆਂ ਦੀ ਇਸ ਟੁਕੜੀ ਦਾ ਸਰਦਾਰ ਇਕ ਰਮਜ਼ਾਨ ਖ਼ਾਨ ਨਾਂ ਦਾ ਜਮਾਦਾਰ ਸੀ, ਜਿਸ ਨੂੰ ਸਾਰੇ 'ਮੌਲਵੀ ਜੀ', 'ਮੌਲਵੀ ਜੀ' ਕਰਕੇ ਸਦਦੇ ਸਨ। ਤੁਰਦੀ ਲਾਰੀ ਵਿਚ ਜਮਾਦਾਰ ਹੋਰੀ ਨਮਾਜ਼ ਲਈ ਖਲੋ ਜਾਂਦੇ ਸਨ। ਫ਼ਸਾਦਾਂ ਵਿਚ

ਲਾਸ਼ਾਂ ਦੇ ਇਕ ਢੇਰ ਦੇ ਲਾਗੇ ਮੁਸੱਲਾ ਵਿਛਾ ਕੇ ਆਪਣੇ ਵਕਤ ਤੇ ਉਨ੍ਹਾਂ ਨੂੰ ਨਮਾਜ਼ ਪੜ੍ਹਦੇ ਲੋਕਾਂ ਨੇ ਵੇਖਿਆ ਸੀ; ਇਕ ਸਿਪਾਹੀ ਉਨ੍ਹਾਂ ਦੇ ਸੱਜੇ ਬੰਦੂਕ ਲੈ ਕੇ ਖਲੋਤਾ ਸੀ, ਇਕ ਸਿਪਾਹੀ ਉਨ੍ਹਾਂ ਦੇ ਖਬੇ ਬੰਦੂਕ ਲੈ ਕੇ ਖਲੋਤਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਦੇ ਇਲਾਕੇ ਵਿਚੋਂ ਮੁਸਲਮਾਨ ਮਹਾਜਰਾਂ ਨੂੰ ਕਢ ਕਢ ਕੇ ਪਾਕਿਸਤਾਨ ਭੇਜਦੇ, ਸੜੀਆਂ ਹੋਈਆਂ ਮਸੀਤਾਂ ਦੇ ਸਾਹਮਣੇ ਮੌਲਵੀ ਜੀ ਲਾਰੀ ਰੁਕਵਾ ਕੇ ਲੋਹੇ ਦੇ ਅਬਰੂ ਕੇਰਨ ਲਗ ਪੈਂਦੇ।

ਤੇ ਹੁਣ ਉਨ੍ਹਾਂ ਦਾ ਕੰਮ ਖ਼ਤਮ ਹੋ ਚੁਕਾ ਸੀ। ਕੋਈ ਮੁਸਲਮਾਣ ਅਜਿਹਾ ਨਹੀਂ ਸੀ ਰਹਿ ਗਿਆ ਸਾਰੇ ਦੇ ਸਾਰੇ ਇਲਾਕੇ ਵਿਚ ਜਿਸ ਨੂੰ ਮੌਲਵੀ ਜੀ ਨੇ ਪਾਰ ਪਾਕਿਸਤਾਨ ਦੀ ਜੱਨਤ ਵਰਗੀ ਹਸੀਨ ਧਰਤੀ ਤੇ ਨਾ ਭਿਜਵਾ ਦਿਤਾ ਹੋਵੇ। ਤੇ ਜਿਹੜੇ ਆਪਣੇ ਘਰ-ਬਾਹਰ ਛਡਣ ਲਈ ਤਿਆਰ ਨਹੀਂ ਸਨ, ਉਨ੍ਹਾਂ ਨੂੰ ਮੌਲਵੀ ਜੀ ਇਸਲਾਮੀ ਰਾਜ ਦੇ ਰੰਗੀਨ ਚਿਤਰ ਖਿਚ ਖਿਚ ਕੇ ਵਿਖਾਂਦੇ ਤੇ ਕੋਈ ਵੀ ਉਨ੍ਹਾਂ ਦਾ ਕਿਹਾ ਮੋੜ ਨਾ ਸਕਦਾ।

ਤੇ ਅਜ ਜਦੋਂ ਲਾਰੀ ਤੁਰਨ ਲਗੀ ਮੌਲਵੀ ਜੀ ਨੂੰ ਅਬੜਵਾਹੇ ਖ਼ਿਆਲ ਆਇਆ, ਰੱਬ ਤੇ ਸਭ ਦਾ ਸਾਂਝਾ ਏ, ਅੰਮ੍ਰਿਤਸਰ ਦੇ ਹਰਮੰਦਰ ਦੀ ਨੀਂਹ ਇਕ ਮੁਸਲਮਾਣ ਫ਼ਕੀਰ ਨੇ ਰਖੀ ਸੀ, ਗੁਰੂ ਨਾਨਕ ਨੂੰ ਅਹਿਲੇ-ਸੁੰਨਤ ਵੀ ਆਪਣਾ ਪੀਰ ਮੰਨਦੇ ਨੇ, ਤੇ ਮੌਲਵੀ ਜੀ ਨੇ ਦੂਰ ਸਿਖਾਂ ਦੇ ਗੁਰਦਵਾਰੇ ਦੇ ਸੁਨਹਿਰੀ ਕਲਸਾਂ ਵਲ ਮੂੰਹ ਕਰਕੇ ਆਪਣਾ ਸਿਰ ਨਿਵਾ ਦਿਤਾ।

ਲਾਰੀ ਤੁਰੀ ਤੇ ਠੰਡੀ ਹਵਾ ਦੇ ਪਹਿਲੇ ਝੋਂਕੇ ਨਾਲ ਮੌਲਵੀ ਜੀ ਦੀਆਂ ਅੱਖੀਆਂ ਮੁੰਦ ਗਈਆਂ। ਮੌਲਵੀ ਜੀ ਦੀਆਂ ਅੱਖੀਆਂ ਮੁੰਦੀਆਂ ਤੇ ਉਨ੍ਹਾਂ ਦੇ ਸਾਹਮਣੇ ਫ਼ਸਾਦਾਂ ਦੇ ਘਿਨਾਉਣੇ ਚਿਤਰ

ਆਉਣ ਲਗ ਪਏ। ਕਿਸਤਰ੍ਹਾਂ ਮੁਸਲਮਾਣਾਂ ਨੇ ਹਿੰਦੂਆਂ ਸਿਖਾਂ ਨੂੰ ਵਢਿਆ-ਟਕਿਆ ਸੀ, ਤੇ ਕਿਸ ਤਰ੍ਹਾਂ ਹਿੰਦੂਆਂ-ਸਿਖਾਂ ਨੇ ਮੁਸਲਮਾਣਾਂ ਤੋਂ ਇਕ ਇਕ ਦੇ ਚਾਰ ਚਾਰ ਬਦਲੇ ਲਏ ਸਨ। ਕੋਈ ਕਹਿੰਦਾ, ਪਹਿਲ ਹਿੰਦੂਆਂ ਨੇ ਕੀਤੀ ਸੀ, ਕੋਈ ਕਹਿੰਦਾ ਪਹਿਲ ਮੁਸਲਮਾਣਾਂ ਨੇ ਕੀਤੀ ਸੀ.....!

ਜਮਾਦਾਰ ਰਮਜ਼ਾਨ ਖ਼ਾਨ ਇੰਝ ਖ਼ਿਆਲਾਂ ਵਿਚ ਖੋਹ ਹਿਹਾ ਸੀ ਕਿ ਸੜਕ ਤੇ ਇਕ ਖ਼ੌਫ਼ਨਾਕ ਚੀਖ਼ ਤੋਂ ਬਾਅਦ ਪਿਛੇ ਟਰੱਕ ਵਿਚੋਂ ਸਿਪਾਹੀਆਂ ਦੇ ਹੱਸਣ ਦੀ ਆਵਾਜ਼ ਆਈ। ਪੁਛਣ ਤੇ ਪਤਾ ਲਗਾ ਕਿ ਸਾਈਕਲ ਤੇ ਜਾ ਰਹੇ ਇਕ ਨੌਜਵਾਨ ਸਿਖ ਕੋਲੋਂ ਜਦੋਂ ਲਾਰੀ ਗੁਜ਼ਰੀ ਤਾਂ ਲਾਰੀ ਵਿਚ ਦੇ ਇਕ ਸਿਪਾਹੀ ਨੇ ਆਪਣੀ ਸੰਗੀਨ ਨਾਲ ਉਹਦੀ ਗਿੱਚੀ ਨੂੰ ਵਿੰਨ੍ਹ ਸੁਟਿਆ, ਤੇ ਉਲਰਿਆ ਹੋਇਆ ਸਿਖ ਸਾਈਕਲ ਤੋਂ ਨਾਲੀ ਵਿਚ ਜਾ ਪਿਆ ਸੀ, ਜਿਵੇਂ ਕੋਈ ਡੱਡੂ ਉਛਲ ਕੇ ਢਹਿੰਦਾ ਹੈ। ਤੇ ਪਿਛੇ ਸਿਪਾਹੀ ਹਸ ਰਹੇ ਸਨ। ਜਮਾਦਾਰ ਵੀ ਸਿਖ ਨੂੰ ਮਾਰਨ ਦੀ ਇਸ ਤਰਕੀਬ ਤੇ ਹਸਣ ਲਗ ਪਿਆ। ਤੇ ਉਸ ਸੋਚਿਆ ਚਲੋ ਇਕ ਸਿਖੜਾ ਹੋਰ ਘਟ। ਤੇ ਆਪਣੀ ਡਾਇਰੀ ਵਿਚ ਦੁਸ਼ਮਨ ਦੇ ਜਾਨੀ ਨੁਕਸਾਨ ਦੇ ਵੇਰਵੇ ਵਿਚ ਉਸ ਇਕ ਨੰਬਰ ਹੋਰ ਵਧਾ ਲਿਆ।

ਟਰੱਕ ਵਿਚ ਹਾਸਾ ਮਸਾਂ ਅਜੇ ਖ਼ਤਮ ਹੋਇਆ ਸੀ ਕਿ ਫੇਰ ਸੜਕ ਤੇ ਇਕ ਦਹਿਸ਼ਤਨਾਕ ਚੀਖ਼ ਦੀ ਆਵਾਜ਼ ਆਈ। ਇਸ ਵਾਰ ਆਵਾਜ਼ ਔਰਤ ਦੀ ਸੀ। ਤੇ ਲਾਰੀ ਵਿਚ ਕਹਿਕਹੇ ਹੋਰ ਉੱਚੇ ਹੋ ਗਏ। ਦੁਧ ਵੇਚਕੇ ਪਿੰਡ ਜਾ ਰਹੀ ਕਿਸੇ ਗਵਾਲਣ ਦਾ ਨਿਸ਼ਾਨਾ ਬਣਾਇਆ ਗਇਆ ਸੀ। ਸੰਗੀਨ ਦੀ ਨੋਕ ਗਵਾਲਣ ਦੀ ਗੁਤ ਵਿੱਚ ਜਾਕੇ ਲਗੀ ਸੀ, ਤੇ ਉਹਦੇ ਵਾਲਾਂ ਦੀ ਇਕ ਲਿਟ

ਟੁਟੀ ਹੋਈ ਸੰਗੀਨ ਨਾਲ ਆ ਗਈ ਸੀ। ਗਵਾਲਣ ਦੀ ਵਲਟੋਹੀ ਇਕ ਪਾਸੇ ਜਾ ਪਈ, ਤੇ ਉਹ ਆਪ ਦੂਜੇ ਪਾਸੇ ਢੇਰੀ ਹੋਈ ਪਈ ਸੀ। ਤੇ ਫਿਰ ਬਲੋਚੀ ਸਿਪਾਹੀ ਵਾਰੋ-ਵਾਰੀ ਵਾਲਾਂ ਦੀ ਲਿਟ ਨੂੰ ਚੁੰਮਣ ਲਗ ਪਏ। ਜਦੋਂ ਸਾਰੇ ਦੇ ਸਾਰੇ ਅਰਮਾਨ ਲਾਹ ਚੁਕੇ ਤਾਂ ਜਮਾਂਦਾਰ ਨੇ ਲਿਟ ਨੂੰ ਲੈਕੇ ਆਪਣੀ ਡਾਇਰੀ ਵਿੱਚ ਰਖ ਲਇਆ। ਕਾਫ਼ਰਾਂ ਦੇ ਮੁਲਕ ਦੀ ਇਹ ਨਿਸ਼ਾਨੀ ਵੀ ਚੰਗੀ ਰਹੇਗੀ, ਉਸਨੇ ਅਪਣੇ ਦਿਲ ਹੀ ਦਿਲ ਵਿੱਚ ਸੋਚਿਆ।

ਸਵੇਰ ਦੀ ਠੰਡੀ ਠੰਡੀ ਹਵਾ ਚਲ ਰਹੀ ਸੀ। ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਸੜਕ ਤੇ ਹਿਕੜ-ਦੁਕੜ ਹੀ ਕੋਈ ਆ-ਜਾ ਰਹਿਆ ਸੀ। ਬਲੋਚ ਫੌਜੀਆਂ ਨੇ ਪਾਕਿਸਤਾਨ ਦੀ ਸ਼ਾਨ ਵਿੱਚ ਗੀਤ ਗਾਣੇ ਸ਼ੁਰੂ ਕਰ ਦਿਤੇ – ਪਾਕਿਸਤਾਨ ਅਸਮਾਨ ਵਿੱਚ ਚਮਕਦਾ ਇਕ ਤਾਰਾ ਹੈ, ਪਾਕਿਸ਼ਤਾਨ ਦੁਨੀਆਂ ਵਿੱਚ ਇਨਸਾਫ਼ ਦਾ ਨਮੂਨਾ ਹੋਵੇਗਾ, ਪਾਕਿਸਤਾਨ ਗ਼ਰੀਬਾਂ ਦਾ ਅਨਾਥਾਂ ਦਾ ਸਹਾਰਾ ਹੋਵੇਗਾ, ਪਾਕਿਸਤਾਨ ਵਿੱਚ ਨ ਕੋਈ ਜ਼ਾਲਮ ਹੋਵੇਗਾ, ਨ ਕੋਈ ਮਜ਼ਲੂਮ.....।

ਇੰਝ ਗਾਂਦਿਆਂ ਗਾਂਦਿਆਂ ਇਕ ਸਿਪਾਹੀ ਟਰੱਕ ਦੇ ਅਗੇ ਡਰਾਈਵਰ ਦੇ ਸਜੇ ਆਕੇ ਬੈਠ ਗਿਆ, ਦੂਜਾ ਜਮਾਂਦਾਰ ਜੀ ਤੋਂ ਇਜਾਜ਼ਤ ਲੈਕੇ ਉਹਨਾਂ ਦੇ ਖਬੇ ਬੈਠ ਗਿਆ। ਤੇ ਸੰਗੀਨਾਂ ਨੂੰ ਇੰਝ ਉਨ੍ਹਾਂ ਨੇ ਬਾਹਰ ਕਢਕੇ ਰਖ ਲਇਆ ਸੀ, ਜਿਵੇਂ ਕੋਈ ਸ਼ਿਕਾਰੀ ਅਪਣੇ ਸ਼ਿਕਾਰ ਦੀ ਘਾਤ ਵਿੱਚ ਬੈਠੇ ਹੋਣ।

ਤੇ ਫੇਰ ਸੜਕ ਤੇ ਇਕ ਹੋਰ ਔਰਤ ਨਜ਼ਰ ਆਈ, ਗਲ ਵਿੱਚ ਗਾਤਰੇ ਵਾਲੀ ਕਿਰਪਾਨ, ਕੋਈ ਸਿੰਘ-ਸਭਣ ਜਾਪਦੀ ਸੀ। ਡਰਾਈਵਰ ਨੇ ਟਰੱਕ ਨੂੰ ਮਲਕਣੇਂ ਹੀ ਉਸ ਦੇ ਕੋਲੋਂ ਕਢਿਆ ਤੇ ਉਹਦੇ ਸਜੇ ਹਥ ਬੈਠੇ ਬਲੋਚ ਸਿਪਾਹੀ ਨੇ ਗੋਲ-ਮਟੋਲ ਗੁਰਾਂ ਦੀ

ਭਗਤਣ ਨੂੰ ਜਿਵੇਂ ਨੇਜ਼ੇ ਤੇ ਉਛਾਲ ਲਿਆ। ਸੁੰਨਸਾਨ ਸੜਕ ਤੇ ਫਿਰ ਇਕ ਚੀਖ਼ ਸੁਣਾਈ ਦਿਤੀ। ਟਰੱਕ ਵਿੱਚ ਫੇਰ ਕਹਿਕਹੇ ਉਠੇ। ਫੇਰ ਡਰਾਈਵਰ ਨੇ ਟਰੱਕ ਨੂੰ ਤੇਜ਼ ਕਰ ਲਿਆ।

ਤੇ ਜਿਥੇ ਉਹ ਮੂਧੀ ਜਾਕੇ ਪਈ ਦੂਰ ਤਕ ਸਿਪਾਹੀ ਅਡੀਆਂ ਚੁਕ ਚੁਕ ਉਸਨੂੰ ਤੜਫ ਰਹੀ ਵੇਖਦੇ ਰਹੇ, ਵੇਖਦੇ ਰਿਹੇ।

ਤੇ ਫਿਰ ਉਸਦੀਆਂ ਗਲਾਂ ਛਿੜ ਪਈਆਂ। ਕੋਈ ਕਹਿੰਦਾ ਗੁਰਦਵਾਰੇ ਤੋਂ ਹੋਕੇ ਆਈ ਸੀ, ਕੋਈ ਕਹਿੰਦਾ ਗੁਰਦਵਾਰੇ ਜਾ ਰਹੀ ਸੀ। ਕਈਆਂ ਦਾ ਖ਼ਿਆਲ ਸੀ ਔਰਤ ਦੇ ਪੇਟ ਵਿੱਚ ਬੱਚਾ ਸੀ, ਕੋਈ ਕਹਿੰਦੇ ਉਂਝ ਹੀ ਕਰਾੜੀਆਂ ਖਾ ਖਾ ਕੇ ਫੈਲਦੀਆਂ ਰਹਿੰਦੀਆਂ ਹਨ।

ਤੇ ਜਮਾਦਾਰ ਨੂੰ ਸਮਝ ਨਹੀਂ ਸੀ ਆ ਰਹੀ ਅਪਣੀ ਡਾਇਰੀ ਵਿੱਚ ਦੁਸ਼ਮਨ ਦੇ ਜਾਨੀ ਨੁਕਸਾਨ ਦੇ ਹਿਸਾਬ ਵਿੱਚ ਉਹ ਕੇਵਲ ਇਕ ਔਰਤ ਹੋਰ ਲਿਖੇ ਜਾਂ ਇਕ ਔਰਤ ਤੇ ਇਕ ਬੱਚਾ।

ਕੋਈ ਇਕ ਮੀਲ ਬਾਅਦ ਸੜਕ ਕੰਢੇ ਬੈਠਾ ਇਕ ਝਰੀਠ ਬੁਢਾ ਪਸ਼ਾਬ ਕਰ ਰਿਹਾ ਸੀ। ਲਾਰੀ ਫੇਰ ਸੜਕ ਛਡਕੇ ਕਚੇ ਤੇ ਹੋ ਗਈ। ਤੇ ਇਸ ਵਾਰ ਖਬੇ ਹਥ ਜਮਾਂਦਾਰ ਦੇ ਲਾਗੇ ਬੈਠੇ ਸਿਪਾਹੀ ਨੇ ਬੁਢੇ ਦੀ ਪਿਠ ਵਿੱਚ ਆਪਣੀ ਸੰਗੀਨ ਖੋਭ ਦਿਤੀ। ਬੁਢਾ ਖੇਨੂੰ ਵਾਂਗ ਲੁੜਕਦਾ ਹੋਇਆ ਪਰੇ ਖਾਈ ਵਿਚ ਜਾ ਪਿਆ। ਫਿਰ ਇਕ ਚੀਖ ਦੀ ਆਵਾਜ਼, ਫਿਰ ਕਹਿਕਹੇ, ਫਿਰ ਲਾਰੀ ਤੇਜ਼ ਹੋ ਗਈ।

ਜਮਾਦਾਰ ਰਮਜ਼ਾਨ ਖਾਨ ਸੋਚਦਾ, ਜਾਂਦਿਆਂ ਜਾਂਦਿਆਂ ਇਹ ਸ਼ਕਾਰ ਵੀ ਵਾਹ ਵਾਹ ਹੋਣ ਲਗ ਪਇਆ ਏ। ਤੇ ਮੁੜ ਮੁੜ

ਉਹ ਡਾਇਰੀ ਫੋਲਦਾ ਤੇ ਅਪਣੇ ਹਿਸਾਬ ਨੂੰ ਅਪ-ਟੂ-ਡੇਟ ਕਰਦਾ।

ਸ਼ਹਿਰ ਤੋਂ ਜਿਉਂ ਜਿਉਂ ਉਹ ਦੂਰ ਹੁੰਦੇ, ਖਤਰਾ ਤਿਉਂ ਤਿਉਂ ਘਟ ਰਹਿਆ ਸੀ, ਤਿਉਂ ਤਿਉਂ ਬਲੋਚ ਫੌਜੀਆਂ ਦੇ ਹੌਸਲੇ ਵਧਦੇ ਤੇ ਉਨ੍ਹਾਂ ਦਾ ਇਸ ਨਵੀਂ ਖੇਡ ਵਿੱਚ ਮਜ਼ਾ ਮਚ ਮਚ ਉਠਦਾ।

ਹਵਾ ਨਾਲ ਗਲਾਂ ਕਰਦੀ ਮਿਲਟਰੀ ਦੀ ਟਰੱਕ ਜਿਵੇਂ ਉਡਦੀ ਜਾ ਰਹੀ ਸੀ। ਤੇ ਸਾਹਮਣੇ ਸਰਹਦ ਤੇ ਪਾਕਿਸਤਾਨ ਦਾ ਝੰਡਾ ਵਿਖਾਈ ਦੇਣ ਲਗ ਪਿਆ। ਬਲੋਚ ਸਪਾਹੀਆਂ ਨੇ ਝੰਡੇ ਨੂੰ ਵੇਖਦੇ ਹੀ "ਪਾਕਿਸਤਾਨ ਜ਼ਿੰਦਾਬਾਦ" ਦੇ ਪੰਜ ਨਾਹਰੇ ਲਾਏ ਤੇ ਫੇਰ ਕੋਈ ਨਗ਼ਮਾ ਗਾਣ ਲਗ ਪਏ।

ਭਾਵੇਂ ਝੰਡਾ ਨਜ਼ਰ ਆਣ ਲਗ ਪਿਆ ਸੀ ਸਰਹੱਦ ਅਜੇ ਕੋਈ ਤਿੰਨ ਮੀਲ ਦੂਰ ਸੀ।

ਤੇ ਕੋਈ ਥੋੜ੍ਹਾ ਹੀ ਅਗੇ ਜਾਕੇ ਬਲੋਚ ਸਪਾਹੀਆਂ ਨੇ ਵੇਖਿਆ ਤਿੰਨ ਸਿਖ ਸੜਕ ਤੇ ਜਾ ਰਹੇ ਸਨ, ਦੋ ਸਜੇ ਹਥ ਤੇ ਇਕ ਖਬੇ ਪਾਸੇ। ਵਿੱਚ ਕੋਈ ਪੰਜਾਹ ਪੰਜਾਹ ਕਦਮਾਂ ਦੀ ਵਿਥ ਸੀ।

ਡਰਾਈਵਰ ਦੇ ਨਾਲ ਅਗਲੀ ਸੀਟ ਤੇ ਬੈਠੇ ਬਲੋਚ ਸਿਪਾਹੀਆਂ ਨੇ ਅਖਾਂ ਹੀ ਅਖਾਂ ਵਿੱਚ ਮੱਤਾ ਪਕਾ ਲਿਆ। ਤੇ ਜਦੋਂ ਸਾਰਾ ਨਕਸ਼ਾ ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਸਭ ਦੀ ਸਮਝ ਆ ਗਿਆ ਤਾਂ ਤਿੰਨੋਂ ਮੁਸਕਰਾ ਉਠੇ।

ਤੇ ਫਿਰ ਡਰਾਈਵਰ ਨੇ ਟਰੱਕ ਨੂੰ ਸਜੇ ਹਥ ਕਚੇ ਤੇ ਪਾਇਆ। ਅਗਲੇ ਛਿਨ ਇਕ ਸਿਖ ਨੌਜਵਾਨ ਸੰਗੀਨ ਦੀ ਨੋਕ ਨਾਲ ਵਿੰਨ੍ਹਿਆ ਗਿਆ। ਟਰੱਕ ਤੇਜ਼ ਹੋ ਗਈ। ਨੌਜਵਾਨ

ਦੀ ਚੀਖ ਤੇ ਉਸੇ ਹਥ ਜਾ ਰਹੀ ਔਰਤ ਨੇ ਹੈਰਾਨੀ ਵਿੱਚ, ਘਬਰਾਹਟ ਵਿੱਚ, ਪਰੱਤ ਕੇ ਵੇਖਿਆ ਤੇ ਉਹਦੇ ਸਿਰ ਤੇ ਪਹੁੰਚ ਚੁਕੀ ਟਰੱਕ ਵਿਚੋਂ ਸੁੰਕਦੀ ਹੋਈ ਸੰਗੀਨ ਉਹਦੀ ਛਾਤੀ ਵਿੱਚ ਜਾ ਖੁਭੀ। ਟਰੱਕ ਹੋਰ ਤੇਜ਼ ਹੋ ਗਈ। ਹੁਣ ਖਬੇ ਹਥ ਜਾ ਰਹੇ ਬੁਢੇ ਦੀ ਵਾਰੀ ਸੀ। ਬੁਢਾ ਜਿਵੇਂ ਭੋਰਾ ਹੋਵੇ, ਉਸਨੂੰ ਕੁਝ ਸੁਣਾਈ ਨਹੀਂ ਸੀ ਦਿੱਤਾ। ਡਰਾਈਵਰ ਨੇ ਟਰੱਕ ਨੂੰ ਬਤੇ ਹੌਸਲੇ ਨਾਲ ਸੜਕ ਤੇ ਪਾਇਆ, ਫੇਰ ਖਬੇ ਹਥ ਕੱਢੇ ਤੇ ਜਾਂਦੇ ਹੋਏ ਪੂਰੀ ਫਹਤਾਰ ਨਾਲ ਟਰੱਕ ਨੂੰ ਬੁਢੇ ਸਿਖ ਕੋਲੋਂ ਗੁਜ਼ਾਰਿਆ। ਬੁਢਾ ਭੁਖਾ ਭਾਣਾ ਕੋਈ ਸ਼ਰਨਾਰਥੀ ਜਾਪਦਾ ਸੀ, ਸੰਗੀਨ ਦੀ ਨੋਕ ਨਾਲ ਉਲਰਿਆ ਤੇ ਪਹੀਏ ਅਗੇ ਜਾ ਪਇਆ। ਉਹਦੀ ਖੋਪੜੀ ਮਿਲਟਰੀ ਦੀ ਟਰੱਕ ਦੇ ਭਾਰੀ ਪਹੀਆਂ ਨਾਲ ਜਿਵੇਂ ਮਲੀਦਾ ਹੋ ਗਈ। ਡਰਾਈਵਰ ਨੇ ਟਰੱਕ ਨੂੰ ਹੋਰ ਤੇਜ਼ ਕਰ ਦਿਤਾ।

ਸਾਹਮਣੇ ਦਿਸਹੱਦੇ ਤੇ ਪਾਕਿਸਤਾਨ ਦਾ ਧਰਮ ਤੇ ਸਚ ਤੇ ਨਿਆਂ ਦਾ ਪ੍ਰਤੀਕ ਚੰਨ ਤਾਰੇ ਵਾਲਾ ਝੰਡਾ ਲਹਿਰਾ ਰਿਹਾ ਸੀ। ਡਰਾਈਵਰ ਨੇ ਟਰੱਕ ਨੂੰ ਹੋਰ ਵੀ ਤੇਜ਼ ਕਰ ਦਿੱਤਾ। ਫਰਨ ਫਰਨ ਅਪਣੇ ਦੇਸ਼ ਤੋਂ ਆ ਰਹੀ ਮੁਹੱਬਤਾਂ ਭਰੀ ਹਵਾ ਜਿਵੇਂ ਬਲੋਚ ਸਿਪਾਹੀਆਂ ਦਾ ਸਵਾਗਤ ਕਰ ਰਹੀ ਸੀ। ਤੇ ਇਕ ਨਸ਼ੇ ਵਿੱਚ ਬਲੋਚ ਸਿਪਾਹੀ 'ਅਲਾ ਹੂ ਅਕਬਰ' ਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਾਣ ਲਗ ਪਏ।

ਸਿਪਾਹੀ ਇੰਝ ਨਾਹਰੇ ਲਾ ਰਿਹੇ ਸਨ, ਡਰਾਈਵਰ ਟਰੱਕ ਦੀ ਕਿੱਲੀ ਨੂੰ ਹੋਰ ਹੋਰ ਦਬਾ ਕੇ ਤੇਜ਼ ਕਰ ਰਿਹਾ ਸੀ ਕਿ ਉਸਨੇ ਵੇਖਿਆ ਸੜਕ ਤੇ ਅਚਾਨਕ ਕੋਈ ਜੰਗਲੀ ਬਿੱਲੀ ਕੁਦ ਕੇ ਆ ਗਈ ਹੈ। ਡਰਾਈਵਰ ਨੇ ਵੀ ਬਿਲੀ ਨੂੰ ਵੇਖਿਆ

ਜਮਾਂਦਾਰ ਨੇ ਵੀ ਬਿਲੀ ਨੂੰ ਵੇਖਿਆ। "ਇਨਸਾਨੀਅਤ ਦ ਤਕਾਜ਼ਾ....." ਇਸ ਤਰ੍ਹਾਂ ਦਾ ਹੁਕਮ ਉਸਦੇ ਮੂੰਹ ਵਿਚ ਹੀ ਸੀ ਕਿ ਡਰਾਈਵਰ ਨੇ ਅਪਣੇ-ਆਪ ਟਰੱਕ ਨੂੰ ਇਕ ਪਾਸੇ ਕਰਦੇ ਹੋਏ ਬਿੱਲੀ ਨੂੰ ਬਚਾਣ ਦੀ ਕੋਸ਼ਸ਼ ਕੀਤੀ। ਬਿੱਲੀ ਤੇ ਬਚ ਗਈ ਪਰ ਇਤਨੀ ਤੇਜ਼ ਜਾ ਰਹੀ ਟਰੱਕ ਦਾ ਹੈਂਡਲ ਜੋ ਮੁੜਿਆ ਤੇ ਫੇਰ ਸੰਭਾਲਿਆ ਨ ਗਿਆ। ਟਰੱਕ ਕੱਚੇ ਵਿਚ ਪਈ, ਫੇਰ ਕੱਚੇ ਤੋਂ ਹੇਠ ਲਹਿ ਗਈ, ਤੇ ਇਸਤੋਂ ਪੇਸ਼ਤਰ ਕਿਸੇ ਨੂੰ ਪਤਾ ਵੀ ਲਗਦਾ ਸਾਹਮਣੇ ਦਰਖ਼ਤ ਨਾਲ ਟਕਰਾ ਕੇ ਮੂਧੀ ਹੋ ਗਈ। ਫਿਰ ਟਰੱਕ ਨੇ ਇਕ ਲੁੜਕੀ ਖਾਧੀ, ਫੇਰ ਇਕ ਹੋਰ।

ਪੰਝੀ ਚੀਖ਼ਾਂ ਰਲਕੇ ਉਠੀਆਂ। ਤੇ ਫਿਰ ਜਿਵੇਂ ਉਨ੍ਹਾਂ ਦੇ ਇਕਦਮ ਸੰਘ ਫੜ ਲਏ ਗਏ ਹੋਣ, ਲਾਂਭ ਚਾਂਭ ਵਿੱਚ ਸ਼ਾਂਤ ਵਰਤ ਗਈ। ਇੰਜਨ ਦੇ ਪੈਟਰੋਲ ਨਾਲ ਟਰੱਕ ਨੂੰ ਅਗ ਲਗ ਪਈ। ਤੇ ਸੜਕ ਤੇ ਕੋਈ ਵੀ ਹਿੰਦੁਸਤਾਨੀ ਨਹੀਂ ਸੀ ਜਿਹੜਾ ਬਲੋਚ ਸਿਪਾਹੀਆਂ ਦੀ ਮਦਦ ਲਈ ਅਪੜ ਸਕਦਾ।

ਦੂਰ ਦਿਸਹੱਦੇ ਤੇ ਪਾਕਿਸਤਾਨ ਦਾ ਝੰਡਾ ਉਂਝ ਦਾ ਉਂਝ ਲਹਿਰਾ ਰਿਹਾ ਸੀ। ਤੇ ਘਬਰਾਹਟ ਵਿੱਚ ਸੜਕ ਕੰਢੇ ਕਿੱਕਰ ਤੇ ਚੜ੍ਹ ਗਈ ਜੰਗਲੀ ਬਿੱਲੀ ਕਿੱਕਰ ਤੇ ਕੰਡਿਆਂ ਵਿਚੋਂ ਬਿਟ ਬਿਟ ਸੜ ਰਹੀ ਟਰੱਕ ਨੂੰ ਵੇਖ ਰਹੀ ਸੀ। ਵੇਖ ਰਹੀ ਸੀ ਤੇ ਹੈਰਾਨ ਹੋ ਰਹੀ ਸੀ।

Emotional ਭਾਵ
Continental. ਮਹਾਦੀਪ

ਪਿਉ-ਪੁੱਤਰ

ਰੀਡਾ ਸਿੰਘ ਦੇ ਪਿਉ ਸ਼ੀਹਾਂ ਸਿੰਘ ਦੀ ਜਵਾਨੀ ਬਾਬਤ ਕਈ ਕਹਾਣੀਆਂ ਮਸ਼ਹੂਰ ਸਨ । ਰੀਡਾ ਸਿੰਘ ਦੇ ਮੂੰਹ ਤੇ ਭਾਵੇਂ ਕਹਿਣ ਦੀ ਕਿਸੇ ਦੀ ਮਜਾਲ ਨਹੀਂ ਸੀ, ਪਰ ਪਿਛੋਂ-ਕੰਡੀ ਲੋਕ ਕਿਤਨੀਆਂ ਕਿਤਨੀਆਂ ਗਾਲਾਂ ਕਰਦੇ ਸਨ ।

ਕਹਿਣ ਵਾਲੇ ਕਹਿੰਦੇ ਸ਼ੀਹਾਂ ਸਿੰਘ ਅਪਣੇ ਜ਼ਮਾਨੇ ਦਾ ਮਸ਼ਹੂਰ ਡਾਕੂ ਸੀ । ਜਿਸ ਘਰ ਤੇ ਉਹਦੀ ਨਜ਼ਰ ਪੈ ਜਾਏ, ਜਿਸ ਚੀਜ਼ ਤੇ ਉਹਦੀ ਨਜ਼ਰ ਪੈ ਜਾਏ, ਭਾਵੇਂ ਲਖ ਪਰਦਿਆਂ ਵਿਚ ਕੋਈ ਛਪਾਕੇ ਰਖੇ, ਉਡਕੇ ਸ਼ੀਹਾਂ ਸਿੰਘ ਕੋਲ ਅਪੜ ਜਾਂਦੀ ਸੀ । ਦੇਵੀ ਦੀ ਪੂਜਾ ਕਰ, ਮੰਨਤਾ ਮਨ, ਮੰਤਰ ਪੜ੍ਹ ਘਰੋਂ ਨਿਕਲਿਆ ਸ਼ੀਹਾਂ ਸਿੰਘ ਜਿਸ ਜੰਦਰੇ ਨੂੰ ਹਥ ਪਾਂਦਾ, ਭਾਵੇਂ ਕਿਤਨਾ ਭਾਰੀ ਹੋਵੇ, ਭਾਵੇਂ ਕਿਤਨਾ ਪੱਕਾ ਹੋਵੇ ਖਲ੍ਹ ਕੇ ਉਹਦੀ ਮੁੱਠੀ ਵਿਚ ਆ ਜਾਂਦਾ । ਹੜਬੂੰ ਹੜਬੂੰ ਕਰਦੇ ਖੌਫਨਾਕ ਖ਼ੂਨੀ ਤੇ ਸ਼ੀਹਾਂ

ਸਿੰਘ ਦੇ ਪਰਛਾਵੇਂ ਨੂੰ ਵੇਖਕੇ, ਪੂਛਲਾਂ ਨੂੰ ਟੰਗਾਂ ਵਿਚ ਦਬਾਈ, ਕਲਊਂ ਕਲਊਂ ਕਰਦੇ, ਉਹਦੇ ਸਾਹਮਣੇ ਢੇਰੀ ਪਏ ਹੁੰਦੇ, ਉਹਦੀਆਂ ਉਂਗਲਾਂ ਨੂੰ ਚਟ ਚਟ, ਉਹਦੇ ਪਰਛਾਵੇਂ ਨੂੰ ਸੁੰਘ ਸੁੰਘ, ਪਿੰਡੋਂ ਬਾਹਰ ਨਿਕਲ ਜਾਂਦੇ। ਜਿਸ ਰਾਤ ਸ਼ੀਹਾਂ ਸਿੰਘ ਨੇ ਕਿਸੇ ਪਿੰਡ ਡਾਕਾ ਮਾਰਨਾ ਹੁੰਦਾ, ਉਸ ਰਾਤ ਉਥੋਂ ਦਾ ਚੌਕੀਦਾਰ ਬੀਮਾਰ ਪੈ ਜਾਂਦਾ, ਵਾਂਢੇ ਗਇਆ ਹੁੰਦਾ; ਠੀਕਰੀ ਪਹਿਰੇ ਵਾਲਿਆਂ ਦੀ ਅੱਖ ਲਗ ਜਾਂਦੀ। ਸ਼ੀਹਾਂ ਸਿੰਘ ਦੀਆਂ ਅੰਗਾਰਿਆਂ ਵਾਂਗ ਭਖਦੀਆਂ ਅਖਾਂ ਨੂੰ ਵੇਖ ਜਿਵੇਂ ਕੀਲੀਆਂ ਹੋਈਆਂ ਔਰਤਾਂ ਆਪਣੇ ਨੇਫਿਆਂ ਵਿਚ ਲੁਕਾਏ ਗਹਿਣਿਆਂ ਨੂੰ ਕਢਕੇ ਉਹਦੇ ਹਵਾਲੇ ਕਰ ਦਿੰਦੀਆਂ। ਉਹਦੇ ਸਪਾਤ ਵਰਗੇ ਡੌਹਲਿਆਂ ਨੂੰ ਤਕ ਬਰ ਬਤ ਕੰਬਦੇ ਸ਼ਾਹੂਕਾਰ ਚਕੀਆਂ ਦੇ ਪੁੜਾਂ ਹੇਠ ਦਬੀਆਂ ਨੋਟਾਂ ਦੀਆਂ ਦੱਥੀਆਂ ਉਹਨੂੰ ਦਿੰਦੇ ਰਹਿੰਦੇ। ਇਕ ਇਕ ਰਾਤ ਵਿਚ ਸਤ ਸਤ ਸੰਨ੍ਹਾਂ ਸ਼ੀਹਾਂ ਸਿੰਘ ਨੇ ਲਾਈਆਂ ਸਨ। ਕਈ ਪਿੰਡਾਂ ਤੇ ਉਹ ਢੋਲ ਮਾਰਕੇ, ਮਸ਼ਾਲਾਂ ਲੈ ਕੇ, ਦਸ ਦਸ ਦਿਨ ਪਹਿਲੇ ਸੁਨੇਹੇ ਭੇਜ ਕੇ ਚੜ੍ਹਿਆ ਕਰਦਾ ਸੀ।

ਇਲਾਕੇ ਭਰ ਵਿਚ ਸ਼ੀਹਾਂ ਸਿੰਘ ਤੋਂ ਬਿਨਾਂ ਕਮੰਦ ਨਹੀਂ ਸੀ ਕੋਈ ਸੁਟ ਸਕਦਾ। ਉੱਚੀ ਤੋਂ ਉੱਚੀ ਮਾੜੀ ਹੋਵੇ, ਮੁਸ਼ਕਲ ਤੋਂ ਮੁਸ਼ਕਲ ਥਾ ਹੋਵ, ਅੱਖ ਦੇ ਫੋਰ ਵਿਚ ਉਹ ਰੱਸਾ ਸੁਟ ਕੇ ਫਾਹੀ ਬਣਾ ਲੈਂਦਾ, ਤੇ ਵੇਖਦਿਆਂ ਹੀ ਵੇਖਦਿਆਂ ਉਤੇ ਚੜ੍ਹ ਜਾਂਦਾ। ਵਡੇ ਵਡੇ ਸ਼ਾਹੂਕਾਰਾਂ ਦੀਆਂ ਚਟਾਨਾਂ ਵਰਗੀਆਂ ਸਖ਼ਤ ਕੰਧਾਂ ਵਾਲੀਆਂ ਹਵੇਲੀਆਂ, ਮਣਾਂ ਮੂਹੀਂ ਲੋਹੇ ਦੇ ਦਰਵਾਜ਼ਿਆਂ ਵਾਲੀਆਂ ਹਵੇਲੀਆਂ, ਉਂਝ ਦੀਆਂ ਉਂਝ ਖਲੋਤੀਆਂ ਰਹਿੰਦੀਆਂ ਤੇ ਉਹ ਇਕ ਇਕ ਕੋਨਾਂ ਅੰਦਰੋਂ ਉਨ੍ਹਾਂ ਦਾ ਫਰੋਲ ਆਂਦਾ।

ਇਲਾਕੇ ਭਰ ਦੇ ਸ਼ਾਹੂਕਾਰਾਂ ਨੂੰ ਸ਼ੀਹਾਂ ਸਿੰਘ ਦੇ ਨਾਂ ਤੇ

ਡੋਬ ਪੈਂਦੇ ਸਨ। ਗ਼ਰੀਬ ਕਿਸਾਨ, ਕਾਮੇਂ, ਕਮੀਂ, ਕੋਈ ਸ਼ੀਹਾਂ ਸਿੰਘ ਵਲ ਉਂਗਲੀ ਨਹੀਂ ਸੀ ਚੁਕਦਾ; ਕੋਈ ਕਹਿੰਦੇ ਇਸ ਲਈ ਕਿ ਉਸਦਾ ਡਰ ਉਨ੍ਹਾਂ ਨੂੰ ਮਾਰਦਾ ਸੀ, ਕੋਈ ਕਹਿੰਦੇ ਇਸ ਲਈ ਕਿ ਸ਼ੀਹਾਂ ਸਿੰਘ ਲੁਟ ਦਾ ਮਾਲ ਚੋਰੇ-ਚੋਰੀ ਗ਼ਰੀਬ-ਗੁਰਬੇ ਵਿੱਚ ਵੰਡਦਾ ਰਹਿੰਦਾ ਸੀ।

ਲਾਲੂ ਮਰਾਸੀ ਤੇ ਸ਼ੀਹਾਂ ਸਿੰਘ ਦੀ ਸੁਰੀਧ ਖਾਂਦਾ ਸੀ। ਗਲ ਇੰਝ ਹੋਈ: ਲਾਲੂ ਦਾ ਇਕ ਘੋੜਾ ਸੀ ਜਿਸ ਤੇ ਚੜ੍ਹਿਆ ਲਾਲੂ ਪਿੰਡੋ-ਪਿੰਡ ਆਪਣੀ ਲਾਗ ਇਕੱਠੀ ਕਰਿਆ ਕਰਦਾ ਸੀ। ਇਕ ਰਾਤ ਚੰਗਾ ਭਲਾ ਵਿਹੜੇ ਵਿੱਚ ਘੋੜੇ ਨੂੰ ਉਹ ਬੰਨ੍ਹ ਕੇ ਸੁੱਤਾ, ਸਵੇਰੇ ਉਠ ਕੇ ਉਸ ਨੇ ਵੇਖਿਆ ਘੋੜਾ ਆਫਰਿਆ ਪਿਆ ਸੀ। ਲਾਲੂ ਢਾਹਾਂ ਮਾਰ ਮਾਰ ਕੇ ਰੋਣ ਲਗ ਪਿਆ। ਮੁੜ ਮੁੜ "ਹਾਏ ਓ ਮੇਰਿਆ ਵਡਿਆ ਵੀਰਾ" ਕਹਿੰਦਾ ਤੇ ਮੁੜ ਮੁੜ ਮਰੇ ਹੋਏ ਘੋੜੇ ਉਤੇ ਢਹਿੰਦਾ। ਉਹਦੇ ਗਲ ਲਗ ਵੈਣ ਕਰਦਾ, ਤੇ ਉਹਦੀ ਮੁਹੱਬਤ ਦੀਆਂ, ਉਹਦੀ ਵਫ਼ਾ ਦੀਆਂ ਨਿਕੀਆਂ ਨਿਕੀਆਂ ਕਹਾਣੀਆ ਕਰ ਛਮ ਛਮ ਅਥਰੂ ਕੇਰਦਾ। ਇੰਝ ਲਾਲੂ ਫਰਿਆਦਾਂ ਕਰ ਰਿਹਾ ਸੀ ਕਿ ਉਧਰੋਂ ਸ਼ੀਹਾਂ ਸਿੰਘ ਗੁਜ਼ਰਿਆ। ਘਰ ਪਹੁੰਚ ਸ਼ੀਹਾਂ ਸਿੰਘ ਨੇ ਇਕ ਘੋੜਾ ਤੇ ਛੇ-ਵੀਹਾਂ ਰੁਪਿਆ ਨਕਦ ਲਾਲੂ ਮਰਾਸੀ ਨੂੰ ਭਿਜਵਾ ਦਿੱਤਾ।

ਇੰਝ ਹੀ ਮੀਰੂ-ਮੁਸੱਲੀ ਨੂੰ ਸ਼ੀਹਾਂ ਸਿੰਘ ਨੇ ਨਵਾਂ ਘਰ ਖ਼ਰੀਦ ਦਿੱਤਾ ਸੀ। ਮੀਰੂ ਦੀ ਤ੍ਰੀਮਤ ਬੜੀ ਡਾਢੀ ਸੀ। ਮੀਰੂ ਦੇ ਪਹਿਲੇ ਘਰ ਦੇ ਵਿਹੜੇ ਵਿਚ ਇਕ ਬੁਢੀ ਜੰਡ ਲਗੀ ਹੋਈ ਸੀ। ਏਰ ਪੈਣ ਵੇਲੇ ਉਸਤੇ ਕਾਣੇਂ ਏਰ ਪੈਂਦੇ ਤੇ ਗੁਦੜ ਉਸਦਾ ਢਰ ਸਾਰਾ ਹਰ ਰੋਜ਼ ਲਹਿੰਦਾ ਸੀ। ਜੰਡ ਦੇ ਕੰਡੇ, ਸੁਕੀਆਂ ਟਹਿਣੀਆਂ, ਝੜੇ ਹੋਏ ਪਤੇ, ਪੰਛੀਆਂ ਦੀਆਂ ਵਿਠਾਂ, ਮੀਰੂ ਦੀ ਤ੍ਰੀਮਤ ਹੂੰਝ ਹੂੰਝ

ਥਕ ਲਥਦੀ ਤੇ ਫੇਰ ਜਦੋਂ ਵੇਖਦੀ ਉਹਦਾ ਵਿਹੜਾ ਸਾਫ਼ ਨਾ ਹੁੰਦਾ। ਕਿਤਨੇ ਚਿਰ ਤੋਂ ਉਹ ਆਪਣੇ ਖ਼ਾਵੰਦ ਤਾਈਂ ਜੰਡ ਨੂੰ ਵਢਣ ਲਈ ਕਹਿ ਰਹੀ ਸੀ। ਪਰ ਮੀਰੂ ਟਾਲਦਾ ਰਹਿੰਦਾ, ਟਾਲਦਾ ਰਹਿੰਦਾ, ਮੀਰੂ ਜਿਹੜਾ ਉਸ ਜੰਡ ਹੇਠ ਖੇਡ ਵਡਾ ਹੋਇਆ ਸੀ, ਮੀਰੂ ਜਿਸ ਆਪਣੇ ਬਚਪਨ ਵਿਚ ਜੰਡ ਦੇ ਬੇਰ ਵੰਡ ਵੰਡ ਦੋਸਤੀਆਂ ਪਾਈਆਂ ਸਨ, ਸਾਂਝਾਂ ਬਣਾਈਆਂ ਸਨ। ਕੀ ਹੋਇਆ ਜੇ ਹੁਣ ਉਹਦੇ ਬੇਰ ਕਾਣੇ ਹੋ ਗਏ ਸਨ, ਬਬੋਹਿਆਂ ਨੇ ਉਹਦੀਆਂ ਟਹਿਣੀਆਂ ਤੇ ਜਾਲੇ ਉਣ ਲਏ ਸਨ, ਇੱਲੜਾਂ ਨੇ ਆਲ੍ਹਣੇ ਬਣਾ ਲਏ ਸਨ ? ਮੀਰੂ ਜਦੋਂ ਵੀ ਸੁਫ਼ੇ ਵਿੱਚ ਆਪਣੀ ਤ੍ਰੀਮਤ ਦੀ ਖਾਸ ਤੌਰ ਤੇ ਤੇਜ਼ ਕਰਵਾਈ ਕੁਹਾੜੀ ਵਲ ਵੇਖਦਾ ਉਹਦੇ ਦਿਲ ਨੂੰ ਜਿਵੇਂ ਹਬ ਪੈਂਦਾ, ਤੇ ਉਹ ਘੁਸਾ ਕੇ ਘਰੋਂ ਨਿਕਲ ਜਾਂਦਾ। ਤੇ ਜਦੋਂ ਉਹਦੀ ਤ੍ਰੀਮਤ ਆਪ ਕੁਹਾੜੀ ਚੁਕ ਕੇ ਜੰਡ ਵਲ ਜਾਂਦੀ ਤੇ ਉਹ ਉਸ ਨਾਲ ਲੜਨ ਲਗ ਪੈਂਦਾ। ਅਖ਼ੀਰ ਅਕ ਕੇ ਇਕ ਦੋਜ਼ ਮਸੱਲਣ ਨੇ ਮੀਰੂ ਨੂੰ ਇਕ ਕਮਰੇ ਵਿਚ ਡਕ ਬਾਹਰੋਂ ਕੁੰਡੀ ਮਾਰ ਲਈ ਤੇ ਕੁਹਾੜੀ ਲੈ ਜੰਡ ਨੂੰ ਉਸ ਵਢਣਾ ਸ਼ੁਰੂ ਕਰ ਦਿੱਤਾ। ਜਦੋਂ ਆਪ ਥਕ ਜਾਂਦੀ ਕਿਸੇ ਰਾਹ-ਗੁਜ਼ਰੂ ਨੂੰ ਬੁਲਾਕੇ ਮਦਦ ਲੈ ਲੈਂਦੀ। ਕੁਹਾੜੀ ਦੀ ਹਰ ਸਟ ਤੇ ਮੀਰੂ ਦੇ ਦਿਲ ਨੂੰ ਧਮਾਕਾ ਵਜਦਾ। ਮੀਰੂ ਖਪਦਾ ਰਿਹਾ, ਕ੍ਰਿਝਦਾ ਰਿਹਾ, ਤ੍ਰੀਮਤ ਨੂੰ ਲਖ ਲਖ ਗਾਲ੍ਹਾਂ ਕਢਦਾ ਰਿਹਾ, ਪਰ ਮੁਸੱਲਣ ਠਕ-ਠਕ, ਠਕ-ਠਕ ਜੰਡ ਨੂੰ ਕਟਦੀ ਗਈ, ਕਟਦੀ ਗਈ। ਬੇਵਸ ਅੰਦਰ ਡਕੇ ਮੀਰੂ ਦੇ ਦਿਲ ਤੇ ਵਜਦੀ ਇਹ ਠਕ-ਠਕ ਫੇਰ ਉਹਦੇ ਦਿਮਾਗ਼ ਤੇ ਵਜਣ ਲਗ ਪਈ। ਤੇ ਦੁਪਹਿਰੀਂ ਜਦੋਂ ਤ੍ਰੀਮਤ ਨੇ ਦਰਵਾਜ਼ਾ ਖੋਲ੍ਹਿਆ ਅੰਦਰ ਖ਼ਾਵੰਦ ਪਾਗ਼ਲ ਹੋ ਚੁਕਾ ਸੀ। ਉਸਨੇ ਆਪਣੇ ਕਪੜੇ ਫਾੜ ਛਡੇ ਸਨ ਤੇ ਆਪਣੀਆਂ ਬਾਹਵਾਂ ਨੂੰ, ਟੰਗਾਂ ਨੂੰ ਵਢ ਵਢ ਆਪਣੇ-

ਆਪ ਨੂੰ ਲਹੂ-ਲੁਹਾਨ ਕਰ ਲਇਆ ਸੀ। ਮੁੜ-ਮੁੜ ਆਪਣੇ ਸੁੰਨੇ ਵਿਹੜੇ ਨੂੰ ਵੇਖਦਾ ਤੇ ਮੀਤੂ ਮੁੜ ਮੁਵ ਕਪੜੇ ਫਾੜਦਾ, ਮੁੜ ਮੁੜ ਕੰਧਾਂ ਨਾਲ ਟਕਰਾਂ ਮਾਰਦਾ। ਸ਼ੀਹਾਂ ਸਿੰਘ ਨੇ ਜਦੋਂ ਸੁਣਿਆ, ਮੀਤੂ ਨੂੰ ਇਕ ਨਵਾਂ ਕੋਠਾ ਲੈ ਦਿਤਾ, ਜਿਹਦੇ ਵਿਹੜੇ ਵਿਚ ਘਣ-ਮੋਕਲੇ ਘੇਰੇ ਵਾਲੀ ਜੰਡ ਲਗੀ ਹੋਈ ਸੀ, ਜਿਸ ਤੇ ਮਾਖਿਓਂ ਵਾਂਗ ਮਿਠੇ ਬੇਰ ਪੈਂਦੇ ਸਨ।

ਤੇ ਕਈ ਸਜ ਵਿਆਹੀਆਂ ਸਨ ਜਿਨ੍ਹਾਂ ਨੂੰ ਪਤਾ ਨਹੀਂ ਸੀ ਲਗਦਾ ਰਾਤੋ-ਰਾਤ ਉਨ੍ਹਾਂ ਦੇ ਪੇਵਰਿਆਂ ਕੋਲ ਉਨ੍ਹਾਂ ਲਈ ਗਹਿਣੇ ਕਿਥੋਂ ਆ ਗਏ ਸਨ। ਤੇ ਉਨ੍ਹਾਂ ਦੀਆਂ ਮਾਵਾਂ ਸ਼ੀਹਾਂ ਸਿੰਘ ਨੂੰ ਅਸੀਸਾਂ ਦਿੰਦੀਆਂ ਸੁਣੀਂਦੀਆਂ ਸਨ। ਉਨ੍ਹਾਂ ਦੇ ਪਿਉ ਸ਼ੀਹਾਂ ਸਿੰਘ ਦੇ ਗੁਣ ਗਾ ਗਾ ਨਹੀਂ ਸਨ ਥਕਦੇ।

ਕਿਸੇ ਦੇ ਘਰ ਤੇਜ਼ ਘੋੜੀ ਕੋਈ ਸੁਣੀਂਦੀ, ਸ਼ੀਹਾਂ ਸਿੰਘ ਉਸਨੂੰ ਖੁਲ੍ਹਵਾ ਲੈਂਦਾ। ਕਿਸੇ ਦੀ ਹਵੇਲੀ ਵਿਚ ਕਿਸੇ ਮਹਿੰ, ਕਿਸੇ ਗਾਂ ਦੇ ਗੁਣਾਂ ਦੀ ਕੋਈ ਕਹਾਣੀ ਤੁਰਦੀ, ਵੀਹ ਵੀਹ ਕੋਹ ਦੂਰੋਂ ਖਿੱਚੀ ਹੋਈ ਮਹਿੰ-ਗਾਂ ਸ਼ੀਹਾਂ ਸਿੰਘ ਦੇ ਕਿੱਲੇ ਨਾਲ ਆ ਬਝੀਂਦੀ। ਤੇ ਮਜਾਲ ਨਹੀਂ ਕਿਸੇ ਦੀ ਉਹਦੇ ਵਿਹੜੇ ਵਲ ਅਖ ਪੁਟਕੇ ਵੀ ਵੇਖ ਜਾਏ। ਆਪਣੀ ਆਈ ਤੇ ਆਂਦਾ ਤੇ ਸ਼ੀਹਾਂ ਸਿੰਘ ਖਲੋਤੇ ਹੋਏ ਫ਼ਸਲ ਕਟਵਾ ਲੈਂਦਾ, ਗਾਹੇ ਹੋਏ ਦਾਣੇ ਖਲਵਾੜਿਆਂ ਵਿਚੋਂ ਅਗੇ-ਪਿਛੇ ਹੋ ਜਾਂਦੇ, ਮੰਡੀ ਵਿੱਚ ਜਾ ਰਿਹੇ ਗੱਡਿਆਂ ਨੂੰ ਰਸਤੇ ਵਿਚ ਲੁਟ-ਪੁਟ ਲੈਂਦਾ।

ਆਪਣੇ ਪਿੰਡ, ਆਪਣੇ ਪਿੰਡ ਦੇ ਗਿਰਦ ਸੌ-ਪੰਜਾਹ ਪਿੰਡਾਂ ਦਾ ਸ਼ੀਹਾਂ ਸਿੰਘ ਏਤਾਜ ਬਾਦਸ਼ਾਹ ਸੀ।

ਫੇਰ ਸ਼ੀਹਾਂ ਸਿੰਘ ਦੇ ਘਰ ਇਕ ਪੁੱਤਰ ਹੋਇਆ—ਗੰਡਾ ਸਿੰਘ। ਫੇਰ ਗੰਡਾ ਸਿੰਘ ਵਡਾ ਹੋਣ ਲਗ ਪਇਆ।

ਤੇ ਕਹਿਣ ਵਾਲੇ ਕਹਿੰਦੇ ਜਿਉਂ ਜਿਉਂ ਪੁੱਤਰ ਵਧਦਾ ਪਿਉ ਹੋਰ ਦਾ ਹੋਰ ਹੁੰਦਾ ਜਾਂਦਾ।

ਮਾਰ-ਧਾੜ, ਚੋਰੀ-ਡਾਕਾ, ਸ਼ੀਹਾਂ ਸਿੰਘ ਨੇ ਸਭ ਛਡ-ਛਡਾ ਦਿੱਤਾ। ਸਵੇਰੇ-ਸ਼ਾਮੀਂ ਭਜਨ ਪਾਠ ਵਿਚ ਮਸਤ ਰਹਿੰਦਾ, ਸਾਰਾ ਸਾਰਾ ਦਿਨ ਉਹਦੇ ਹਥ ਵਿਚ ਮਾਲਾ ਫੜੀ ਰਹਿੰਦੀ। ਆਪਣੀ ਹਵੇਲੀ ਦੇ ਕੋਲ ਹਜ਼ਾਰਾਂ ਰੁਪੈ ਲਾਕੇ ਉਸ ਇਕ ਮੰਦਰ ਬਣਵਾਇਆ, ਪਿੰਡ ਦੇ ਸਕੂਲ ਨੂੰ ਹਰ ਮਹੀਨੇ ਉਹ ਢੇਰ ਸਾਰਾ ਦਾਨ ਦਿੰਦਾ। ਮੰਦਰ ਦੇ ਲਾਗੇ ਉਸ ਇਕ ਵਿਧਵਾ ਆਸ਼ਰਮ ਖੋਲ੍ਹਿਆ। ਤੇ ਜੋ ਕੋਈ ਵੀ ਲੋੜਵੰਦ ਆਂਦਾ, ਉਹਦੇ ਦਰਵਾਜ਼ੇ ਤੋਂ ਕਦੀ ਕੋਈ ਖ਼ਾਲੀ ਨਾ ਜਾਂਦਾ।

ਸ਼ੀਹਾਂ ਸਿੰਘ ਦੀ ਇਕੋ ਇਕ ਸਧਰ ਸੀ। ਉਹਦਾ ਪੁੱਤਰ ਭਲੇਮਾਣਸਾਂ ਦੇ ਪੁੱਤਰਾਂ ਨਾਲ ਖੇਡੇ, ਭਲੇਮਾਣਸਾਂ ਦੇ ਪੁੱਤਰਾਂ ਨਾਲ ਪੜ੍ਹੇ, ਵਡਾ ਹੋ ਕੇ ਭਲਾਮਾਣਸ ਅਖਵਾਏ। ਕੋਈ ਉਹਨੂੰ ਇਹ ਨਾ ਕਹੇ ਕਿ ਉਹਦਾ ਪਿਉ ਡਾਕੂ ਸੀ! ਤੇ ਸ਼ੀਹਾਂ ਸਿੰਘ ਉਸਤਾਦ ਰਖ ਰਖ ਬੱਚੇ ਨੂੰ ਪੜ੍ਹਾਂਦਾ, ਪੰਡਤ ਬੁਲਾ ਉਸਨੂੰ ਧਾਰਮਕ ਸਿਖਿਆ ਦਵਾਂਦਾ ਤੇ ਬੱਚੇ ਵਿੱਚ ਰੱਬ ਦਾ ਭੈ ਤੇ ਮਖ਼ਲੂਕ ਦਾ ਪਿਆਰ ਵੇਖ ਵੇਖ ਖੁਸ਼ ਹੁੰਦਾ।

ਗਲੀ ਵਿੱਚ ਹਸ ਰਿਹਾ, ਬਾਹਰ ਮੈਦਾਨ ਵਿੱਚ ਖੇਡ ਰਿਹਾ, ਕਦੀ ਉਹਦਾ ਪੁਤਰ ਜੇ ਕਿਸੇ ਨਾਲ ਖ਼ਫਾ ਹੁੰਦਾ ਤਾਂ ਉਹਦੀਆਂ ਅਖਾਂ ਲਾਲ ਅੰਗਾਰਿਆਂ ਵਾਂਗ ਭਖ ਜਾਂਦੀਆਂ, ਉਹਦੇ ਕੰਨ ਬਿੰਬ ਸੁਹੇ ਹੋ ਜਾਂਦੇ, ਉਹਦੇ ਹਥ ਕੰਬਣ ਲਗ ਪੈਂਦੇ, ਜਿਵੇਂ ਸ਼ੀਹਾਂ ਸਿੰਘ ਆਪ ਹੋ ਜਾਂਦਾ ਸੀ ਕਿਸੇ ਜ਼ਮਾਨੇ ਵਿਚ। ਤੇ ਉਹ ਪੁੱਤਰ ਨੂੰ ਸਦ ਸਦ ਸਮਝਾਂਦਾ ਰਹਿੰਦਾ, ਈਸ਼ਵਰ ਅਗੇ ਮਥੇ ਰਗੜ ਰਗੜ ਭੁਲਾਂ ਬਖਸ਼ਵਾਂਦਾ ਰਹਿੰਦਾ।

ਇਥੋਂ ਤੀਕ ਕਿ ਸ਼ੀਹਾਂ ਸਿੰਘ ਨੂੰ ਆਪਣਾ ਪੁਤਰ ਕਿਸੇ ਕੋਲੋਂ ਡਾਂਟ ਖਾ ਰਿਹਾ ਚੰਗਾ ਲਗਦਾ, ਮਾਰ ਖਾ ਰਿਹਾ ਚੰਗਾ ਲਗਦਾ, ਘਰ ਰੋਂਦਾ ਆ ਰਿਹਾ ਚੰਗਾ ਲਗਦਾ।

ਤੇ ਇੰਝ ਰੀਡਾ ਸਿੰਘ ਵਡਾ ਹੁੰਦਾ ਗਿਆ। ਚੰਗੇ ਤੋਂ ਚੰਗਾ ਮੰਗ ਉਹਦਾ ਹੁੰਦਾ, ਚੰਗੇ ਤੋਂ ਚੰਗੇ ਸਕੂਲ-ਕਾਲਜ ਵਿਚ ਉਹ ਪਾਇਆ ਗਿਆ, ਤੇ ਉੱਚੀ ਤੋਂ ਉੱਚੀ ਪੜ੍ਹਾਈ ਉਸ ਪਾਸ ਕਰ ਲਈ।

ਹੁਣ ਜਦੋਂ ਰੀਡਾ ਸਿੰਘ ਪੜ੍ਹ-ਲਿਖ ਹਟਿਆ, ਉਹਦੇ ਪਿਉ ਨੂੰ ਉਹਦੇ ਕੰਮ ਦੀ ਫਿਕਰ ਹੋਈ। ਕੋਈ ਕਹਿੰਦਾ ਸ਼ੀਹਾਂ ਸਿੰਘ ਦਾ ਪੁੱਤਰ ਨੰਬਰਦਾਰ ਬਣੇਗਾ, ਕੋਈ ਕਹਿੰਦਾ ਜ਼ੈਲਦਾਰ ਬਣੇਗਾ, ਕੋਈ ਕਹਿੰਦਾ ਤਸੀਲਦਾਰ ਬਣੇਗਾ, ਕੋਈ ਕਹਿੰਦਾ ਸ਼ੀਹਾਂ ਸਿੰਘ ਆਪਣੇ ਰਸੂਖ਼ ਨਾਲ ਉਹਨੂੰ ਉਸ ਤੋਂ ਵੀ ਵਡਾ ਅਫ਼ਸਰ ਬਣਵਾ ਲਵੇਗਾ। ਪਰ ਸ਼ੀਹਾਂ ਸਿੰਘ ਆਪ ਜਦੋਂ ਵੀ ਰੀਡਾ ਸਿੰਘ ਬਾਬਤ ਸੋਚਦਾ ਉਹਦਾ ਜੀਅ ਕਰਦਾ ਕਾਸ਼ ਕਿ ਉਹਦਾ ਪੁੱਤਰ ਕਦੀ ਕਲਕਤੇ ਦਫ਼ਤਰ ਵਿਚ ਭਰਤੀ ਹੋ ਜਾਵੇ। ਕਲਕਤਾ ਦਫ਼ਤਰ ਜਿਥੇ ਬਾਬੂਆਂ ਉਤੇ ਹੈਡਕਲਰਕ, ਹੈਡਕਲਰਕਾਂ ਉਤੇ ਸੁਪ੍ਰਿਨਟੈਂਡੈਂਟ, ਸੁਪ੍ਰਨਟੈਂਡੈਂਟਾਂ ਉਤੇ ਅਫ਼ਸਰ, ਉਨ੍ਹਾਂ ਉਤੇ ਹੋਰ ਅਫ਼ਸਰ। ਜਿਥੇ ਇਨ੍ਹਾਂ ਦਰਜਿਆਂ ਦੇ ਭਾਰ ਹੇਠਾਂ ਬੰਦਾ ਦਬ ਕੇ ਜਿਵੇਂ ਰਹਿ ਜਾਂਦਾ ਹੈ ਤੇ ਸੀੜ੍ਹੀ ਦਿਆਂ ਇਨ੍ਹਾਂ ਡੰਡਿਆਂ ਤੇ ਚੜ੍ਹਨ ਦੀ ਕੋਸ਼ਸ਼ ਵਿਚ ਕਾਲੇ ਧੌਲੇ ਹੋ ਜਾਂਦੇ ਹਨ। ਕਲਕਤਾ ਦਫ਼ਤਰ ਦੇ ਮੁਲਾਜ਼ਮ ਜਿਹੜੇ ਸਵੇਰੇ ਮੂੰਹ-ਝਾਖੜੇ ਕੰਮ ਤੇ ਜਾਂਦੇ ਤੇ ਸ਼ਾਮੀਂ ਤਰਕਾਲਾਂ ਪਾਕੇ ਕਿਤੇ ਮੁਤਦੇ। ਤੇ ਸ਼ੀਹਾਂ ਸਿੰਘ ਸੋਚਦਾ ਉਹਦੇ ਪੁੱਤਰ ਨੂੰ ਲੋਕੀ 'ਬਾਬੂ' ਸਦਿਆ ਕਰਨਗੇ – ਕਲਕਤੇ ਦਫ਼ਤਰ ਦਾ 'ਬਾਬੂ',ਗ਼ਰੀਬੜਾ ਜਿਹਾ, ਚੁਪ ਜਿਹਾ, ਸ਼ਰੀਫ਼ ਜਿਹਾ

ਇਨਸਾਨ, ਜਿਹੜਾ ਕਿਸੇ ਲਈ ਅੰਗਰੇਜ਼ੀ ਵਿਚ ਚਿਠੀ ਲਿਖ ਕੇ ਬਸ ਖੁਸ਼ ਹੋ ਲੈਂਦਾ ਏ, ਜਿਹੜਾ ਸਮੇਂ ਪੁਰ ਦਫਤਰ ਪੁਜ ਕੇ ਲਖਾ ਲਖ ਰਬ ਦਾ ਸ਼ੁਕਰ ਕਰਦਾ ਏ, ਜਿਹੜਾ ਆਪਣੇ ਅਫਸਰ ਦੀ ਇਕ ਮੁਸਕ੍ਰਾਹਟ ਲਈ ਜਾਨ ਦੇਣ ਲਈ ਤਿਆਰ ਰਹਿੰਦਾ ਹੈ।

ਤੇ ਸ਼ੀਹਾਂ ਸਿੰਘ ਅਜੇ ਸੋਚ ਹੀ ਰਿਹਾ ਸੀ ਕਿ ਉਹਦੇ ਪੁੱਤਰ ਨੇ ਉਸਨੂੰ ਇਕ ਦਿਨ ਆਕੇ ਦਸਿਆ ਕਿ ਉਹ ਭੂਮੀ ਦਾਨ ਲਹਿਰ ਵਿਚ ਸ਼ਾਮਲ ਹੋ ਰਿਹਾ ਸੀ। ਉਸ ਫੈਸਲਾ ਕਰ ਲਿਆ ਸੀ ਕਿ ਆਪਣਾ ਸਾਰਾ ਸਮਾਂ ਉਹ ਇਸ ਲਹਿਰ ਨੂੰ ਦੇਵੇਗਾ। ਭੂਮੀ-ਦਾਨ ਲਹਿਰ – ਜ਼ਿੰਮੀ ਵਾਲਿਆਂ ਤੋਂ ਜ਼ਿੰਮੀ ਲੈ ਕੇ ਉਹਨਾਂ ਵਿਚ ਵੰਡ ਦੇਣਾ ਜਿਨ੍ਹਾਂ ਕੋਲ ਜ਼ਿੰਮੀ ਕੋਈ ਨਹੀਂ ਸੀ। ਸ਼ੀਹਾਂ ਸਿੰਘ ਇਸ ਬਾਬਤ ਕਿਤਨੇ ਚਿਰਾਂ ਤੋਂ ਸੁਣ ਰਿਹਾ ਸੀ।

ਤੇ ਸ਼ੀਹਾਂ ਸਿੰਘ ਦਾ ਸੁਣਦਿਆਂ ਸਾਹ ਜਿਵੇਂ ਮਣਾਂ-ਮੂੰਹੀ ਭਾਰ ਸਿਰ ਤੋਂ ਲਥ ਗਿਆ। ਠੰਡਾਠਾਰ, ਹੌਲਾ-ਫੁਲ, ਉਸ ਰਾਤ ਕਿਤਨਾ ਚਿਰ ਮੰਦਰ ਵਿੱਚ ਮੂਰਤੀ ਦੇ ਸਾਹਮਣੇ ਉਹ ਸ਼ੁਕਰਾਨੇ ਵਿੱਚ ਮਥਾ ਰਗੜਦਾ ਰਿਹਾ।

ਤੇ ਫੇਰ ਉਹਦੇ ਪੁੱਤਰ ਦੀਆਂ ਸ਼ੀਹਾਂ ਸਿੰਘ ਨੂੰ ਲੋਕੀ ਖ਼ਬਰਾਂ ਆਕੇ ਦੇਣ ਲਗ ਪਏ।

ਪਿਡ ਪਿੰਡ ਉਹ ਫਿਰਦਾ ਤੇ ਪਿਆਰ ਨਾਲ, ਧੀਰਜ ਨਾਲ ਆਪਣੇ ਮਿਸ਼ਨ ਬਾਬਤ ਲੋਕਾਂ ਨੂੰ ਸਮਝਾਂਦਾ। ਕਿਤਨੇ ਹੋਰ ਨੌਜਵਾਨ ਉਸਦੇ ਨਾਲ ਸ਼ਾਮਲ ਹੋ ਗਏ ਸਨ। ਤੇ ਉਹਦੀ ਜ਼ਬਾਨ ਵਿੱਚ ਕੋਈ ਅਜਿਹਾ ਜਾਦੂ ਸੀ ਕਿ ਜ਼ਮੀਨਾਂ ਵਾਲੇ ਜ਼ਿਮੀਂ ਉਸ ਨੂੰ ਪਏ ਦਿੰਦੇ, ਹਲਾਂ ਵਾਲੇ ਹਲ ਪਏ ਦਿੰਦੇ, ਬਲਦਾਂ ਵਾਲੇ ਬਲਦ ਉਹਦੇ ਹਵਾਲੇ ਕਰ ਦਿੰਦੇ। ਔਰਤਾਂ ਗਹਿਣੇ ਲਾਹ ਲਾਹ ਕੇ ਉਹਨੂੰ ਗ਼ਰੀਬਾਂ ਵਿੱਚ ਵੰਡਣ ਲਈ ਦਿੰਦੀਆਂ।

ਤੇ ਭੂਮੀ-ਦਾਨ ਲਹਿਰ ਦੇ ਨੇਤਾ ਵਾਂਗ ਪਿੰਡ ਪਿੰਡ ਗੰਡਾ ਸਿੰਘ ਫਿਰਦਾ ਲੋਕਾਂ ਨੂੰ ਕਹਿੰਦਾ, ਜੇ ਤੁਹਾਡਾ ਇਕ ਪੁੱਤਰ ਹੈ ਤਾਂ ਮੈਨੂੰ ਦੂਜਾ ਸਮਝੋ, ਜੇ ਦੋ ਹਨ ਤਾਂ ਮੈਨੂੰ ਤੀਜਾ ਸਮਝੋ, ਜੇ ਤਿੰਨ ਹਨ ਤਾਂ ਚੌਥਾ, ਜੇ ਸਤ ਹਨ ਤਾਂ ਅਠਵਾਂ। ਤੇ ਮੇਰਾ ਹਿੱਸਾ ਮੈਨੂੰ ਦੇ ਦਿਉ। ਤੇ ਲੋਕੀ ਉਹਦੇ ਅਗੇ ਵਿਛ ਵਿਛ ਜਾਂਦੇ, ਕੋਈ ਇਨਕਾਰ ਨਾ ਕਰ ਸਕਦਾ। ਜ਼ਿਆਦਾ ਜ਼ਿਮੀਂ ਵਾਲੇ ਜ਼ਿਆਦਾ ਜ਼ਿਮੀਂ ਦਿੰਦੇ, ਥੋੜ੍ਹੀ ਵਾਲੇ ਥੋੜ੍ਹੀ। ਕੋਈ ਨਹਿਰੀ ਜ਼ਿਮੀਂ ਦੇਂਦਾ ਕੋਈ ਖੂਹ ਵਾਲੀ, ਕੋਈ ਬਾਰਾਨੀ, ਕੋਈ ਰਕੜ। ਗੰਡਾ ਸਿੰਘ ਨੂੰ ਸਭ ਕਬੂਲ ਸੀ। ਆਪਣੇ ਦੇਸ ਦੀ ਜ਼ਿਮੀਂ, ਉਹ ਕਹਿੰਦਾ, ਜਿਹੋ ਜਹੀ ਵੀ ਹੋਵੇ ਉਸਨੂੰ ਪਿਆਰੀ ਸੀ। ਉਹ ਕਿਸੇ ਟੁਕੜੇ ਨੂੰ ਲੈਣੋ ਇਨਕਾਰ ਨਾ ਕਰਦਾ। ਤੇ ਸਾਰੇ ਦੇ ਸਾਰੇ ਇਲਾਕੇ ਵਿਚ ਸ਼ੋਰ ਮਚ ਗਿਆ।

ਫੇਰ ਸ਼ੀਹਾਂ ਸਿੰਘ ਨੂੰ ਕਿਸੇ ਆਕੇ ਦਸਿਆ ਗਵਾਂਢੀ ਪਿੰਡ ਦੇ ਇਕ ਚੌਧਰੀ ਨੇ ਸਾਰੀ ਦੀ ਸਾਰੀ ਉਹ ਜ਼ਿਮੀਂ ਦਾਨ ਕਰ ਛਡੀ ਸੀ ਜਿਸ ਨੂੰ ਪਿਛਲੇ ਦੋ ਸਾਲ ਮੁਕੱਦਮਾ ਲੜ ਕੇ ਉਸਨੇ ਆਪਣੇ ਦਾਦੇ-ਪੋਤਰਿਆਂ ਤੋਂ ਜਿਤਿਆ ਸੀ। ਸ਼ੀਹਾਂ ਸਿੰਘ ਨੂੰ ਪਤਾ ਸੀ ਉਸ ਜ਼ਿਮੀਂ ਲਈ ਕਿਤਨੇ ਖੂਨ-ਖਰਾਬੇ ਹੋਏ ਸਨ, ਕਿਤਨਾ ਜ਼ਹਿਰ ਫੈਲਿਆ ਰਿਹਾ ਸੀ, ਸਾਰੇ ਦੇ ਸਾਰੇ ਇਲਾਕੇ ਵਿਚ। ਸ਼ੀਹਾਂ ਸਿੰਘ ਦੇ ਕੰਨਾਂ ਵਿਚੋਂ ਖੁਸ਼ੀਆਂ ਫੁਟ ਫੁਟ ਨਿਕਲਦੀਆਂ। ਆਪਣੇ ਪੁਤਰ ਦੀਆਂ ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣਦਾ ਤੇ ਉਹਦਾ ਜੀਅ ਕਰਦਾ ਇੰਝ ਕਹਾਣੀਆਂ ਸੁਣਦਿਆਂ ਸੁਣਦਿਆਂ ਉਹਦੀ ਫੂਕ ਨਿਕਲ ਜਾਏ, ਇਕ ਖੁਸ਼ੀ ਵਿਚ, ਇਕ ਨਸ਼ੇ ਵਿਚ, ਇਕ ਹੁਲਾਰ ਵਿਚ।

ਫੇਰ ਸ਼ੀਹਾਂ ਸਿੰਘ ਨੂੰ ਕਿਸੇ ਨੇ ਆਕੇ ਦਸਿਆ ਕਿ ਮੀਰੂ

ਮੁਸੱਲੀ ਨੇ ਆਪਣਾ ਪਹਿਲਾ ਘਰ ਗੰਡਾ ਸਿੰਘ ਨੂੰ ਦੇ ਛਡਿਆ ਸੀ। ਮੀਰੂ ਕਹਿੰਦਾ ਮੇਰੇ ਕੋਲ ਇਕ ਘਰ ਹੈ ਮੈਂ ਦੂਜੇ ਨੂੰ ਸਿਰ ਮਾਰਨਾ ਏ। ਉਸ ਘਰ ਵਿਚ ਗੰਡਾ ਸਿੰਘ ਨੇ ਕਿਸੇ ਬੇਘਰੇ ਨੂੰ ਆਣ ਵਸਾਇਆ ਸੀ। ਤੇਮੁੜ ਮੁੜ ਸ਼ੀਹਾਂ ਸਿੰਘ ਨੂੰ ਖ਼ਿਆਲ ਆਂਦਾ ਮੀਰੂ ਨੇ ਆਪਣੇ ਪਿਉ-ਦਾਦੇ ਦਾ ਜੱਦੀ ਘਰ ਦੇ ਛਡਿਆ ਸੀ। ਮੀਰੂ ਜਿਹੜਾ ਕਦੀ ਵਿਹੜੇ ਦੀ ਬੁਢੀ ਜੰਡ ਨਹੀਂ ਸੀ ਕਟਣ ਦੇਂਦਾ। ਜੱਦੀ ਜਾਇਦਾਦਾਂ ਲਈ ਪੇਂਡੂ ਅਕਸਰ ਸਿਰ ਖੁਲਵਾ ਲੈਂਦੇ ਹਨ, ਭੁਖੇ ਮਰ ਜਾਂਦੇ ਹਨ ਤੇ ਜੱਦੀ ਜਾਇਦਾਦ ਵਲ ਕਿਸੇ ਨੂੰ ਅਖ ਪੁਟ ਕੇ ਨਹੀਂ ਵੇਖਣ ਦਿੰਦੇ।

ਤੇ ਸ਼ੀਹਾਂ ਸਿੰਘ ਨੂੰ ਮੀਰੂ-ਮੁਸੱਲੀ ਦੇ ਇਸ ਦਾਨ ਦੀ ਗਲ ਸੁਣ ਕੇ ਅੱਜ ਉਸ ਦਿਨ ਤੋਂ ਵੀ ਜ਼ਿਆਦਾ ਮਜ਼ਾ ਆਇਆ ਜਿਸ ਦਿਨ ਉਸ ਨੇ ਆਪ ਮੀਰੂ ਨੂੰ ਜੰਡ ਵਾਲਾ ਕੋਠਾ ਖ਼ਰੀਦ ਦਿਤਾ ਸੀ। ਜਾਂ ਜਿਸ ਦਿਨ ਲਾਲੂ ਮਰਾਸੀ ਲਈ ਉਸ ਘੋੜਾ ਭੇਜਿਆ ਸੀ, ਨਾਲ ਛੇ-ਵੀਹਾਂ ਰੁਪਿਆ ਭੇਜਿਆ ਸੀ, ਜਾਂ ਹੋਰ ਸੌ ਥੁੜ੍ਹੇ ਹੋਇਆਂ ਦੇ ਕੰਮ ਜਿਹੜੇ ਸਮੇਂ ਸਮੇਂ ਉਸ ਟੋਰੇ ਸਨ।

ਤੇ ਸ਼ੀਹਾਂ ਸਿੰਘ ਖੁਸ਼ ਸੀ, ਬਹੁਤ ਖੁਸ਼।

ਉਨ੍ਹਾਂ ਦਿਨਾਂ ਵਿਚ ਹੀ ਗੰਡਾ ਸਿੰਘ ਚੱਕਰ ਲਾਂਦਾ ਲਾਂਦਾ ਆਪਣੇ ਪਿੰਡ ਆ ਨਿਕਲਿਆ। ਢੋਲਕੀਆਂ ਨਾਲ, ਛੈਣਿਆਂ ਨਾਲ, ਵਾਜਿਆਂ ਨਾਲ ਲੋਕਾਂ ਨੇ ਹੁਮ-ਹੁਮਾ ਕੇ ਉਹਦਾ ਸਵਾਗਤ ਕੀਤਾ। ਗੰਡਾ ਸਿੰਘ ਨੇ ਆਪਣੇ ਪਿੰਡ ਵਾਲਿਆਂ ਤੋਂ ਵੀ ਜ਼ਿਮੀਂ ਮੰਗੀ, ਸੰਪੱਤੀ ਮੰਗੀ। ਸ਼ੀਹਾਂ ਸਿੰਘ ਨੇ ਆਪਣੀ ਨਿਝ ਦੀ ਲੋੜ ਲਈ ਘਟ ਤੋਂ ਘਟ ਜ਼ਿਮੀਂ, ਧੰਨ, ਡੰਗਰ ਆਦਿ ਰਖ ਕੇ ਬਾਕੀ ਸਭ ਕੁਝ ਪੁੱਤਰ ਦੇ ਹਵਾਲੇ ਕਰ ਛਡਿਆ। ਸ਼ੀਹਾਂ ਸਿੰਘ

ਨੂੰ ਵੇਖ ਕੇ ਬਾਕੀ ਲੋਕ ਆਪਣੀ ਵਿਤ ਤੋਂ ਵਧ ਦਾਨ ਦੇਣ ਲਗ ਪਏ। ਸਾਰਾ ਦਿਨ ਪਿੰਡ ਵਿਚ ਗਹਿਮਾ-ਗਹਿਮੀ ਲਗੀ ਰਹੀ। ਪਰ ਇਕ ਗਲ ਗੰਡਾ ਸਿੰਘ ਨੂੰ ਮੁੜ ਮੁੜ ਹੈਰਾਨ ਕਰ ਰਹੀ ਸੀ। ਪਿੰਡ ਦਾ ਨੰਬਰਦਾਰ ਕਿਤੇ ਵੀ ਨਜ਼ਰ ਨਹੀਂ ਸੀ ਆ ਰਿਹਾ। ਸਵੇਰੇ ਸਵਾਗਤ ਲਈ ਉਹ ਸਭ ਤੋਂ ਅਗੇ ਸੀ। ਪਰ ਉਸ ਤੋਂ ਬਾਅਦ ਉਸ ਨੂੰ ਕਿਸੇ ਵੀ ਨਾ ਵੇਖਿਆ। ਅਧੀ ਰਾਤ ਨੂੰ ਪਤਾ ਲਗਾ ਨੰਬਰਦਾਰ ਬਾਹਰੋਂ ਕਿਤੋਂ ਮੁੜਿਆ ਏ। ਤੇ ਗੰਡਾ ਸਿੰਘ ਆਪਣੇ ਪਿਤਾ ਨੂੰ ਨਾਲ ਲੈ ਕੇ ਉਹਦੇ ਘਰ ਪਹੁੰਚ ਗਿਆ।

ਨੰਬਰਦਾਰ ਜ਼ਿਮੀਂ ਦੇਣ ਲਈ ਤਿਆਰ ਨਹੀਂ ਸੀ। ਉਹਦੇ ਦਸ ਬੱਚੇ ਸਨ। ਉਹਦੀ ਜ਼ਿਮੀਂ ਕਿਹੜੀ ਜ਼ਿਆਦਾ ਸੀ। ਪਿਛਲੇ ਸਾਲ ਉਹਦਾ ਫ਼ਸਲ ਖ਼ਰਾਬ ਹੋ ਗਿਆ ਸੀ। ਆਪ ਹੁਣ ਉਹ ਬੁਢਾ ਹੋ ਗਿਆ ਸੀ। ਬੱਚਿਆਂ ਦੀ ਮਰਜ਼ੀ ਬਗੈਰ ਉਹ ਕਿਸ ਤਰ੍ਹਾਂ ਉਨ੍ਹਾਂ ਦਾ ਹਕ ਕਿਸੇ ਨੂੰ ਦੇ ਸਕਦਾ ਸੀ। ਇਸ ਤਰ੍ਹਾਂ ਦੀਆਂ ਗਲਾਂ ਉਹ ਕਰਦਾ ਰਿਹਾ।

ਅਖ਼ੀਰ ਚੁਪ ਚੁਪੀਤਾ ਉਹਦੇ ਘਰੋਂ ਗੰਡਾ ਸਿੰਘ ਉਠ ਆਇਆ। ਤੇ ਜਦੋਂ ਨੰਬਰਦਾਰ ਦੀ ਡਿਉਢੀ ਤੋਂ ਨਿਕਲੇ ਸ਼ੀਹਾਂ ਸਿੰਘ ਨੇ ਵੇਖਿਆ ਉਹਦੇ ਪੁੱਤਰ ਦੀਆਂ ਅਖਾਂ ਲਾਲ ਅੰਗਾਰਿਆਂ ਵਾਂਗ ਭਖ ਰਹੀਆਂ ਸਨ, ਉਹਦੇ ਕੰਨ ਬਿੰਬ ਸੂਹੇ ਹੋ ਰਹੇ ਸਨ, ਉਹਦੇ ਹਥ ਕੰਬ ਰਹੇ ਸਨ, ਉਹ ਗਚੋ-ਗਚ ਹੋ ਰਿਹਾ ਸੀ।

ਤੇ ਸ਼ੀਹਾਂ ਸਿੰਘ ਦੇ ਪੈਰਾਂ ਹੇਠੋਂ ਜਿਵੇਂ ਧਰਤੀ ਨਿਕਲ ਗਈ। ਰਾਤ ਜ਼ਿਆਦਾ ਬਾਕੀ ਨਹੀਂ ਸੀ। ਜਿਤਨੀ ਰਾਤ ਬਾਕੀ ਸੀ ਸ਼ੀਹਾਂ ਸਿੰਘ ਮੰਦਰ ਵਿਚ ਮੂਰਤੀ ਅਗੇ ਮੂਧਾ ਪਿਆ ਰਿਹਾ। ਉਹਦੀਆਂ ਅਖਾਂ ਵਿੱਚੋਂ ਛੰਮ-ਛੰਮ ਅਥਰੂ ਵਗਦੇ ਰਹੇ ਤੇ ਮੁੜ ਮੁੜ ਉਹਦੇ ਸਾਹਮਣੇ ਉਸ ਰਾਤ ਦਾ ਦ੍ਰਿਸ਼ ਆਂਦਾ, ਜਦੋਂ ਇਕ

ਸਜ ਵਿਆਹੇ ਡੋਲੇ ਨੂੰ ਉਸ ਲੁਟਿਆ ਸੀ। ਉਛਲ-ਉਛਲ ਆਂਦੇ ਲਾੜੇ ਨੂੰ ਉਸ ਜ਼ਿਮੀਂ ਤੇ ਪਟਾਖ਼ਿਆ ਤੇ ਲਾੜੀ ਦੇ ਗਹਿਣੇ ਲਾਹਣ ਵੇਲੇ ਉਹਦੀਆਂ ਅੱਖਾਂ ਇਨ ਬਿਨ ਇੰਝ ਲਾਲ ਅੰਗਾਰਿਆਂ ਵਾਂਗ ਭਖ ਰਹੀਆਂ ਸਨ, ਉਹਦੇ ਕੰਨ ਬਿੰਬ ਸੂਹੇ ਹੋ ਗਏ ਸਨ, ਉਹਦੇ ਹਥ ਕੰਬਣ ਲਗ ਪਏ ਸਨ, ਉਹ ਗਚੋ-ਗਚ ਹੋ ਗਿਆ ਸੀ।

ਅਗਲੀ ਸਵੇਰ ਜਦੋਂ ਪਿੰਡ ਵਾਲਿਆਂ ਨੂੰ ਨੰਬਰਦਾਰ ਦੀ ਜ਼ਿਆਦਤੀ ਦਾ ਪਤਾ ਲਗਾ ਤਾਂ ਲੋਕਾਂ ਨੇ ਸਗੋਂ ਹੋਰ ਵਧ ਚੜ੍ਹ ਕੇ ਜ਼ਿਮੀ ਦਾਨ ਦੇਣੀਂ ਸ਼ੁਰੂ ਕਰ ਦਿਤੀ। ਗ਼ਰੀਬ, ਜਿਨ੍ਹਾਂ ਕੋਲ ਦੋ ਚਾਰ ਚਾਰ ਵਿਘੇ ਜ਼ਿਮੀ ਸੀ ਉਨ੍ਹਾਂ ਵੀ ਆਪਣਾ ਹਿਸਾ ਇਸ ਯਗਜ ਵਿਚ ਪਾਇਆ ਤੇ 'ਇਨਕਲਾਬ ਜ਼ਿੰਦਾਬਾਦ' ਦੇ ਉੱਚੇ ਉੱਚੇ ਨਾਹਰੇ ਲਾਂਦੇ ਨੰਬਰਦਾਰ ਤੇ ਨੰਬਰਦਾਰ ਦੇ ਸੰਬੰਧੀਆਂ ਨੂੰ ਸ਼ਰਮਿੰਦਾ ਕਰਦੇ ਰਹੇ। ਜੰਤਾ ਦੇ ਇਸ ਉਮਢੇ ਹੋਏ ਹੜ ਨੂੰ ਵੇਖ ਕੇ ਸ਼ੀਹਾਂ ਸਿੰਘ ਮੁੜ ਹਲੂਣਿਆਂ ਗਿਆ, ਮੁੜ ਇਕ ਨਸ਼ਾ ਉਹਨੂੰ ਚੜ੍ਹ ਆਇਆ, ਮੁੜ ਸੁਆਦ ਸੁਆਦ ਉਹ ਹੋ ਗਿਆ।

ਗੰਡਾ ਸਿੰਘ ਇਕ ਝਖੜ ਦੀ ਤਰ੍ਹਾਂ ਆਇਆ ਇਕ ਹਨੇਰੀ ਦੀ ਤਰ੍ਹਾਂ ਚਲਾ ਗਿਆ।

ਸ਼ੀਹਾਂ ਸਿੰਘ ਨੂੰ ਹਰ ਰੋਜ਼ ਆਪਣੇ ਪੁੱਤਰ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਤੇ ਇਨ੍ਹਾਂ ਕਹਾਣੀਆਂ ਨੂੰ ਸੁਣ ਸੁਣ ਉਹਦੇ ਵਿਚ ਦਾ ਪਿਉ ਲਖ ਲਖ ਰਬ ਦਾ ਸ਼ੁਕਰ ਕਰਦਾ। ਹਰ ਨਵਾਂ ਦਿਨ ਉਸ ਦੀ ਜ਼ਿੰਦਗੀ ਨੂੰ ਹੋਰ ਸ਼ਾਂਤ, ਹੋਰ ਸੀਤਲ, ਹੋਰ ਗੰਭੀਰ ਬਣਾ ਰਹਿਆ ਸੀ।

ਸ਼ੀਹਾਂ ਸਿੰਘ ਖੁਸ਼ ਸੀ, ਬਹੁਤ ਖੁਸ਼! ਉਸ ਨੂੰ ਕਿਸੇ ਚੀਜ਼

ਦੀ ਲਾਲਸਾ ਨਹੀਂ ਸੀ। ਨ ਜ਼ਮੀਨ ਦੀ, ਨ ਮਕਾਨ ਦੀ, ਨ ਧੰਨ ਦੀ। ਉਸਦਾ ਪੁੱਤਰ ਸਤ ਦੇ ਮਾਰਗ ਤੇ ਤੁਰ ਰਿਹਾ ਸੀ, ਧਰਮ ਦੇ ਮਾਰਗ ਤੇ ਤੁਰ ਰਿਹਾ ਸੀ। ਸ਼ੀਹਾਂ ਸਿੰਘ ਖੁਸ਼ ਸੀ, ਬਹੁਤ ਖੁਸ਼।

ਇੰਝ ਜ਼ਿੰਦਗੀ ਖੁਸ਼-ਖੁਸ਼ੀਆਂ ਗੁਜ਼ਰ ਰਹੀ ਸੀ ਕਿ ਇਕ ਸ਼ਾਮ ਗੱਲਾਂ ਕਰਦੇ ਕਰਦੇ ਕਿਸੇ ਨੇ ਸ਼ੀਹਾਂ ਸਿੰਘ ਨੂੰ ਦਸਿਆ, ਲਹਿੰਦੇ ਦੇ ਇਕ ਪਿੰਡ ਵਿਚ ਨੰਬਰਦਾਰ ਨੇ ਗੰਡਾ ਸਿੰਘ ਨੂੰ ਇਨ ਬਿਨ ਇੰਝ ਹੀ ਮਿਲਵਰਤਣ ਦੇਣੋਂ ਇਨਕਾਰ ਕਰ ਛਡਿਆ ਸੀ, ਜਿਵੇਂ ਉਨ੍ਹਾਂ ਦੇ ਆਪਣੇ ਪਿੰਡ ਦੇ ਨੰਬਰਦਾਰ ਨੇ ਕੀਤਾ ਸੀ। ਸਾਰਾ ਦਿਨ ਉਹ ਪਿੰਡੋਂ ਬਾਹਿਰ ਕਿਤੇ ਛੁਪਿਆ ਰਿਹਾ ਤੇ ਰਾਤੀਂ ਚਿਰਕਾ ਸਾਰਾ ਘਰ ਆਕੇ ਹਵੇਲੀ ਦਾ ਦਰਵਾਜ਼ਾ ਉਸ ਅੰਦਰੋਂ ਬੰਦ ਕਰ ਲਿਆ। ਗੰਡਾ ਸਿੰਘ ਤੇ ਉਸ ਦੇ ਸਾਥੀਆਂ ਨੇ ਬੜੀਆਂ ਆਵਾਜ਼ਾਂ ਮਾਰੀਆਂ, ਬੜਾ ਦਰਵਾਜ਼ਾ ਖਟਖਟਾਇਆ ਪਰ ਅੰਦਰੋਂ ਕੋਈ ਜਵਾਬ ਨ ਆਇਆ। ਅਖ਼ੀਰ ਗੰਡਾ ਸਿੰਘ ਨੇ ਇਕ ਰੱਸੀ ਮੰਗਵਾਈ ਤੇ ਮੂੰਹ ਵਿਚ ਉਂਗਲਾਂ ਪਾਈ ਲੋਕੀ ਵੇਖ ਰਹੇ ਸਨ ਕਿ ਕਮੰਦ ਬਣਾ ਇਕ ਗਲ਼ਹਿਰੀ ਵਾਂਗ ਉਹ ਨੰਬਰਦਾਰ ਦੀ ਕਦੀਮੀ ਪੱਥਰਾਂ ਦੀ ਹਵੇਲੀ ਤੇ ਚੜ੍ਹ ਗਿਆ। ਹਵੇਲੀ ਦੇ ਅੰਦਰ ਜਾਕੇ ਨੰਬਰਦਾਰ ਨਾਲ ਉਸ ਬਹਿਸ ਕੀਤੀ, ਉਹਦੇ ਅੰਦਰ ਦੀ ਸ਼ਰਾਫ਼ਤ, ਨਿਆਂ, ਤੇ ਰੱਬ ਦੇ ਡਰ ਨੂੰ ਉਸ ਜਗਾਇਆ ਤੇ ਅਖ਼ੀਰ ਜਿਮੀਂ ਦਾ ਹਿੱਸਾ ਉਸ ਤੋਂ ਵੰਡਾ ਲਿਆ।

ਦਸਣ ਵਾਲਾ ਸ਼ੀਹਾਂ ਸਿੰਘ ਨੂੰ ਕਹਾਣੀ ਦਸਦਾ ਰਿਹਾ, ਦਸਦਾ ਰਿਹਾ, ਪਰ ਉਹ ਜਿਵੇਂ ਡੂੰਘੀਆਂ ਸੋਚਾਂ ਵਿਚ ਡੁਬ ਗਿਆ ਹੋਵੇ।

ਸ਼ਾਮ ਰਾਤ ਵਿਚਵਟ ਗਈ।

ਸ਼ੀਹਾਂ ਸਿੰਘ ਅਜੇ ਵੀ ਫਿਕਰਾਂ ਵਿਚ ਗ਼ਲਤਾਨ, ਡੌਰ-ਭੌਰ, ਗੁੰਮ-ਸੁੰਮ, ਸੋਚ ਰਿਹਾ ਸੀ, ਸੋਚ ਰਿਹਾ ਸੀ। ਸ਼ੀਹਾਂ ਸਿੰਘ ਦੇ ਪੁੱਤਰ ਨੇ ਕਮੰਦ ਸੁਟੀ ਸੀ। ਕਮੰਦ ਤੇ ਸਾਰੇ ਦੇ ਸਾਰੇ ਇਲਾਕੇ ਵਿਚ ਕੇਵਲ ਸ਼ੀਹਾਂ ਸਿੰਘ ਹੀ ਸੁਟ ਸਕਦਾ ਸੀ। ਆਖ਼ਰ ਰੀਡਾ ਸਿੰਘ ਨੂੰ ਕਿਸ ਇੰਝ ਕਮੰਦ ਸੁਟਣੀ ਸਿਖਾਈ ਸੀ? ਕਿਸ ਸਿਖਾਈ ਸੀ? ਤੇ ਸ਼ੀਹਾਂ ਸਿੰਘ ਨੂੰ ਮੁੜ ਮੁੜ ਯਾਦ ਆ ਰਿਹਾ ਸੀ ਇੰਝ ਹੀ ਇਕ ਹਨੇਰੀ ਰਾਤ ਉਸਨੇ ਆਪ ਉਸ ਹਵੇਲੀ ਤੇ ਕਮੰਦ ਸੁਟੀ ਸੀ। ਚੱਟਾਨ ਵਰਗੀਆ ਸਖ਼ਤ ਕੰਧਾਂ, ਮਣਾਂ-ਮੂਹੀਂ ਲੋਹੇ ਦੇ ਭਾਰੀ ਦਰਵਾਜ਼ਿਆਂ ਵਾਲੀ ਉਹ ਹਵੇਲੀ ਉਂਝ ਦੀ ਉਂਝ ਖਲੋਤੀ ਰਹੀ ਤੇ ਉਹ ਅੰਦਰ ਸੁੱਤੇ ਪਏ ਨੰਬਰਦਾਰ ਦਾ ਇੱਟੀ-ਟੱਲਾ ਸਮੇਟ ਲਿਆਇਆ ਸੀ।

ਸ਼ੀਹਾਂ ਸਿੰਘ ਸੋਚ ਰਿਹਾ ਸੀ, ਸੋਚ ਰਿਹਾ ਸੀ। ਉਸਦੇ ਸਕੂਲਾਂ, ਕਾਲਜਾਂ ਵਿਚ ਪੜ੍ਹੇ, ਭਲੇਮਾਣਸ, ਸਾਊ, ਗ਼ਰੀਬਾਂ ਕਿਰਸਾਨਾਂ ਲਈ ਆਪਣੀ ਜਵਾਨੀ ਅਰਪਣ ਕਰਨ ਵਾਲੇ ਪੁੱਤਰ ਨੂੰ ਇੰਝ ਕਮੰਦ ਸੁਟਣੀ ਕਿਸ ਸਿਖਾਈ ਸੀ?

ਤੇ ਰਾਤ ਅਧੀ ਹੋ ਗਈ

ਸ਼ੀਹਾਂ ਸਿੰਘ ਨੂੰ ਨੀਂਦ ਆ ਰਹੀ ਸੀ। ਉਹਦਾ ਅੰਦਰ ਇਕ ਆਵੇ ਦੀ ਤਰ੍ਹਾਂ ਧੁਖ ਰਿਹਾ ਸੀ। ਲਾਂਭੇ-ਚਾਂਭੇ ਵਿਚ ਖਿਲਰੀ ਹੋਈ ਚੰਨ-ਚਾਨਣੀ ਉਹਨੂੰ ਸੂਲਾਂ ਵਾਂਗ ਚੁਭ ਰਹੀ ਸੀ। ਉਹ ਬੇਕਰਾਰ ਆਪਣੇ ਸੁੰਨੇ ਵਿਹੜੇ ਵਿਚ ਟਹਿਲਣ ਲਗ ਪਿਆ।

ਤੇ ਫਿਰ ਸ਼ੀਹਾਂ ਸਿੰਘ ਨੂੰ ਲਗਿਆ ਜਿਵੇਂ ਸਾਹਮਣੇ ਵਿਹੜੇ ਦੀ ਹਨੇਰੀ ਨੁੱਕਰ ਵਿਚ ਕੁਝ ਹਲ-ਚਲ ਹੋ ਰਹੀ ਸੀ।

ਸ਼ੀਹਾਂ ਸਿੰਘ ਦੇ ਕਦਮ ਬੋ ਧਿਆਨੇ ਉਧਰ ਚਲੇ ਗਏ ਤੇ ਉਸਨੇ ਵੇਖਿਆ ਉਹਦੀ ਪੰਜ ਕਲਿਆਨ ਮਹਿੰਸੂ ਪਈ ਸੀ। ਪੰਜ ਕਲਿਆਨ ਮਹਿੰ ਨੇ ਪੰਜ ਕਲਿਆਨ ਕੱਟੀ ਦਿੱਤੀ ਸੀ। ਇਕ ਚੰਨ ਮਥੇ ਤੇ, ਇਕ ਇਕ ਚੰਨ ਚਵ੍ਹਾਂ ਟੰਗਾਂ ਤੇ, ਜਿਵੇਂ ਮਾਂ ਸੀ ਇਨ ਬਿਨ ਇੰਝ ਹੀ ਇਕ ਚੰਨ ਮਥੇ ਤੇ, ਇਕ ਇਕ ਚੰਨ ਚਵ੍ਹਾਂ ਟੰਗਾਂ ਤੇ ਬੇਟੀ ਸੀ। ਸ਼ੀਹਾਂ ਸਿੰਘ ਪੰਜ ਕਲਿਆਨ ਕੱਟੀ ਵਲ ਕਿਤਨਾ ਚਿਰ ਵੇਖਦਾ ਰਿਹਾ।

ਫਿਕਰਾਂ ਦੀ ਜਿੱਲ੍ਹਣ ਵਿਚ ਖੁਭੇ ਹੋਏ ਸ਼ੀਹਾਂ ਸਿੰਘ ਦੀਆਂ ਪਲਕਾਂ ਅਜੇ ਵੀ ਤੋਰ-ਭੋਰ ਅਕੜੀਆਂ ਹੋਈਆਂ ਸਨ। ਅਜੇ ਵੀ ਉਹਨੂੰ ਪਸੀਨੇ ਛੁਟ ਰਹੇ ਸਨ।

"ਉਏ ਸ਼ੀਹਾਂ ਸਿੰਘਾ!" ਅਖ਼ੀਰ ਸ਼ੀਹਾਂ ਸਿੰਘ ਨੇ ਅਪਣੇ ਪੇਟ ਤੇ ਮੁੱਕਾ ਮਾਰਦੇ ਹੋਏ ਕਿਹਾ, "ਉਹੋ ਸ਼ੀਹਾਂ ਸਿੰਘਾ ਮੂਰਖਾ, ਤੂੰ ਕਾਹਨੂੰ ਕਲਪਦਾ ਏਂ? ਜਿਹੜੇ ਗਹਿਣੇ ਤੂੰ ਨੰਬਰਦਾਰ ਦੀ ਹਵੇਲੀ ਵਿਚੋਂ ਲੁਟ ਕੇ ਲਿਆਂਦੇ ਸਨ ਤੂੰ ਕਿਹੜੇ ਕੋਲ ਰਖ ਛਡੇ ਸਨ? ਤੂੰ ਵੀ ਤੇ ਉਨ੍ਹਾਂ ਨੂੰ ਦਾਨ ਹੀ ਦੇ ਛਡਿਆ ਸੀ, ਵੰਡ ਹੀ ਛਡਿਆ ਸੀ।"

ਤੇ ਉਹ ਪੰਜ ਕਲਿਆਨ ਕਟੀ ਦੀ ਨਵੀਂ ਬਣੀ ਪੰਜ ਕਲਿਆਨ ਮਾਂ ਨੂੰ ਗੁੜ ਦੀਆਂ ਰੋੜੀਆਂ ਖਵਾਣ ਲਗ ਪਿਆ।

ਅੰਤਿਕਾ

੧੩. ਉੱਚੀ ਅੱਡੀ ਵਾਲੀ ਗੁਰਗਾਬੀ
੧੪. ਹਵਾਲਦਾਰ ਦੀ ਵਹੁਟੀ
੧੫. ਮੈਂ ਬੜਾ ਬੇਵਕੂਫ ਹਾਂ
੧੬. ਮਾਰਿਆ ਮੂੰਜੀ
੧੭. ਵਢ ਵਿੱਚ ਇਕ ਸਵੇਰ
੧੮. ਮਾਣੂ ਮਲਿਆਰ
੧੯. ਵਜ਼ੀਰਾਬਾਦ ਦੇ ਸਟੇਸ਼ਨ ਤੇ
੨੦. ਰਾਣੀ ਭੈਣ
੨੧. ਪੁਣਛ ਦੇ ਪੁੱਤਰ
੨੨. ਮਾਮੂ ਟੂਟਣਾ
੨੩. ਪਿੱਪਲ ਪਤੀਆਂ
੨੪. ਸਤੀ
੨੫. ਭ
੨੬. ਬੰਧਨ
੨੭. ਸਾਈਕਲ ਫਿਰ ਪੰਚਰ
੨੮. ਪੱਥਰ
੨੯. ਕਹਾਣੀ ਲੇਖਕ
੩੦. ਗੁਲਾਮ
੩੧. ਮਨ ਮਾਰੇ
੩੨. ਖਰੀਂਢ
੩੩. ਬੁਖਾਰ ਵਿੱਚ
੩੪. ਮੈਂ ਆਪ ਇਕ ਕਹਾਣੀ ਹਾਂ
੩੫. ਮਾਂ
੩੬. ਬਰਥ ਕੰਟਰੋਲ

੩੭. ਪੇਟ ਦਰਦ
੩੮. ਡੰਗਰ
੩੯. ਸ਼ੌਂਸਪੀਰ ਦੇ ਸ਼ਹਿਰ ਵਿੱਚ
੪੦. ਗੱਡੀ ਟੁਰ ਗਈ
੪੧. ਬੁਜ਼ਦਿਲ
੪੨. ਮੈਂ ਭੁਖਾ ਹਾਂ
੪੩. ਮਾਮਾ ਜੀ
੪੪. ਕਾਫ਼ਲੇ
੪੫. ਅੱਗ ਲਗ ਗਈ ਹੈ
੪੬. ਰੇਖਾ
੪੭. ਸ਼ਾਹੀ
੪੮. ਇਕ ਤਾਰਾ ਟੁਟ ਗਿਆ ਹੋਰ
੪੯. ਸਹੁਰੀ
੫੦. ਪਧਰ ਹੋਣ ਤੋਂ ਪਹਿਲੇ
੫੧. ਗੁਰੂ ਦੀ ਨਗਰੀ ਵਿੱਚ
੫੨. ਅਗ ਖਾਣ ਵਾਲੇ
੫੩. ਕਾਲੋ
੫੪. ਤੂੰ ਖਾ
੫੫. ਪਾਕਿਸਤਾਨ ਹਮਾਰਾ ਹੈ
੫੬. ਝੂਠ ਵਰਗਾਂ ਸੱਚ
੫੭. ਗਿੱਦੜ ਸਿੰਗੀ
੫੮. ਫੁਰਮਾਨ
੫੯. ਅਮਾਨਤ
੬੦. ਪਹਿਲਵਾਨ

੬੧. ਦੀਪਕ
੬੨. ਸਾਡੇ ਘਰ ਡਾਕਾ
੬੪. ਇਕ ਬਕਰੋਟੀ ਤੇ ਤਿੰਨ ਹਿੰਦੁਸਤਾਨੀ
੬੪. ਅੱਲਾਦਿੱਤਾ ਦੇ ਨਾਂ
੬੫. ਲਾਜਵੰਤੀ
੬੬. ਰਾਜਹੰਸ ਨਹੀਂ ਮਰਿਆ
੬੭. ਨਵਾਂ ਘਰ
੬੮. ਉਸਦੀਆਂ ਚੂੜੀਆਂ
੬੯. ਠੇਕੇਦਾਰ
੭੦. ਬਿੱਸੂ ਤੇ ਬਿੱਸੂ ਦੇ ਪੁੱਤਰ
੭੧. ਘੁਘੀਆਂ ਦਾ ਜੋੜਾ
੭੨. ਜੱਨਤ ਨਜ਼ੀਰ
੭੩. ਲਾਲੀ
੭੪. ਕਸ਼ਮੀਰ ਦਾ ਮਸਲਾ
੭੫. ਜੀਵਨ ਕੀ ਹੈ
੭੬. ਦੋਸਤੀ-ਰਾਂਸਤੀ
੭੭. ਕੀਮਤਾਂ ਦਾ ਫਰਕ
੭੮. ਰੱਬ ਤੇ ਰੇਡੀਓ
੭੯. ਸੁੰਦਰ ਮਾਊਚਾਲਾਂ
੮੦. ਲਿਖਤੁਮ ਲਾਜਵੰਤੀ
੮੧. ਚਕਮਾਕ
੮੨. ਕਹਾਣੀ ਕਿਵੇਂ ਬਣੀ
੮੩. ਜਾਦੂ
੮੪. ਸ਼ਰਾਬ ਦੀ ਬੋਤਲ

੮੫. ਨਵਾਂ ਆਦਮੀ
੮੬. ਤਾਈ ਛੱਤੀ
੮੭. ਸੁੰਦਰੀ
੮੮. ਪੰਜ ਵਰ੍ਹੇ ਬਾਅਦ
੮੯. ਨਵੀਂ ਸਾਂਝ
੯੦. ਖੱਟੀ ਲੱਸੀ
੯੧. ਟੋਏ ਟਿੱਬੇ
੯੨. ਲੜਾਈ ਨਹੀਂ
੯੩. ਤਾਈ ਪਾਰਬਤੀ
੯੪. ਮਾਵੀਂ ਰਾਮ ਪਿਆਰੀ
੯੫. ਭੇਣ ਦਾ ਭਰਾ
੯੬. ਬਿਹਾਰੀ
੯੭. ਬਜੀ ਵਡੇ
੯੮. ਇਨਸਾਨੀਅਤ
੯੯. ਪਰਦੇਸੀ
੧੦੦. ਪਿਉ-ਪੁੱਤਰ
੧੦੧. ਸ਼ਾਮ ਸੁੰਦਰ

۹۱۲۳۹۷